
20/-

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥

Monthly Atam Marg Magazine

April 2006

# ਆਤਮ ਮਾਰਗ



ਦਸ਼ਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ 1699 ਦੀ ਵਿਸਾਖੀ ਵਾਲੇ ਦਿਨ ਖਾਲਸਾ ਪੰਥ ਦੀ ਸਾਜਨਾ ਕਰਨ ਸਮੇਂ ਨੰਗੀ ਤਲਵਾਰ ਲੈ ਕੇ ਸੰਗਤਾਂ ਵਿੱਚੋਂ ਸੀਸ ਦੀ ਮੰਗ ਕਰਦੇ ਹੋਏ।

Vishav Gurmat Roohani Mission Charitable Trust, Ratwara Sahib

ਸਾਲ ਬਾਰ੍ਹਵਾਂ ਅੰਕ ਪਹਿਲਾ, ਮਹੀਨਾ ਅਪ੍ਰੈਲ 2006

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ, ਰਤਵਾੜਾ ਸਾਹਿਬ

ਫਾਉਂਡਰ ਚੇਅਰਮੈਨ : ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਚੇਅਰਪਰਸਨ : ਬੀਬੀ ਰਣਜੀਤ ਕੌਰ ਜੀ


**FOREIGN (ਵਿਦੇਸ਼) CONTACT NO.**

PGDTM


**U.S.A. - Baba Satnam Singh ji Atwal**
Phone and Fax : 408-263-1844

**Canada - Bhai Sarmukh Singh Pannu**
Phone - 604-433-0408

**Bibi Sukhvinder Kaur Bains**
Phone : 403-270-3387

**England - Bibi Gurbax Kaur / Jagtar Singh Jagi**
Phone : 0121-200-2818
Fax : 0121-200-2879, **Raj Mobile** : 07968734058

**Holland - Bhai Amrik Singh ji**
Phone : 624-695-753,
Fax : 765-426-805 /765-715-821

**Australia - Bhai Jiwan Singh ji**
Phone : 03-943-65865, Fax : 03-943-65867


**SUBSCRIPTION FOREIGN (ਵਿਦੇਸ਼)**

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |


**Postal Address for 'ATAM MARG' Enquiry, Money Order & correspondence**

Head Office 'Atam Marg' Gurdwara Ishar Parkash, Ratwara Sahib (Near Chandigarh) P.O. Mullanpur Garibdas, Teh. Kharar,
Distt. Ropar-140901 Pb. India.

**Office 'Atam Marg' Ph. No. - 0160-2255002, 2255009**

**Gurdwara Ishar Parkash Ratwara Sahib - 0160-2255001**

**For more information please visit us on internet at:-**

**,Email : atammarg1@yahoo.co.in**

Website: www.ratwarasahib.org
www.atammarguk.com



***ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।***



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲਾ ਰੋਪੜ ਤੋਂ ਪ੍ਰਕਾਸ਼ਿਤ ਕੀਤਾ।


## ਤੱਤਕਰਾ


| | |
|---|---|
| 1.ਸੰਪਾਦਕੀ | 2 |
| 2.ਖਾਲਸੇ ਦੀ ਸਿਰਜਨਾ | 3 |
| 3. ਚਉਥੈ ਪਹਿਰ ਸਬਾਹ ਕੈ | 18 |
| 4. ਸੰਤ ਬਿਮਲਾ ਸਿੰਘ | 20 |
| 5. ਸੰਤ ਬਾਬਾ ਬਲਵੰਤ ਸਿੰਘ ਜੀ (ਸ੍ਰੀ ਮਾਨ ਰਾੜਾ ਸਾਹਿਬ) | 26 |
| 6. ਰਤਵਾੜਾ ਸਾਹਿਬ ਸੰਤ ਸੰਮੇਲਨ | 29 |
| 7. ਜੀਵਨ ਮਨੋਰਥ | 38 |
| 8. ਹਿਮਾਲੀਅਨ ਯੋਗੀ ਕਾ ਸੰਗ | 48 |
| 9. ਰਿਸ਼ੀਆਂ ਮੁਨੀਆਂ ਦਾ ਬ੍ਰਹਮ ਗਿਆਨ | 55 |
| 10. ਚੜ੍ਹਦੀ ਕਲਾ | 61 |


**SUBSCRIPTION - ਚੰਦਾ - (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 220/- | 2020/- | (For outstation cheques) |

### ਸੰਪਰਕ ਨੰ. ਰਤਵਾੜਾ ਸਾਹਿਬ

| | |
|---|---|
| ਪਰਮ ਸਤਿਕਾਰ ਯੋਗ ਬੀਜੀ | 9417214381 |
| 'ਆਤਮ ਮਾਰਗ' ਮੈਗਜ਼ੀਨ ਨਾ ਮਿਲਣ ਤੇ ਕਿਸੇ ਵੀ ਟਾਈਮ ਸੰਪਰਕ ਨੰਬਰ | - 9417214391,80,79 |
| ਅਖੰਡਪਾਠ ਬੁਕਿੰਗ | 9417214386 |
| ਸਕੂਲ ਟਰਾਂਸਪੋਰਟ | 9417214384 |
| ਆਈ.ਟੀ. ਕਾਲਜ | 9417214382 |
| ਆਡੀਓ ਵੀਡੀਓ ਲਾਇਬ੍ਰੇਰੀ | 9417214385 |

**ਅੰਮ੍ਰਿਤ ਬਾਣੀ ਸਕਾਈ ਟੀ.ਵੀ. ਸੈਟੇਲਾਈਟ ਚੈਨਲ 926 ਤੇ ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਦਾ ਕੀਰਤਨ ਨਿਮਨ ਅਨੁਸਾਰ ਹੈ -**

**ਐਤਵਾਰ ਸਵੇਰੇ 10.00 ਵਜੇ ਤੋਂ 11.00 ਵਜੇ ਤੱਕ**

**ਸੋਮਵਾਰ ਸ਼ਾਮ 7.00 ਵਜੇ ਤੋਂ ਸ਼ਾਮ 8.00 ਵਜੇ ਤੱਕ**

**ਯੂ.ਕੇ. ਸਮੇਂ ਅਨੁਸਾਰ ਸੁਣਿਆ ਜਾ ਸਕਦਾ ਹੈ।**

ਬਾਬਾ ਜੀ ਦੇ ਕੀਰਤਨ ਨੂੰ ਪੂਰੇ ਵਿਸ਼ਵ ਵਿਚ www.amritbani.com ਤੋਂ ਸੁਣਿਆ ਜਾ ਸਕਦਾ ਹੈ। ਆਪਣਾ ਸਮਾਂ ਯੂ.ਕੇ. ਸਮੇਂ ਅਨੁਸਾਰ ਨਿਰਧਾਰਤ ਕਰੋ।

**ਜਾਰੀ ਕਰਤਾ - ਆਤਮ ਮਾਰਗ ਸਪਿਰਚੂਅਲ ਸਾਇੰਟਿਫਿਕ ਐਜੂਕੇਸ਼ਨਲ ਚੈਰੀਟੇਬਲ ਟਰਸਟ, ਯੂ.ਕੇ.**

# ਸੰਪਾਦਕੀ

1699 ਦੀ ਵਿਸਾਖੀ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਖਾਲਸੇ ਦੀ ਸਿਰਜਨਾ ਹੋਣ ਨਾਲ ਮਨੁੱਖਤਾ ਦੇ ਇਤਿਹਾਸ ਵਿਚ ਇਕ ਨਵਾਂ ਕਾਂਡ ਲਿਖਿਆ ਗਿਆ। ਵਿਸ਼ੇਸ਼ ਕਰਕੇ ਇਸ ਦਿਨ ਭਾਰਤ ਦੀ ਸਭਿਅਕ, ਸੰਸਕ੍ਰਿਤਕ, ਸਮਾਜਿਕ, ਧਾਰਮਿਕ ਤੇ ਰਾਜਨੀਤਕ ਖੇਤਰ ਵਿਚ ਇਕ ਮਹਾਨ ਕ੍ਰਾਂਤੀ ਨੇ ਜਨਮ ਲਿਆ। ਖਾਲਸੇ ਦੀ ਸਿਰਜਨਾ ਕੋਈ ਛੋਟੀ ਆਮ ਘਟਨਾ ਨਹੀਂ ਸੀ ਜਿਸ ਨੂੰ ਭਾਰਤ ਦਾ ਇਤਿਹਾਸ, ਸਗੋਂ ਕੁਲ ਮਨੁੱਖਤਾ ਦਾ ਇਤਿਹਾਸ ਅੱਖੋਂ ਓਹਲੇ ਕਰ ਸਕਦਾ ਹੈ ਜਾਂ ਇਸ ਨੂੰ ਇਕ ਸਿੱਖ ਧਰਮ ਵਿਚ ਵਾਪਰੀ ਇਕ ਘਟਨਾ ਗਰਦਾਨਿਆਂ ਜਾ ਸਕਦਾ ਹੈ। ਅੱਜ ਜਿਵੇਂ ਮਨੁੱਖਤਾ ਅੰਤਰਰਾਸ਼ਟਰੀ ਅਤੇ ਗਲੋਬਲ ਵਾਤਾਵਰਣ ਵਿਚ ਇਕ-ਮਿਕ ਹੋ ਰਹੀ ਹੈ, ਸਾਂਝਾ ਵੱਧ ਰਹੀਆਂ ਹਨ, ਭੂਗੋਲਿਕ ਹੱਦ-ਬੰਦੀਆਂ ਪਾਰ ਕਰਕੇ ਮਨੁੱਖ ਦੀ ਸਮੁੱਚੀ ਹੋਣੀ ਨੂੰ ਵੀਚਾਰਿਆ ਜਾ ਰਿਹਾ ਹੈ ਤਾਂ ਇਹ ਘਟਨਾ ਹੋਰ ਵੀ ਮਹੱਤਵਪੂਰਣ ਹੋ ਨਿਬੜਦੀ ਹੈ। ਇਕ ਪਾਸੇ ਆਰਥਕ ਪੱਖੋਂ ਅੱਗੇ ਵਧੇ ਦੇਸ਼, ਮਾੜੇ ਦੇਸ਼ਾਂ ਦੀ ਗਰੀਬੀ ਦੂਰ ਕਰਨ ਲਈ ਅੱਗੇ ਵੱਧ ਰਹੇ ਹਨ, ਸੰਸਾਰ ਭਰ ਵਿਚ ਫੈਲ ਰਹੀਆਂ ਭਿਆਨਕ ਬੀਮਾਰੀਆਂ ਦੂਰ ਕਰਨ ਲਈ ਸਰਕਾਰੀ ਤੇ ਗੈਰ ਸਰਕਾਰੀ ਸੰਸਥਾਵਾਂ ਯਤਨਸ਼ੀਲ ਹੋ ਰਹੀਆਂ ਹਨ, ਰਾਜਨੀਤਕ ਤੇ ਵਪਾਰਕ ਸਾਂਝਾਂ ਵਧ ਰਹੀਆਂ ਹਨ ਤਾਂ ਦੂਜੇ ਬੰਨੇ ਚਿੰਤਕ ਸਰਬ ਮਨੁੱਖਤਾ ਨੂੰ ਹੋਰ ਚੰਗੇਰਾ, ਹੋਰ ਸੁਹਿਰਦ, ਆਪਸੀ ਪਿਆਰ-ਸਾਂਝਾ ਵਿਚ ਬੰਨਣ ਵਿਚ ਯਤਨਸ਼ੀਲ ਹਨ ਤਾਕਿ ਮਨੁੱਖ ਦੀ ਮਨੁੱਖ ਪ੍ਰਤੀ ਨਫਰਤ, ਘਿਰਣਾ ਤੇ ਵੈਰ ਵਿਰੋਧ ਖਤਮ ਹੋਵੇ ਤੇ ਸਾਂਝ ਵਧੇ। ਉਸ ਦੇ ਡਰ, ਫਿਕਰ, ਵਹਿਮ ਦੂਰ ਹੋਣ ਤੇ ਉਹ ਖੁਸ਼ੀ ਭਰਿਆ, ਸੁਤੰਤਰਤਾ ਵਾਲਾ ਵਧੀਆ ਜੀਵਨ ਮਾਣ ਸਕੇ। ਇਹ ਸਾਰੇ ਯਤਨ ਇਕ ਵਧੀਆ, ਖਾਲਸ, ਨਿਰਮਲ ਇਨਸਾਨ ਘੜਨ ਦੇ ਯਤਨ ਹਨ। ਐਸਾ ਹੀ ਇਕ ਕਮਾਲ ਦਾ ਮਹਾਨ ਯਤਨ 1699 ਦੀ ਵਿਸਾਖੀ ਨੂੰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵਿਸਾਖੀ ਵਾਲੇ ਦਿਨ ਕੀਤਾ ਜਦੋਂ ਖਾਲਸੇ ਦੀ ਸਿਰਜਨਾ ਰਾਹੀਂ ਇਕ ਨਵੇਂ ਮਨੁੱਖ ਦੀ ਘਾੜਤ ਘੜੀ ਗਈ, ਜੋ ਸਾਰੀ ਮਨੁੱਖਤਾ ਦਾ ਮਾਣ ਸੀ, ਅੰਦਰੋਂ ਬਾਹਰੋਂ ਨਿਰਮਲ, ਜਾਤ ਪਾਤ, ਉਚ ਨੀਚ, ਰੰਗ ਰੂਪ ਦੇ ਵਿਤਕਰਿਆਂ ਤੋਂ ਪਾਕ, ਅੰਦਰੋਂ ਵਾਹਿਗੁਰੂ ਜੋਤ ਨਾਲ ਜੁੜਿਆ ਸੰਤ, ਬਾਹਰੋਂ ਜ਼ੁਲਮ ਸਿਤਮ ਨਾਲ ਜੂਝਣ ਵਾਲਾ ਸਿਪਾਹੀ, ਸਾਬਤ-ਸੂਰ, ਵਾਹਿਗੁਰੂ ਬਖਸ਼ਿਸ਼ ਨੂੰ ਸੰਭਾਲਣ ਵਾਲਾ ਉਤਮ ਸਰੂਪ ਦਾ ਧਾਰਨੀ, ਕਿਰਤੀ, ਦਸਾਂ ਨਵਾਂ ਦੀ ਕਿਰਤ ਕਰਕੇ ਵੰਡ ਛਕਣ ਵਾਲਾ ਇਨਸਾਨ, ਸਾਰੀ ਮਨੁੱਖਤਾ ਦੇ ਦੁਖ ਦਰਦ ਵੰਡਣ ਵਾਲਾ ਪਰਉਪਕਾਰੀ ਜੀਵ, ਸਾਰੇ ਮਨੁੱਖਾਂ ਨੂੰ, ਸਾਰੇ ਧਰਮਾਂ ਨੂੰ, ਸਾਰੇ ਦੇਸ਼ਾਂ ਨੂੰ ਪਿਆਰਨ ਵਾਲਾ ਅੰਤਰ-ਰਾਸ਼ਟਰੀ ਧਾਰਨਾਵਾਂ ਵਾਲਾ ਪਵਿੱਤਰ ਮਨੁੱਖ। ਹਉਮੈ ਤੋਂ ਪਾਕ, ਨਿਮਰ, ਗੁਰੂ ਘਰ ਦਾ ਸੇਵਕ ਅਤੇ ਸਾਰੀ ਕਾਇਨਾਤ ਨੂੰ ਵਾਹਿਗੁਰੂ ਦੀ ਕਿਰਤ ਮੰਨ ਕੇ ਉਨ੍ਹਾਂ ਦੇ ਦੁਖਾਂ ਦਰਦਾਂ ਦਾ ਭਾਈਵਾਲ। ਗੁਰੂ ਜੀ ਨੇ ਇਸ ਨੂੰ 'ਖਾਲਸਾ' (ਪਵਿੱਤਰ) ਕਹਿ ਕੇ ਸਤਿਕਾਰਿਆ, 'ਅਕਾਲ-ਪੁਰਖ ਦੀ ਫੌਜ' ਕਿਹਾ ਤੇ ਸਦਾ-ਸਦਾ ਲਈ 'ਫਤਹਿ' ਜਿਤ ਇਸ ਦੀ ਝੋਲੀ ਵਿਚ ਪਾਈ ਤੇ ਚੜ੍ਹਦੀ ਕਲਾ ਦਾ ਇਹ ਬੋਲ ਸਾਂਝਾ ਕਰਨ ਦਾ ਉਪਦੇਸ਼ ਦਿਤਾ -

***ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ।***

ਐਸੇ ਆਦਰਸ਼ਕ ਪਰਮ ਮਨੁੱਖ ਦੀ ਘਾੜਤ ਅੱਜ ਸੰਸਾਰ ਦੇ ਮਹਾਨ ਲੋਕਾਂ ਦੀ ਸੋਚ ਬਣ ਰਹੀ ਹੈ। ਇਹ ਸੋਚ ਭਾਰਤ ਵਿਚ 500 ਸਾਲ ਪਹਿਲਾਂ ਗੁਰੂ ਨਾਨਕ ਦੇਵ ਦੀ ਸੋਚ ਬਣੀ। ਉਨ੍ਹਾਂ ਨੇ ਭਾਰਤੀ ਸਮਾਜ ਤੇ ਸਮੂੰਹ ਧਰਮਾਂ ਵਿਚ ਕ੍ਰਾਂਤੀ ਲਿਆਂਦੀ। ਪਿਛਲੇ ਪੰਜ ਹਜ਼ਾਰ ਸਾਲਾਂ ਤੋਂ ਭਾਰਤੀ ਸਮਾਜ ਉਚ ਨੀਚ ਦੀ, ਨਫਰਤ, ਈਰਖਾ ਵਿਚ ਖੰਡ-ਖੰਡ, ਖੇਰੂੰ-ਖੇਰੂੰ ਹੋਇਆ ਨਕਰਾਂ ਦੀ ਅੱਗ ਵਿਚ ਝੁਲਸ ਰਿਹਾ ਸੀ। ਸਾਰੇ ਕਿਰਤੀ, ਕਾਮੇ, ਦਸਾਂ ਨਹੁੰਆਂ ਦੀ ਕਿਰਤ ਕਰਨ ਵਾਲੇ ਚੂਹੜੇ, ਚਮਾਰ, ਤਰਖਾਣ, ਸ਼ੂਦਰ ਆਦਿ ਗਰਦਾਨੇ ਗਏ, ਮੁਫਤ-ਖੋਰੇ ਵਿਹਲੜ ਬ੍ਰਾਹਮਣ ਬਣ ਬੈਠੇ ਜਿਨ੍ਹਾਂ ਦਾ ਕੰਮ ਧਾਰਮਿਕ ਰਸਮਾਂ ਕਰਮਕਾਂਡਾਂ ਰਾਹੀਂ ਨੀਵੀਆਂ ਜਾਤਾਂ ਦੇ ਕਿਰਤੀਆਂ ਕਾਮਿਆਂ ਦਾ ਸੋਸ਼ਨ ਸੀ। ਦੇਸ਼ ਸਮਾਜ ਦੀ ਰੱਖਿਆ ਕਰਨ ਵਾਲੇ ਖਤਰੀ ਵੀ ਬ੍ਰਾਹਮਣ ਦੇ ਅਧੀਨ ਹੀ ਕਿਰਿਆਸ਼ੀਲ ਹੁੰਦੇ ਸੀ। ਅੱਜ ਭਾਵੇਂ ਹਿੰਦੁਸਤਾਨ ਨੂੰ ਆਜ਼ਾਦ ਹੋਇਆਂ 60 ਸਾਲ ਹੋ ਗਏ ਹਨ, ਭਾਰਤੀ ਵਿਧਾਨ ਵਿਚ ਇਹ ਛੂਤ-ਛਾਤ ਉਚ-ਨੀਚ ਮੰਨਣ ਦੀ ਮਨਾਹੀ ਹੈ ਪਰ ਇਸ ਦਾ ਵਰਤਾਰਾ ਪ੍ਰਤੱਖ ਤੌਰ ਤੇ ਭਾਰਤੀ ਸਮਾਜ ਵਿਚ ਅੱਜ ਵੀ ਵੇਖਿਆ ਜਾ ਸਕਦਾ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਰਾਹੀਂ, ਸਾਂਝੀ ਸੰਗਤ ਤੇ ਪੰਗਤ ਰਾਹੀਂ ਇਸ ਦੀਰਘ ਬੀਮਾਰੀ ਦਾ ਇਲਾਜ ਕੀਤਾ, ਭਾਰਤੀ ਸਮਾਜ ਨੂੰ ਹਜ਼ਾਰਾਂ ਦੇਵੀ ਦੇਵਤਿਆਂ ਦੀ ਕ੍ਰੋਪੀ ਤੋਂ ਕੱਢ ਕੇ ਇਕ ਪ੍ਰਭੂ ਦੀ ਭਗਤੀ ਨਾਲ ਜੋੜਿਆ। ਦਸ ਗੁਰੂ ਸਾਹਿਬਾਨ ਨੇ ਇਸ ਤੇ ਪਹਿਰਾ ਦਿਤਾ ਤੇ 1699 ਦੀ ਵਿਸਾਖੀ ਵਾਲੇ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਨੂੰ ਅਸਲੀ ਜਾਮਾ ਪਹਿਨਾ ਦਿਤਾ। ਸੀਸ ਅਰਪਨ ਕਰਨ ਲਈ ਪੰਜ ਗੁਰਸਿੱਖ ਨਿਤਰੇ, ਪੰਜਾਂ ਵਿਚ ਚਾਰ ਪਿਆਰੇ ਇਨ੍ਹਾਂ ਕਥਿਤ ਛੋਟੀਆਂ ਜਾਤਾਂ ਵਿਚੋਂ ਸਨ। ਇਹ ਗੁਰੂ ਦੇ ਪਿਆਰੇ ਬਣੇ ਤੇ ਇਨ੍ਹਾਂ ਪੰਜਾਂ ਤੋਂ ਗੁਰੂ ਜੀ ਨੇ ਆਪ ਅੰਮ੍ਰਿਤਪਾਨ ਕਰਕੇ ਭਾਰਤ ਦੇ ਇਸ ਛੂਤ-ਛਾਤ, ਉਚ ਨੀਚ, ਜਾਤਾਂ ਪਾਤਾਂ, ਸ਼੍ਰੇਣੀਆਂ ਦੇ ਕੋਹੜ ਦੀ ਜੜ੍ਹ ਪੁੱਟ ਦਿਤੀ। ਖਾਲਸਾ 'ਮਾਨਸ ਕੀ ਜਾਤਿ ਸਭੈ ਏਕੈ ਪਹਿਚਾਨਬੋ' ਦਾ ਧਾਰਨੀ ਬਣਿਆ। ਸਭ

(ਬਾਕੀ ਪੰਨਾ 37 ਤੇ)

# ਖਾਲਸੇ ਦੀ ਸਿਰਜਨਾ

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ***

ਸਾਧਸੰਗਤ ਜੀ! ਜਿੰਨੇ ਵੀ ਪ੍ਰੇਮੀ ਬੈਠੇ ਹੋਂ, ਆਪਣੇ ਜੀਵਨ ਦੇ ਅੰਦਰ ਬਹੁਤ ਵੱਡਾ ਉਤਸਵ ਮਨਾਉਣ ਵਾਸਤੇ ਤੁਸੀਂ ਦੂਰ-ਦਰਾਜ ਤੋਂ, ਸੌ ਸੌ ਮੀਲ, ਦੋ ਦੋ ਸੌ ਕਿਲੋਮੀਟਰ, ਇਸ ਤੋਂ ਵੀ ਦੂਰ ਤੋਂ ਆਏ ਹੋਏ ਪ੍ਰੇਮੀ ਬੈਠੇ ਨੇ। ਨੇਤਰਾਂ ਦੇ ਨਾਲ ਗੁਰੂ ਸਰੂਪ ਦਾ ਧਿਆਨ ਧਰੋ, ਕੰਨਾਂ ਦੇ ਨਾਲ ਬਾਨੀ ਸਰਵਣ ਕਰੋ, ਬੁੱਧੀ ਦੇ ਨਾਲ ਵਿਚਾਰ ਕੇ ਹਿਰਦੇ 'ਚ ਧਾਰਨ ਕਰੋ, ਐਵੇਂ ਨਾ ਕੋਈ ਗੱਲ ਮੰਨਣਾ। ਦੇਖੋ ਕਿ ਇਹ ਕਸਵੱਟੀ ਦੇ ਉਤੇ, ਤਰਕ ਦੇ ਉਤੇ ਪੂਰੀ ਉਤਰਦੀ ਹੈ, ਫੇਰ ਉਹਨੂੰ ਹਿਰਦੇ 'ਚ ਵਸਾ ਲਓ, ਫੇਰ ਨਾ ਛੱਡਿਓ।

ਫਲ ਕਿੰਨਾ ਹੈ ਜਦੋਂ ਤੋਂ ਘਰ ਤੋਂ ਚੱਲੇ ਹੋਂ, ਹਰ ਕਦਮ ਦਾ ਫਲ ਇਕ ਅਸੁਮੇਧ ਜੱਗ ਦੇ ਫਲ ਬਰਾਬਰ ਮਿਲ ਰਿਹਾ ਹੈ। ਐਡਾ ਪੁੰਨ ਹੋ ਹੀ ਨਹੀਂ ਸਕਦਾ ਕਦੇ -

***ਕਈ ਕੋਟਿਕ ਜਗ ਫਲਾ***
***ਸੁਣਿ ਗਾਵਨਹਾਰੇ ਰਾਮ॥ ਅੰਗ - 546***

ਉਹ ਫਲ ਦਾ ਪਤਾ ਕਿਵੇਂ ਲੱਗੇਗਾ, ਸ਼ਾਂਤੀ ਵਰਤ ਜਾਏਗੀ। ਜੋ ਵਿਘਨ ਘੁੰਮਦੇ ਫਿਰਦੇ ਨੇ ਅਸਮਾਨ ਦੇ ਅੰਦਰ ਇਹ ਦੂਰ ਹੋ ਜਾਣਗੇ। ਸੰਸਾਰ ਦਾ ਭਲਾ ਹੋ ਜਾਏਗਾ।

***ਪਾਰਬ੍ਰਹਮੁ ਹੋਆ ਸਹਾਈ***
***ਕਥਾ ਕੀਰਤਨੁ ਸੁਖਦਾਈ॥***
***ਗੁਰ ਪੂਰੇ ਕੀ ਬਾਣੀ ਜਪਿ***
***ਅਨਦੁ ਕਰਹੁ ਨਿਤ ਪ੍ਰਾਣੀ॥***
***ਹਰਿ ਸਾਚਾ ਸਿਮਰਹੁ ਭਾਈ॥***
***ਸਾਧਸੰਗਿ ਸਦਾ ਸੁਖੁ ਪਾਈਐ***
***ਹਰਿ ਬਿਸਰਿ ਨ ਕਬਹੂ ਜਾਈ॥***
***ਅੰਮ੍ਰਿਤ ਨਾਮੁ ਪਰਮੇਸਰੁ ਤੇਰਾ***
***ਜੋ ਸਿਮਰੈ ਸੋ ਜੀਵੈ॥***
***ਜਿਸ ਨੋ ਕਰਮਿ ਪਰਾਪਤਿ ਹੋਵੈ***
***ਸੋ ਜਨੁ ਨਿਰਮਲੁ ਥੀਵੈ॥***
***ਬਿਘਨ ਬਿਨਾਸਨ ਸਭਿ ਦੁਖ ਨਾਸਨ***
***ਗੁਰ ਚਰਣੀ ਮਨੁ ਲਾਗਾ॥***
***ਗੁਣ ਗਾਵਤ ਅਚੁਤ ਅਬਿਨਾਸੀ***
***ਅਨਦਿਨੁ ਹਰਿ ਰੰਗਿ ਜਾਗਾ॥***
***ਮਨ ਇਛੇ ਸੇਈ ਫਲ ਪਾਏ***
***ਹਰਿ ਕੀ ਕਥਾ ਸੁਹੇਲੀ॥***
***ਆਦਿ ਅੰਤਿ ਮਧਿ ਨਾਨਕ ਕਉ***
***ਸੋ ਪ੍ਰਭੁ ਹੋਆ ਬੇਲੀ॥ ਅੰਗ - 617***

ਸਾਧਸੰਗਤ ਜੀ ਗੱਜ ਕੇ ਬੋਲਣਾ ਸਤਿਨਾਮ-ਸ੍ਰੀ ਵਾਹਿਗੁਰੂ। ਗੁਰੂ ਮਹਾਰਾਜ ਨੇ ਬਹੁਤ ਹੀ ਵਚਿੱਤਰ ਗੱਲ ਸਾਡੇ ਸਾਮ੍ਹਣੇ ਰੱਖ ਦਿਤੀ। ਉਹ ਇਹ ਹੈ ਕਿ ਜੋ ਨਾਮ ਜਪਦਾ ਹੈ ਉਹ ਤਾਂ ਜਿਉਂਦਾ ਹੈ, ਜਿਹੜਾ ਨਹੀਂ ਜਪਦਾ ਉਹ ਮੁਰਦਾ ਹੈ। ਅਸੀਂ ਤਾਂ ਇਸ ਗੱਲ ਨੂੰ ਮੰਨਣ ਨੂੰ ਤਿਆਰ ਨਹੀਂ, ਸੱਚੇ ਪਾਤਸ਼ਾਹ! ਅਸੀਂ ਤੁਰਦੇ ਹਾਂ, ਫਿਰਦੇ ਹਾਂ, ਖਾਂਦੇ ਹਾਂ, ਪੀਂਦੇ ਹਾਂ, ਕਮਾਈਆਂ ਕਰਦੇ ਹਾਂ, ਅਸੀਂ ਕਿਵੇਂ ਮੁਰਦੇ ਹੋ ਗਏ? ਮਹਾਰਾਜ ਕਹਿੰਦੇ, ਇਹ ਤਾਂ ਰੋਟੀ ਪਾਣੀ ਨਾਲ ਚੱਲਣ ਵਾਲੀ ਮਸ਼ੀਨ ਹੈ। ਤੇਰੇ ਅੰਦਰ ਨਾਮ ਹੈ, ਉਹ ਨਾਮ ਜਿੰਨਾ ਚਿਰ ਤੇਰੀ ਜ਼ਿੰਦਗੀ ਦੇ ਅੰਦਰ, ਤੇਰੇ ਹਿਰਦੇ ਦੇ ਅੰਦਰ ਨਹੀਂ ਵਸਦਾ, ਓਨਾਂ ਚਿਰ ਤੂੰ ਮੁਰਦਾ ਹੈਂ।

***ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥***
***ਨਾਨਕ ਅਵਰੁ ਨ ਜੀਵੈ ਕੋਇ॥***
***ਜੇ ਜੀਵੈ ਪਤਿ ਲਥੀ ਜਾਇ॥***
***ਸਭੁ ਹਰਾਮ ਜੇਤਾ ਕਿਛੁ ਖਾਇ॥ ਅੰਗ - 143***

ਨਾ ਪੜ੍ਹਿਆ ਲਿਖਿਆ, ਨਾ ਕੋਈ ਵੱਡਾ ਦੁਕਾਨਦਾਰ, ਨਾ ਵੱਡਾ ਬਿਜ਼ਨਸਮੈਨ, ਨਾ ਵੱਡਾ ਲੀਡਰ, ਨਾ ਵੱਡਾ ਰਾਜਾ, ਸਭ ਮਰੇ ਹੋਏ ਬੰਦੇ ਨੇ। ਕੋਈ ਨਹੀਂ ਜਿਉਂਦਾ, ਸਭ ਮਰੇ ਹੋਏ ਨੇ। ਨਾਮ ਤੋਂ ਬਗੈਰ ਜਿੰਨਾਂ ਖਾਣਾ ਹੈ ਸਭ ਹਰਾਮ ਦਾ ਖਾਣਾ ਖਾ ਰਿਹਾ ਹੈ। ਜ਼ਿੰਦਗੀ ਦਾ ਪਤਾ ਨਹੀਂ ਲਗਦਾ। ਅਸੀਂ ਏਸ ਨੂੰ ਜ਼ਿੰਦਗੀ ਸਮਝਦੇ ਹਾਂ ਜਿਸ ਵਿਚ ਅਸੀਂ ਜਾ ਰਹੇ ਹਾਂ। ਪਰ ਮਹਾਰਾਜ ਕਹਿੰਦੇ ਅੱਗੋਂ ਬਹੁਤ ਵਧੀਆ ਜ਼ਿੰਦਗੀ ਪ੍ਰਮੇਸ਼ਰ ਨੇ ਤੈਨੂੰ ਦਿਤੀ ਹੈ, ਜੇ ਤੈਨੂੰ ਨਾਮ ਪ੍ਰਾਪਤ ਹੋਇਆ ਹੈ।

ਹੁਣ ਨਾਮ ਦੀ ਪ੍ਰਾਪਤੀ ਦਾ ਨਹੀਂ ਸਾਨੂੰ ਪਤਾ ਲਗਦਾ ਕਿ ਨਾਮ ਕਿਥੋਂ ਲਈਏ, ਕੋਈ ਦੁਕਾਨ ਹੈ। ਕੋਈ ਕਿਸੇ ਥਾਂ ਨੂੰ ਦੌੜਦਾ ਹੈ, ਕੋਈ ਕਿਸੇ ਥਾਂ ਨੂੰ ਦੌੜਦਾ ਹੈ, ਲੇਕਿਨ ਗੁਰੂ ਘਰ ਦੇ ਅੰਦਰ ਅੱਜ ਦਾ ਦਿਨ ਬਹੁਤ ਮਹਾਨਤਾ ਰੱਖਦਾ ਹੈ ਸਾਧਸੰਗਤ ਜੀ। ਯਾਨਿ ਇਕ ਕੌਮ ਦੇ ਪ੍ਰਗਟ ਹੋਣ ਦਾ ਦਿਨ ਹੈ। ਆਪਣਾ ਜਨਮ ਦਿਨ ਲੋਕ ਮਨਾਉਂਦੇ ਨੇ, ਚਿੱਠੀਆਂ ਭੇਜਦੇ ਨੇ, ਬਹੁਤ ਖਰਚਾ ਕਰਦੇ ਨੇ ਤੇ ਜਿਸ ਕੌਮ ਦਾ ਜਨਮ ਹੋਵੇ? ਉਹ ਬਹੁਤ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ। ਸੋ ਉਹ ਨਾਮ ਗੁਰੂ ਮਹਾਰਾਜ ਨੇ ਪਹਿਲੀਆਂ ਨੌਂ ਪਾਤਸ਼ਾਹੀਆਂ ਤਾਈਂ ਚਰਨਾਮ੍ਰਿਤ ਦੇ ਕੇ ਫੇਰ ਦਿਤਾ ਜਾਂਦਾ ਸੀ। ਉਹਦੇ ਵੀ ਦੋ

ਤਰੀਕੇ ਸੀ। ਇਕ ਮਸੰਦਾਂ ਨੂੰ ਜ਼ਿੰਮੇਵਾਰ ਬਣਾਇਆ ਹੋਇਆ ਸੀ, ਤੁਸੀਂ ਨਾਮ ਦੇ ਦਿਓ ਤੇ ਕੋਈ-ਕੋਈ ਟਾਵਾਂ ਪੁਰਸ਼ ਗੁਰੂ ਕੋਲ ਆਉਂਦਾ ਸੀ, ਜਿਹਨੂੰ ਉਹ ਨਾਮ ਦੇ ਦਿੰਦੇ ਸੀ। ਜਿਹੜੇ ਗੁਰੂ ਤੋਂ ਨਾਮ ਲੈਂਦੇ ਸੀ ਉਹਨੂੰ ਤਾਂ ਕਹਿੰਦੇ ਸੀ ਖਾਲਸਾ, ਜਿਹੜੇ ਮਸੰਦਾਂ ਤੋਂ ਨਾਮ ਲੈਂਦੇ ਸੀ ਉਹਨੂੰ ਕਹਿੰਦੇ ਸੀ ਗੁਰੂ ਕੇ ਸਿੱਖ। ਖਾਲਸਾ ਹੁੰਦਾ ਹੈ ਸਿੱਧਾ ਤੁਅੱਲਕ। ਸੋ ਏਸ ਦਿਨ ਐਡੀ ਵੱਡੀ ਗੱਲ ਹੋਈ ਇਤਿਹਾਸ ਦੇ ਅੰਦਰ, ਸਭ ਹੈਰਾਨ ਨੇ, ਗੁਰੂ ਸਾਹਿਬ ਉਮਰ ਕਿੰਨੀ ਕੁ ਸੀ, ਕੋਈ 32 ਕੁ ਸਾਲ ਦੀ ਸੀ ਤਕਰੀਬਨ, ਇਕ ਬੜੀ ਭਾਰੀ ਕਰਾਮਾਤ ਕਰਕੇ ਦਿਖਾ ਦਿਤੀ ਆਪ ਨੇ। ਆਹ ਕੌਮ ਨੂੰ ਕੋਈ ਤਕਰੀਬਨ ਛੇ ਸੌ ਸਾਲ ਹੋ ਗਏ ਸੀ ਅਧਰੰਗ ਹੋਏ ਨੂੰ, ਹਿੰਦੋਸਤਾਨ ਦੀ ਨੂੰ। ਇਹਦੇ ਉਤੇ ਬਾਰ-ਬਾਰ ਹਮਲੇ ਹੁੰਦੇ ਸੀ, ਕੋਈ ਤਾਕਤ ਨਹੀਂ ਸੀ ਜਿਹੜੀ ਇਹਨੂੰ ਪੈਰਾਂ ਤੇ ਖੜ੍ਹੀ ਕਰ ਦਿੰਦੀ। ਪਰ ਗੁਰੂ ਮਹਾਰਾਜ ਨਾਮ ਦਾ ਤੇ ਅੰਮ੍ਰਿਤ ਦਾ ਦੋ ਇਕੱਠੇ ਇੰਜੈਕਸ਼ਨ ਲਾਏ। ਇਕ ਨਾਮ ਦਿੱਤਾ, ਇਕ ਸ਼ਕਤੀ ਦੇ ਨਾਲ ਜਲ ਮੰਤਰ ਕੇ ਦਿੱਤਾ ਤੇ ਉਸ ਨੂੰ ਅਸੀਂ ਪਾਹੁਲ ਕਹਿੰਦੇ ਸੀ ਉਸ ਵੇਲੇ।

*ਹਰਿ ਸੱਚੇ ਤਖਤ ਰਚਾਇਆ*
*ਸਤਿ ਸੰਗਤਿ ਮੇਲਾ॥*
*ਨਾਨਕ ਨਿਰਭਉ ਨਿਰੰਕਾਰ*
*ਵਿਚਿ ਸਿਧਾਂ ਖੇਲਾ॥*
*ਗੁਰੁ ਸਿਮਰਿ ਮਨਾਈ ਕਾਲਕਾ*
*ਖੰਡੇ ਕੀ ਵੇਲਾ॥*
*ਪੀਵਹੁ ਪਾਹੁਲ ਖੰਡੇਧਾਰ ਹੁਇ ਜਨਮ ਸੁਹੇਲਾ॥*
*ਗੁਰ ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ॥*
*ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥*
*ਸੱਚਾ ਅਮਰ ਗੋਬਿੰਦ ਦਾ ਸੁਣ ਗੁਰੂ ਪਿਆਰੇ॥*
*ਸਤਿ ਸੰਗਤਿ ਮੇਲਾਪ ਕਰਿ ਪੰਚ ਦੂਤ ਸੰਘਾਰੇ॥*
*ਵਿਚਿ ਸੰਗਤਿ ਢੋਈ ਨਾਂ ਲਹਿਨਿ*
*ਜੋ ਖਸਮੁ ਵਿਸਾਰੇ॥*
*ਗੁਰਮੁਖਿ ਮੱਥੇ ਉਜਲੇ ਸੱਚੇ ਦਰਬਾਰੇ॥*
*ਹਰਿ ਗੁਰੁ ਗੋਬਿੰਦ ਧਿਆਈਐ*
*ਸਦ ਅੰਮ੍ਰਿਤ ਵੇਲਾ॥*
*ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥*
***ਭਾਈ ਗੁਰਦਾਸ ਜੀ, ਵਾਰ 41/1***

ਖੰਡੇ ਦੀ ਬੇਲਾ, ਸ਼ਕਤੀ ਦੀ ਬੇਲਾ ਆ ਗਈ, ਪਹਿਲਾਂ ਨਾਮ ਜਪਿਆ ਜਾਂਦਾ ਸੀ। ਤਾਕਤ ਦੀ ਵਰਤੋਂ ਨਹੀਂ ਸੀ ਕੀਤੀ ਜਾਂਦੀ। ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਨੇ ਸਾਰੀ ਸੰਗਤ ਨੂੰ ਖਾਲਸਾ ਕਰ ਦਿਤਾ। ਖਾਲਸਾ ਕੀ ਹੁੰਦਾ ਹੈ, ਸਿੱਧਾ ਸਬੰਧ ਜੋੜ ਲਿਆ। ਆਪ 11 ਮਹੀਨੇ, 11 ਦਿਨ ਇਕਾਂਤ ਵਾਸ ਵਿਚ ਨੈਣਾਂ ਦੇਵੀ ਦੇ ਟਿੱਲੇ ਤੇ ਰਹੇ। ਵਿਚਾਰ ਕੀਤੀ ਕਿ ਕਿਸ ਤਰ੍ਹਾਂ ਦੇ ਨਾਲ ਭਾਰਤ ਵਰਸ਼ ਦੀ ਕਲਿਆਣ ਹੋ ਸਕਦੀ ਹੈ। ਮਨੁੱਖ ਮਾਤਰ ਦੀ ਕਲਿਆਣ ਕਿਵੇਂ ਹੋ ਸਕਦੀ ਹੈ। ਪਹਿਲੀ ਨਿਗ੍ਹਾ ਉਨ੍ਹਾਂ ਦੀ ਵੱਡੇ-ਵੱਡੇ ਸਾਧੂਆਂ ਤੇ ਗਈ, ਵੱਡੇ-ਵੱਡੇ ਜੋ ਉਸ ਵੇਲੇ ਦੇ ਮੱਤ ਸੀ ਸਾਧਾਂ ਦੇ, ਸਾਰਿਆਂ ਤੇ ਨਿਗ੍ਹਾ ਗਈ। ਮਹਾਰਾਜ ਨੇ ਦੇਖਿਆ ਕਿ ਇਹ ਤਾਂ ਬਿਲਕੁਲ ਹੀ ਗਏ ਗੁਜਰੇ ਹੋ ਗਏ ਤੇ ਇਨ੍ਹਾਂ ਵਿਚ ਤਾਕਤ ਨਹੀਂ ਹੈ ਕਿ ਇਹ ਸੰਸਾਰ ਦਾ ਬੋਝ ਚੁੱਕ ਸਕਣ।

ਜੇ ਪੂਰਾ ਸਾਧੂ ਹੋਵੇ ਤਾਂ ਦੁਨੀਆਂ ਦੇ ਦੁਖਾਂ ਦੀ ਪੰਡ ਆਪਣੇ ਸਿਰ ਤੇ ਚੁੱਕ ਸਕਦਾ ਹੈ, ਨਹੀਂ ਤਾਂ ਚੁੱਕ ਨਹੀਂ ਸਕਦਾ। ਸੋ ਆਪ ਨੇ ਦੂਰ ਤੱਕ ਨਿਗ੍ਹਾ ਮਾਰੀ, ਸਾਰੇ ਸਾਧੂ, ਜਿੰਨੇ ਉਸ ਵੇਲੇ ਦੇ ਮੱਤ ਮੰਤਾਂਤਰ ਸਭ ਨੂੰ ਦੇਖਣ ਦੀ ਕੋਸ਼ਿਸ਼ ਕਰੀ ਪਰ ਨਤੀਜਾ ਇਹ ਹੋਇਆ ਕਿ ਸਾਧੂ ਕੋਈ ਨਹੀਂ ਦਿਸਦਾ, ਜੋ ਜਗ ਦਾ ਭਾਰ ਥੰਮ ਲਏ।

*ਸ੍ਰਾਵਗ ਸੁੱਧ ਸਮੂਹ ਸਿਧਾਨ ਕੇ*
*ਦੇਖਿ ਫਿਰਿਓ ਘਰ ਜੋਗ ਜਤੀ ਕੇ॥*
*ਸੂਰ ਸੁਰਾਰਦਨ ਸੁੱਧ ਸੁਧਾਕਿ*
*ਸੰਤ ਸਮੂਹ ਅਨੇਕ ਮਤੀ ਕੇ॥*
*ਸਾਰੇ ਹੀ ਦੇਸ ਕੋ ਦੇਖਿ ਰਹਿਓ*
*ਮਤ ਕੋਊ ਨ ਦੇਖੀਅਤ ਪ੍ਰਾਨਪਤੀ ਕੇ॥*
*ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਹੂ ਤੇ*
*ਏਕ ਰਤੀ ਬਿਨੁ ਏਕ ਰਤੀ ਕੇ॥*
***ਤ੍ਵਪ੍ਰਸਾਦਿ ਸ੍ਵਯੇ***

ਸਾਰੇ ਜਗ੍ਹਾ ਦੇਖਿਆ, ਸੰਨਿਆਸੀ ਦੇ ਦੇਖਿਆ, ਸ੍ਰਾਵਗ ਬੋਧੀਆਂ ਦੇ ਦੇਖੇ, ਜੈਨੀਆਂ ਦੇ ਦੇ ਦੇਖੇ, ਹੋਰ ਮਹਾਤਮਾ ਦੇ ਦੇਖੇ, ਪਰ ਨਿਗ੍ਹਾ ਵਿਚ ਕੋਈ ਨਹੀਂ ਆਉਂਦਾ ਜਿਹੜਾ ਸੰਸਾਰ ਦਾ ਬੋਝ ਚੁੱਕ ਲਏ। ਪਿਤਾ ਦੀ ਸ਼ਹੀਦੀ ਵੀ ਦੇ ਕੇ ਦੇਖ ਲਈ, ਪੜਦਾਦੇ ਨੇ ਸ਼ਹੀਦੀ ਦੇ ਦਿਤੀ, ਸੰਸਾਰ ਦਾ ਬੋਝ ਥੰਮਣ ਵਾਲੇ ਤਾਂ ਕੋਈ ਨਜ਼ਰ ਨਹੀਂ ਆਇਆ। ਸਾਧੂ ਤਾਂ ਇਕ ਪਾਸੇ ਰਿਹਾ, ਮਹਾਰਾਜ ਕਹਿੰਦੇ ਸਾਧੂ ਹੋਣਾ ਤਾਂ ਬਹੁਤ ਉਚਾ ਹੈ, ਜੋ ਕੋਈ ਦੇਖਿਆ, ਮਾਇਆ ਦਾ ਬੰਦਾ ਹੀ ਨਜ਼ਰ ਆਇਆ। ਪ੍ਰਮੇਸ਼ਰ ਦੀ ਬਾਤ ਕੋਈ ਨਹੀਂ ਕਰਦਾ, ਜੇ ਕਰਦਾ ਹੈ ਤਾਂ ਮਾਇਆ ਦੀ ਗੱਲ, ਸਤਿਕਾਰ ਦੇ ਨਾਲ ਕਿਵੇਂ ਰੱਖੀ ਜਾਵੇ, ਕਿਵੇਂ ਵੱਡੇ-ਵੱਡੇ ਆਦਮੀਆਂ ਦਾ ਮਾਣ ਕਰਕੇ ਆਪਣੇ ਬਣਾਇਆ ਜਾਵੇ। ਸੰਸਾਰ ਦੇ ਦੁੱਖ ਨੂੰ ਦੇਖਣਾ, ਕਦੇ ਸੋਚਣਾ, ਗਵਾਰਾ ਹੀ ਨਹੀਂ ਕਰਦਾ। ਇਸ ਪਾਸੇ ਟਾਈਮ ਨਹੀਂ ਦਿੰਦਾ, ਕਹਿੰਦਾ ਸੰਸਾਰ ਮਿਥਿਆ ਹੈ, ਇਹ ਤਾਂ ਹੋਇਆ ਹੀ ਨਹੀਂ। ਐਉਂ ਕਹਿਣ ਤੇ ਤਾਂ ਭਾਈ ਸਰਦਾ ਨਹੀਂ ਹੈ। ਜੇ ਮਿਥਿਆ ਹੈ ਤਾਂ ਤੇਰੀ ਦੇਹ ਵੀ ਮਿਥਿਆ

ਹੈ ਤਾਂ ਇਹਨੂੰ ਲੇਖੇ 'ਚ ਲਾ ਦੇ ਕਿਤੇ। ਮਹਾਰਾਜ ਕਹਿੰਦੇ, ਐਸਾ ਸਮਾਂ ਹੋ ਗਿਆ ਮਾਇਆ ਦੇ ਪੁਜਾਰੀ ਹੋ ਗਏ, ਕੋਈ ਰੱਬ ਦਾ ਪੁਜਾਰੀ ਨਹੀਂ ਰਿਹਾ।

ਕਹਿੰਦੇ, ਗੋਰਖ ਦੇ, ਨਾਥਾਂ ਦੇ ਚਲੇ ਜਾਓ ਉਹ ਕਹਿੰਦੇ ਨੇ ਗੋਰਖ ਹੀ ਸਭ ਕੁਛ ਹੈ, ਹੋਰ ਕੋਈ ਨਹੀਂ ਹੈ। ਜੇ ਤੁਰਕਨ ਵਿਚ ਜਾਵੇ ਕਹਿੰਦੇ ਜਿੰਨੀ ਦੇਰ ਤੱਕ ਤੁਸੀਂ ਇਸਲਾਮ ਧਾਰਨ ਨਹੀਂ ਕਰਦੇ, ਓਨੀ ਦੇਰ ਤੱਕ ਤੁਸੀਂ ਬਹਿਸ਼ਤ ਵਿਚ ਨਹੀਂ ਜਾ ਸਕਦੇ ਕਿਉਂਕਿ ਤੁਹਾਡੀ ਜਮਾਨਤ ਦੇਣ ਵਾਲਾ ਕੋਈ ਨਹੀਂ। ਕਹਿੰਦੇ ਨੇ ਰੱਬ ਤਾਂ ਆਹੀ ਹੈ ਹੋਰ ਨਹੀਂ ਕੋਈ ਨਹੀਂ ਹੈ। ਵਾਹਿਗੁਰੂ ਦੀ ਕੋਈ ਗੱਲ ਨਹੀਂ ਦਸਦੇ। ਜੇ ਜੋਗੀਆਂ ਦੇ ਚਲੇ ਜਾਓ ਕਹਿੰਦੇ ਨੇ ਐਉਂ ਕਰ ਘਰ ਬਾਰ ਸਾਰਾ ਹੀ ਲਿਆ ਕੇ ਇਥੇ ਅਰਦਾਸ ਕਰਾ ਦੇ। ਜੇ ਮਸੰਦਾਂ ਕੋਲ ਚਲੇ ਜਾਓ, ਗੁਰੂ ਮਹਾਰਾਜ ਦੇ ਜਿਹੜੇ ਥਾਂ-ਥਾਂ ਤੇ ਕਾਇਮ ਕਰੇ ਹੋਏ, ਕਹਿੰਦੇ ਨੇ ਸਾਰਾ ਹੀ ਪੈਸਾ ਮੈਨੂੰ ਹੀ ਲਿਆ ਕੇ ਦੇ ਦੇ। ਕੋਈ ਐਸਾ ਨਹੀਂ ਮਿਲਿਆ ਜਿਹੜਾ ਵਾਹਿਗੁਰੂ ਦੀ ਗੱਲ ਕਰੇ, ਲੈਣ-ਲੈਣ ਦੀ ਗੱਲ ਕਰਦੇ ਨੇ। ਐਸਾ ਜਦੋਂ ਮਹਾਰਾਜ ਜੀ ਨੇ ਹਾਲ ਦੇਖਿਆ ਫੇਰ ਉਨ੍ਹਾਂ ਦਾ ਖਿਆਲ ਗਿਆ ਕਿ ਸਾਧੂ ਤਾਂ ਖਤਮ ਹੋ ਗਿਆ। ਅੱਜ ਦੇ ਸੰਤ ਵਿਚ ਇਹ ਤਾਕਤ ਨਹੀਂ ਹੈ ਉਹ ਦੇਸ਼ ਦੀ ਰਾਖੀ ਕਰ ਸਕੇ। ਫੇਰ ਮਹਾਰਾਜ ਨੇ ਉਸ ਵੇਲੇ ਦੀ ਸਮਾਜ ਦੇ ਜੋ ਸਭ ਤੋਂ ਸ਼੍ਰੋਮਣੀ ਕਹਾਉਂਦੇ ਸੀ ਉਹ ਬ੍ਰਾਹਮਣ ਕਹਾਉਂਦੇ ਸੀ। ਮਹਾਰਾਜ ਨੇ ਉਨ੍ਹਾਂ ਨੂੰ ਪਰਖਿਆ ਕਿ ਇਨ੍ਹਾਂ ਵਿਚ ਜਿੰਦ ਜਾਨ ਹੈ? ਜੇ ਹੋਈ ਤਾਂ ਇਨ੍ਹਾਂ ਤੋਂ ਕੰਮ ਲਵਾਂਗੇ। ਮਹਾਰਾਜ ਨੇ 11 ਮਹੀਨੇ, 11 ਦਿਨ ਇਕਾਂਤ ਵਿਚ ਰਹਿ ਕੇ, ਚਿੱਠੀਆਂ ਲਿਖ ਦਿਤੀਆਂ, ਦੂਰ-ਦਰਾਜ ਤਕ ਲਿਖ ਦਿਤੀਆਂ ਕਿ ਸਾਰੇ ਆਇਓ, ਬਹੁਤ ਵੱਡਾ ਜਗ ਹੋਣਾ ਹੈ, ਬ੍ਰਾਹਮਣ ਖਾਸ ਕਰਕੇ ਆਇਓ। ਹਜ਼ਾਰਾਂ ਦੀ ਤਦਾਦ ਵਿਚ ਬ੍ਰਾਹਮਣ ਆਏ। ਮਹਾਰਾਜ ਨੇ ਸੁਣਾ ਕੇ ਇਹ ਗੱਲ ਕਹੀ, ਇਕੱਠੇ ਕਰਕੇ ਦੇਖੋ ਬਈ ਦੋ ਪੰਗਤਾਂ ਲੱਗਣੀਆਂ ਨੇ ਇਕ ਤਾਂ ਮਾਸ ਖਾਣ ਵਾਲੇ ਬ੍ਰਾਹਮਣਾਂ ਦੀਆਂ, ਇਕ ਸਬਜ਼ੀਖੋਰਾਂ ਦੀਆਂ। ਜਿਹੜੇ ਮਾਸ ਖਾਣਗੇ ਉਨ੍ਹਾਂ ਨੂੰ ਪੰਜ-ਪੰਜ ਮੋਹਰਾਂ ਮਿਲਣਗੀਆਂ ਸੋਨੇ ਦੀਆਂ। ਜਿਹੜੇ ਨਹੀਂ ਖਾਣਗੇ, ਉਨ੍ਹਾਂ ਨੂੰ ਰੁਪਿਆ-ਰੁਪਿਆ ਮਿਲੇਗਾ। ਮਹਾਰਾਜ ਨੇ ਦੇਖ ਲਿਆ ਕਿ ਕੋਈ ਟਾਵਾਂ ਹੀ ਰਹਿ ਗਿਆ, ਕੋਈ-ਕੋਈ ਬੰਦਾ ਬੈਠਾ ਰਹਿ ਗਿਆ ਜਿਹੜੇ ਮਾਸ ਨਹੀਂ ਖਾਂਦੇ ਸੀ। ਸਾਰੇ ਮਾਸ ਖਾਣ ਵਾਲਿਆਂ 'ਚ ਬਹਿ ਗਏ। ਕਿਉਂਕਿ ਖਾਂਦੇ ਤਾਂ ਸੀਗੇ ਹੀ, ਖਾਂਦੇ ਐਸ ਤਰ੍ਹਾਂ ਸੀ ਕਿ ਦੇਵੀਆਂ ਨੂੰ ਬਲੀ ਦੇ ਕੇ ਜਿਹੜਾ ਮਾਸ ਹੁੰਦਾ ਉਹਨੂੰ ਪ੍ਰਸ਼ਾਦ ਬਣਾ ਕੇ ਖਾ ਲੈਂਦੇ ਸੀ। ਅੰਦਰ ਤਾਂ ਰੁਚੀ ਸੀ, ਅੰਦਰੋਂ ਸਾਫ ਨਹੀਂ ਸੀ। ਬਹਾਨੇ ਨਾਲ ਖਾਂਦੇ ਸੀ। ਮਹਾਰਾਜ ਨੇ ਕਿਹਾ ਸਾਰਿਆਂ ਦੇ ਸਾਮ੍ਹਣੇ ਪ੍ਰਗਟ ਕਰੀਏ ਇਨ੍ਹਾਂ ਨੂੰ। ਹਜ਼ਾਰਾਂ ਦੀ ਤਦਾਦ ਵਿਚ ਲਾਈਨਾਂ ਲਾ ਕੇ ਬਹਿ ਗਏ। ਮਹਾਰਾਜ ਨੇ ਉਸ ਵੇਲੇ ਮੋਹਰ ਤਾਂ ਦੇ ਦਿਤੀ, ਇਕ-ਇਕ, ਨਾਲ ਕਹਿਣ ਲੱਗੇ ਬ੍ਰਾਹਮਣੋ! ਪੰਡਤੋ! ਤੁਸੀਂ ਕਿੱਡੇ ਵੱਡੇ ਜ਼ਿੰਮੇਵਾਰ ਸੀਗੇ। ਰਾਜਿਆਂ ਦੇ ਉਤੇ ਵੀ ਤੁਹਾਡਾ ਕਹਿਣ ਚਲਦਾ ਸੀ। ਐਨੀ ਗਿਰਾਵਟ ਆ ਗਈ, ਤੁਸੀਂ ਮੋਹਰਾਂ ਦੇ ਬਦਲੇ ਮਾਸ ਖਾਣ ਲਗ ਗਏ। ਸਾਰਾ ਚਰਿੱਤਰ ਗਿਰਾ ਦਿਤਾ। ਜਿਨ੍ਹਾਂ ਨੇ ਨਹੀਂ ਸੀ ਮਾਸ ਖਾਧਾ, ਉਨ੍ਹਾਂ ਨੂੰ ਮਹਾਰਾਜ ਨੇ ਪੰਜ-ਪੰਜ ਮੋਹਰਾਂ ਤੇ ਹੋਰ ਵੀ ਬਹੁਤ ਕੁਛ ਦਾਨ ਵਿਚ ਦਿਤਾ। ਕਹਿੰਦੇ ਤੁਸੀਂ ਥੋੜ੍ਹੇ ਜਿਹੇ ਨਿਕਲੇ ਹੋ। ਏਸ ਤਰ੍ਹਾਂ ਮਹਾਰਾਜ ਨੇ ਦੇਖਿਆ। ਏਸੇ ਤਰ੍ਹਾਂ ਇਕ ਹੋਰ ਵਰਗ ਸੀਗਾ ਇਥੇ, ਉਹ ਇਹ ਸੀ ਕਿ ਦੇਵਤੇ ਨੂੰ ਜੇ ਖੁਸ਼ ਕਰਕੇ ਪ੍ਰਗਟ ਕਰ ਲਈਏ ਤਾਂ ਉਹ ਇਕੱਲਾ ਹੀ ਬਹੁਤ ਹੈ ਸਾਨੂੰ ਲੋੜ ਹੀ ਨਹੀਂ ਕੁਛ ਕਰਨ ਦੀ। ਉਹ ਕੇਸ਼ੋਦਾਸ ਆ ਗਿਆ। ਮਹਾਰਾਜ ਜੀ ਨੂੰ ਆ ਕੇ ਉਸ ਨੇ ਕਿਹਾ ਮਹਾਰਾਜ! ਸਾਨੂੰ ਪਤਾ ਲੱਗਿਆ ਹੈ ਕਿ ਤੁਸੀਂ ਜਗਤ ਦੇ ਉਧਾਰ ਦਾ ਕੋਈ ਕਾਰਜ ਸ਼ੁਰੂ ਕਰਨ ਲੱਗੇ ਹੋਂ, ਤੁਹਾਨੂੰ ਕੀ ਲੋੜ ਹੈ ਤਲਵਾਰਾਂ ਚੁੱਕਣ ਦੀ। ਮਹਾਰਾਜ ਕਹਿੰਦੇ ਹੋਰ ਕੋਈ ਹੱਲ ਹੈ? ਕਹਿੰਦਾ ਹਾਂ ਮਹਾਰਾਜ! ਸਾਨੂੰ ਤੁਸੀਂ ਸੀਧਾ ਦੇਵੋ ਤੇ ਅਸੀਂ ਦੇਵੀ ਪ੍ਰਗਟ ਕਰਕੇ ਦਿਖਾਵਾਂਗੇ। ਉਹ ਦੇਵੀ ਫੇਰ ਵਰ ਦੇ ਦੇਵੇਗੀ। ਜੇ ਇਕ ਵਾਰੀ ਕਹਿ ਦਿਤਾ ਤੁਰਕਾਂ ਦਾ ਰਾਜ ਨਾਸ, ਉਸੇ ਵਕਤ ਹੋ ਜਾਏਗਾ, ਤਲਵਾਰ ਚਲਾਉਣ ਦੀ ਲੋੜ ਨਹੀਂ। ਮਹਾਰਾਜ ਕਹਿੰਦੇ, ਆਹ ਤਾਂ ਗੱਲ ਹੋਈ ਨਹੀਂ ਕਦੇ। ਜਿੱਦ ਪੈ ਗਏ। ਮਹਾਰਾਜ ਕਹਿੰਦੇ ਠੀਕ ਹੈ, ਜਿਵੇਂ ਕਹਿੰਦੇ ਓਂ, ਓਵੇਂ ਜਿਵੇਂ ਕਰ ਲੈਂਦੇ ਹਾਂ। ਕਿਉਂਕਿ ਜਿੰਨਾ ਚਿਰ ਇਹ ਭਰਮ ਉਨ੍ਹਾਂ ਦਾ ਮਹਾਰਾਜ ਨਹੀਂ ਕੱਢਦੇ ਸੀ, ਪਹਾੜ ਦੇ ਜਿੰਨੇ ਬ੍ਰਾਹਮਣ, ਜਿੰਨੇ ਲੋਕ ਸੀ ਉਹ ਦੇਵੀ ਪੂਜਾ ਕਰਿਆ ਕਰਦੇ ਸੀ। ਕੋਈ ਗੱਲ ਸੁਣਨ ਨੂੰ ਤਿਆਰ ਨਹੀਂ ਸੀ। ਸੋ ਮਹਾਰਾਜ ਝੂਠੇ ਦੇ ਘਰ ਤਕ ਜਾਣ ਵਾਸਤੇ, ਆਪ ਨੇ ਸਾਰਾ ਇੰਤਜ਼ਾਮ ਕਰ ਦਿਤਾ। ਬਹੁਤ ਸਮਾਂ ਜਦੋਂ ਲੰਘ ਗਿਆ ਮਹਾਰਾਜ ਨੇ ਕਿਹਾ ਦੇਵੀ ਪ੍ਰਗਟ ਨਹੀਂ ਹੋਈ ਭਾਈ? ਕਹਿੰਦੇ, ਉਹ ਬਲੀ ਮੰਗਦੀ ਹੈ ਕਿਸੇ ਬ੍ਰਹਮਚਾਰੀ ਦੀ। ਮਹਾਰਾਜ ਕਹਿੰਦੇ, ਕੇਸ਼ੋਦਾਸ ਤੇਰੇ ਨਾਲੋਂ ਵੱਡਾ ਬ੍ਰਹਮਚਾਰੀ ਕੌਣ ਹੈ, ਤੈਨੂੰ ਇਥੇ ਹੋ ਗਿਆ ਸਾਲ ਤੇ ਤੇਰੀ ਬਲੀ ਦੇ ਦਿੰਦੇ ਹਾਂ। ਦੇਵੀ ਜਦੋਂ ਪ੍ਰਗਟ ਹੋਏਗੀ ਅਸੀਂ ਕਹਿ ਦੇਵਾਂਗੇ ਕਿ ਇਹਨੂੰ ਵੀ ਜਿਉਂਦਾ ਕਰ ਦੇ। ਰਾਤੋ ਰਾਤ ਨੱਠ ਗਿਆ। ਸਾਰੇ ਨੱਠ ਗਏ, ਜਿੰਨੇ ਸੀ ਉਥੇ। ਮਹਾਰਾਜ ਨੇ ਕਿਹਾ ਇਹ ਵੀ ਫੇਲ੍ਹ ਹੋ ਗਏ। ਬੁਲਾ ਕੇ ਕਹਿਣ ਲੱਗੇ, ਜਿਹੜੇ ਰਹਿ ਗਏ ਸੀ, ਕਿ ਤੁਸੀਂ ਫੇਰ ਪ੍ਰਭੂ ਦਾ ਨਾਮ ਜਪਿਆ ਕਰੋ। ਕਹਿੰਦੇ ਔਖਾ ਹੈ ਮਹਾਰਾਜ। ਰੱਬ ਦਾ ਨਾਮ ਜਪਣਾ ਬਹੁਤ ਔਖਾ ਹੈ, ਕਿਉਂਕਿ ਇਹ ਕੁਛ ਦਿੰਦਾ ਨਹੀਂ।

ਸੋ ਐਨੀ ਗਿਰਾਵਟ ਆ ਗਈ। ਮਹਾਰਾਜ ਨੂੰ ਕਹਿਣ ਲੱਗੇ, ਸੱਚੇ ਪਾਤਸ਼ਾਹ! ਸਾਨੂੰ ਰੋਜ਼ੀ ਵਾਸਤੇ ਕੁਛ ਕਰਨ ਦੀ ਲੋੜ ਨਹੀਂ ਹੈ, ਆਹ ਜਿਹੜਾ ਰਾਹੂ ਤੇ ਕੇਤੂ ਹੈ ਇਹ ਸਾਡੇ ਬਲਦ ਨੇ ਤੇ ਸਾੜਸਤੀ ਸਾਡੀ ਖੇਤ ਹੈ। ਪੱਤਰੀ ਸਾਡੀ ਇਹਦੇ ਵਿਚ ਬੀਜ ਦਿੰਦੀ ਹੈ, ਸਕਿੰਟ ਲਗਦਾ ਹੈ। ਖੇਤੀ ਵਾਲਾ ਤਾਂ ਹੁਣ ਬੀਜੇਗਾ, ਛੇ ਮਹੀਨੇ ਬਾਅਦ ਫਸਲ ਆਉਣੀ ਹੈ, ਪਤਾ ਨਹੀਂ ਆਵੇ ਘਰ ਕਿ ਨਾ ਆਵੇ। ਕਹਿੰਦੇ -

***ਰਾਹੂ ਕੇਤੂ ਬੈਲ ਹਮਾਰੇ, ਸਾੜਸਤੀ ਹੈ ਖੇਤੀ***
***ਪੱਤਰੀ ਹਮਾਰੀ ਖਰੀ ਸ਼ਿਕਾਰਨ, ਮਾਰ ਲਿਆਵੇ ਛੇਤੀ।***

ਉਹ ਤਾਂ ਮਹਾਰਾਜ ਮਿੰਟਾਂ 'ਚ ਮਾਰ ਲਿਆਏਗੀ ਸ਼ਿਕਾਰ। ਅਸੀਂ ਨਾਮ ਕੀ ਜਪਣਾ ਹੈ। ਸਾਡਾ ਤਾਂ ਕੰਮ ਐਵੇਂ ਹੀ ਚੱਲੀ ਜਾਂਦਾ ਹੈ। ਮਹਾਰਾਜ ਨੇ ਦੇਖ ਲਿਆ ਕਿ ਏਹ ਵੀ ਗਏ। ਕੁਝ ਨਹੀਂ ਰਿਹਾ। ਪਾਖੰਡ ਰਹਿ ਗਿਆ। ਫੇਰ ਸੰਨਿਆਸੀਆਂ ਨੂੰ ਦੇਖਿਆ। ਬਹੁਤ ਵੱਡੀ ਜਮਾਤ ਆ ਗਈ। ਵੱਡੇ ਸ੍ਰੀ ਮਾਨ ਸੀਗੇ। ਮਹਾਰਾਜ ਨੂੰ ਕਹਿਣ ਲੱਗੇ, ਮਹਾਰਾਜ! ਜਗਤ ਦਾ ਤਿਆਗ ਕਰਨਾ ਚਾਹੀਦਾ ਹੈ। ਮਾਇਆ ਦਾ ਤਿਆਗ ਕਰਨਾ ਚਾਹੀਦਾ ਹੈ। ਮਹਾਰਾਜ ਕਹਿੰਦੇ ਮਾਇਆ ਜਿਹੜੀ ਸਫਲੀ ਹੁੰਦੀ ਹੈ, ਉਹ ਮਾਇਆ ਤਿਆਗ ਹੀ ਹੋਇਆ ਕਰਦਾ ਹੈ। ਜਿਹੜਾ ਹੱਥ ਨਹੀਂ ਲਾਉਂਦਾ ਕਿ ਅਸੀਂ ਪੈਸੇ ਨੂੰ ਹੱਥ ਨਹੀਂ ਲਾਉਂਦੇ। ਪੈਸੇ ਬਿਨਾਂ ਕੋਈ ਕੰਮ ਚਲਦਾ ਹੈ ਦੁਨੀਆਂ 'ਚ। ਲੰਗਰ ਚੱਲ ਰਹੇ ਨੇ, ਬਿਲਡਿੰਗਾਂ ਬਣ ਰਹੀਆਂ ਨੇ, ਪੈਸੇ ਤੋਂ ਬਗੈਰ ਤਾਂ ਬਣਦੀਆਂ ਨਹੀਂ। ਮਹਾਰਾਜ ਕਹਿੰਦੇ ਉਹਦੀ ਪਕੜ ਨਹੀਂ ਹੋਣੀ ਚਾਹੀਦੀ। ਸਹੀ ਥਾਂ ਤੇ ਲਾਉਣਾ ਚਾਹੀਦਾ ਹੈ।

ਉਹ ਕਹਿਣ ਲੱਗੇ, ਮਹਾਰਾਜ! ਸਾਡਾ ਵੀ ਕੰਮ ਚਲਦਾ ਹੈ, ਅਸੀਂ ਕੋਈ ਪੈਸਾ ਨਹੀਂ ਰਖਦੇ। ਮਹਾਰਾਜ ਨੇ ਸਿੰਘਾਂ ਨੂੰ ਹੁਕਮ ਦੇ ਦਿਤਾ ਕਿ ਇਨ੍ਹਾਂ ਦੀਆਂ ਚਿੱਪੀਆਂ ਚੁੱਕ ਲਿਆਓ। ਚਿੱਪੀਆਂ ਚੁੱਕ ਕੇ ਲਿਆਏ, ਕਹਿੰਦੇ ਲਾਖ ਤੋੜ ਦਿਓ। ਜਦੋਂ ਲੱਗੀ ਹੋਈ ਲਾਖ ਤੋੜੀ, ਕੀ ਦੇਖਦੇ ਨੇ, ਛਣ-ਛਣ ਅਸ਼ਰਫੀਆਂ ਗਿਰ ਰਹੀਆਂ ਨੇ ਵਿਚੋਂ। ਸਾਰੇ ਨੀਵੀਆਂ ਪਾਈ ਬੈਠੇ ਨੇ। ਮਹਾਰਾਜ ਨੇ ਕਿਹਾ, ਸੰਤੋ! ਆਹ ਗੱਲ ਹੈ। ਮਹਾਰਾਜ ਨੇ ਦੇਖਿਆ ਇਹ ਵੀ ਗਏ।

ਫੇਰ ਰਾਜਿਆਂ ਵਲ ਨਿਗ੍ਹਾ ਗਈ, ਰਾਜਪੂਤਾਂ ਵਲ, ਪਹਾੜੀ ਰਾਜਿਆਂ ਵਲ, ਸਾਰਿਆਂ ਨੂੰ ਇਕੱਠੇ ਕਰਿਆ। ਗੱਲ ਚਲਾਈ ਕਿ ਬਹੁਤ ਅਧੋਗਤੀ ਹੋ ਰਹੀ ਹੈ, ਦੇਖੋ ਕਿੰਨਾ-ਕਿੰਨਾ ਜ਼ੁਲਮ ਹੋ ਰਿਹਾ ਹੈ। ਐਨਾ ਜ਼ੁਲਮ ਦੇਖਿਆ ਨਹੀਂ ਜਾਂਦਾ। ਫੇਰ ਤੁਸੀਂ ਕੋਈ ਹਿੰਮਤ ਕਰੋ। ਕਹਿੰਦੇ ਮਹਾਰਾਜ! ਹਿੰਮਤ ਕਾਹਦੀ ਕਰਨੀ, ਔਰੰਗਜ਼ੇਬ ਦਾ ਰਾਜ ਬਹੁਤ ਜ਼ਬਰਦਸਤ ਹੈ, ਇਹ ਤਾਂ ਘਰ ਬਾਰ ਉਜਾੜ ਦਏਗਾ। ਇਹਦੇ ਜਿਹੜੇ ਬਜ਼ੁਰਗ ਸੀ ਉਹਦੇ ਕਾਰਨਾਮੇ ਕਿੰਨੇ ਸੀ। ਬਾਬਰ ਨੇ ਆਪਣੀ ਤਾਊਜ਼ਕੇ ਬਾਬਰੀ 'ਚ ਲਿਖਿਆ ਹੈ ਕਿ ਜਦੋਂ ਮੈਂ ਮਥਰਾ ਤੇ ਹਮਲਾ ਕੀਤਾ ਇਕ ਲੱਖ ਬੰਦਾ ਮੈਂ ਕੈਦ ਕਰ ਲਿਆ। ਮੇਰੇ ਮਨ ਵਿਚ ਆਈ ਕਿ ਇਨ੍ਹਾਂ ਨੂੰ ਅੱਜ ਗੁਲਾਮ ਨਹੀਂ ਬਣਾਉਣਾ, ਕਿਉਂਕਿ ਗੁਲਾਮ ਬਣਾ ਕੇ ਲੈ ਜਾਂਦੇ ਸੀ। ਟਕੇ-ਟਕੇ ਨੂੰ ਬਜ਼ੁਰਗ ਵਿਕਦੇ ਸੀ, ਬੀਬੀਆਂ ਵਿਕਦੀਆਂ ਸੀ। ਕੋਈ ਰਾਖੀ ਕਰਨ ਵਾਲਾ ਨਹੀਂ ਸੀ। ਸੋ ਉਸ ਨੇ ਕਿ ਅੱਜ ਮੈਂ ਗੁਲਾਮ ਵੀ ਨਹੀਂ ਬਣਾਉਣੇ ਤੇ ਅੱਜ ਮੈਂ ਰੱਬ ਨੂੰ ਖੁਸ਼ ਕਰਨਾ ਹੈ। ਉਹਨੇ ਲਿਖਿਆ ਹੈ ਕਿ ਮੈਂ ਕੈਂਪ ਲਾ ਲਿਆ, ਇਕ ਲੱਖ ਬੰਦਾ ਇਕ ਦਿਨ ਵਿਚ ਕਤਲ ਕਰਾਇਆ, ਐਨਾ ਖ਼ੂਨ ਉਚਾ ਹੋ ਗਿਆ ਉਨ੍ਹਾਂ ਦਾ ਕਿ ਮੈਨੂੰ ਤਿੰਨ ਵਾਰੀ ਤੰਬੂ ਬਦਲ ਕੇ, ਹੋਰ ਥਾਉਂ ਲਾਉਣਾ ਪਿਆ ਤੇ ਮੈਂ ਆਸ ਰਖਦਾ ਹਾਂ ਕਿ ਅੱਲਾ-ਤਾਲਾਹ ਹੁਣ ਮੇਰੇ ਤੇ ਖੁਸ਼ ਹੋ ਜਾਏਗਾ।

ਇਨ੍ਹਾਂ ਰਾਜਿਆਂ ਤੋਂ ਮਹਾਰਾਜ ਨੂੰ ਕੀ ਆਸ ਸੀ ਕਿਉਂਕਿ ਰਾਜਾ ਜੋ ਹੁੰਦਾ ਹੈ ਉਹ ਸਾਰਾ ਇਕੋ ਹੀ ਹੁੰਦਾ ਹੈ।

***ਕਲਿ ਆਈ ਕੁਤੇ ਮੁਹੀ***
***ਖਾਜੁ ਹੋਇਆ ਮੁਰਦਾਰ ਗੁਸਾਈ॥***
***ਰਾਜੇ ਪਾਪ ਕਮਾਵਦੇ***
***ਉਲਟੀ ਵਾੜ ਖੇਤ ਕਉ ਖਾਈ॥ ਵਾਰ 1/30***

ਬੇਗਾਨਾ ਹੱਕ ਖਾਣਾ ਸ਼ੁਰੂ ਕਰ ਦਿਤਾ। ਰਾਜਿਆਂ ਦਾ ਕੰਮ ਸੀ ਪਰਜਾ ਨੂੰ ਵਧਾਉਣਾ। ਪਰਜਾ ਦੀ ਗਰੀਬੀ ਦੂਰ ਕਰਨਾ। ਪਰਜਾ ਦੇ ਦੁੱਖ ਦੂਰ ਕਰਨੇ। ਪਰ ਪਰਜਾ ਨੂੰ ਤਾਂ ਦੁਖੀ ਕਰ ਦਿਤਾ ਰਾਜਿਆਂ ਨੇ। ਲੁੱਟ ਮਾਰ ਸ਼ੁਰੂ ਕਰ ਦਿਤੀ। ਰਾਜਿਆਂ ਤੋਂ ਕੀ ਆਸ ਹੋ ਸਕਦੀ ਹੈ?

***ਪਰਜਾ ਅੰਧੀ ਗਿਆਨ ਬਿਨੁ ਕੂੜੁ ਕੁਸਤਿ ਮੁਖਹੁ ਆਲਾਈ॥ ਵਾਰ 1/30***

ਝੂਠ ਹੀ ਬੋਲੀ ਜਾਂਦੇ ਨੇ। ਕਹਿੰਦੇ ਗਿਆਨ ਤੋਂ ਬਗੈਰ ਹੋ ਗਏ ਰਾਜੇ। ਪਰਜਾ ਗਿਆਨ ਤੋਂ ਬਿਨਾਂ ਹੋ ਗਈ। ਸੋ ਜਾਤ ਪਾਤ ਐਨੀ ਘਰ ਕਰ ਗਈ ਕਿ ਆਪਸ ਵਿਚ ਵਰਤ ਕੇ ਰਾਜੀ ਨਹੀਂ ਸੀ। ਮਨੁੱਖ ਵੰਡ ਦਿਤਾ ਗਿਆ। ਤਾਕਤ ਘਟ ਗਈ। ਊਚ ਨੀਚ ਆ ਗਈ। ਵਰਣ ਆਸ਼ਰਮ ਆ ਗਿਆ। ਕੋਈ ਚੰਦ ਨੂੰ ਪੂਜਦਾ ਹੈ, ਕੋਈ ਸੂਰਜ ਨੂੰ ਪੂਜਦਾ ਹੈ, ਕੋਈ ਦਰਖਤਾਂ ਨੂੰ ਮੱਥੇ ਟੇਕਦਾ ਹੈ, ਕੋਈ ਗੁੱਗੇ ਨੂੰ ਮੱਥੇ ਟੇਕ ਰਿਹਾ ਹੈ, ਕੋਈ ਮਾਤਾ ਰਾਣੀ ਨੂੰ ਮੱਥੇ ਟੇਕ ਰਿਹਾ ਹੈ। ਪਰਜਾ ਅਗਿਆਨੀ ਹੋ ਗਈ। ਕੋਈ ਪੱਥਰਾਂ ਨੂੰ ਮੱਥੇ ਟੇਕ ਰਿਹਾ ਹੈ, ਕੋਈ ਦਰਿਆਵਾਂ

ਦੀ ਪੂਜਾ ਕਰੀ ਜਾਂਦਾ ਹੈ, ਕੋਈ ਜੰਤ੍ਰ ਮੰਤ੍ਰ 'ਚ ਪਿਆ ਹੋਇਆ। ਕੋਈ ਖੁਦਗਰਜ਼ੀ 'ਚ ਹੈ। ਹੁਣ ਜੇ ਪਰਜਾ ਅੰਨੀ ਹੋਵੇ, ਪਰਜਾ ਨੂੰ ਨਹੀਂ ਪਤਾ ਕਿ ਮੈਂ ਹੱਕ ਕਿਵੇਂ ਲੈਣੇ ਨੇ। ਉਠ ਨਹੀਂ ਸਕਦੀ। ਦੋਵੇਂ ਪਾਸੇ ਐਸ ਤਰ੍ਹਾਂ ਹੋ ਗਿਆ ਨਾ ਰਾਜਾ ਕੰਮ ਦਾ ਰਿਹਾ, ਨਾ ਪਰਜਾ ਕੰਮ ਦੀ ਰਹੀ।

***ਚੇਲੇ ਸਾਜ ਵਜਾਇਦੇ***
***ਨਚਨਿ ਗੁਰੂ ਬਹੁਤੁ ਬਿਧਿ ਭਾਈ॥ ਵਾਰ 1/30***

ਗੁਰੂ ਵੀ ਫੇਲ੍ਹ ਹੋ ਗਏ ਸਾਰੇ। ਚੇਲੇ ਸਾਜ ਵਜਾਉਂਦੇ ਨੇ, ਗੁਰੂ ਨਾਚ ਕਰ-ਕਰ ਕੇ ਦਿਖਾਉਂਦੇ ਨੇ।

ਊਚੇ ਕੂਕਹਿ ਵਾਦਾ ਗਾਵਹਿ ਜੋਧਾ ਕਾ ਵੀਚਾਰੁ ॥

***ਊਚੇ ਕੂਕਹਿ ਵਾਦਾ ਗਾਵਹਿ***
***ਜੋਧਾ ਕਾ ਵੀਚਾਰੁ॥ ਅੰਗ - 470***

ਸੂਰਮਿਆਂ ਦੀਆਂ ਵਾਰਾਂ ਹੀ ਗਾਈ ਜਾਂਦੇ ਨੇ, ਰੱਬ ਦੀ ਕੋਈ ਗੱਲ ਨਹੀਂ ਕਰਦਾ। ਮਹਾਰਾਜ ਕਹਿੰਦੇ, ਉਚੀ-ਉਚੀ ਕੂਕਦੇ ਨੇ। ਕੰਨਾਂ ਤੇ ਹੱਥ ਧਰ-ਧਰ ਕੇ ਗਾਉਂਦੇ ਨੇ। ਪ੍ਰਮੇਸ਼ਰ ਦੀ ਗੱਲ ਕੋਈ ਨਹੀਂ ਕਰ ਰਹੇ।

***ਸੇਵਕ ਬੈਠਨਿ ਘਰਾਂ ਵਿਚਿ***
***ਗੁਰ ਉਠਿ ਘਰੀ ਤਿਨਾੜੇ ਜਾਈ॥ ਵਾਰ 1/30***

ਫਲਾਣਾਂ ਸੇਵਕ ਅਮੀਰ ਹੈ, ਰੁੱਸ ਨਾ ਜਾਵੇ, ਚਲੋ ਉਹਦੇ ਘਰ ਚੱਲੀਏ। ਆਹ ਚਰਿੱਤਰ ਹੋ ਗਿਆ ਸਾਧਸੰਗਤ।

ਜਿਹੜੇ ਹਿਸਾਬ ਕਰਨ ਵਾਲੇ ਸੀ ਉਹ ਰਿਸ਼ਵਤਖੋਰ ਹੋ ਗਏ।

***ਕਾਜੀ ਹੋਇ ਰਿਸਵਤੀ***
***ਵਢੀ ਲੈ ਕੇ ਹਕ ਗਵਾਈ॥***
***ਇਸਤ੍ਰੀ ਪੁਰਖੈ ਦਾਮ ਹਿਤ ਭਾਵੈ***
***ਆਇ ਕਿਥਾਊ ਜਾਈ॥***
***ਵਰਤਿਆ ਪਾਪ ਸਭਸ ਜਗ ਮਾਂਹੀ॥***
***ਵਾਰ 1/30***

ਇਸਤਰੀ ਤੇ ਪੁਰਖ ਦਾ, ਪਤੀ ਤੇ ਪਤਨੀ ਦਾ ਪਿਆਰ ਨਾ ਰਹਿ ਗਿਆ ਕਿ ਪਰਿਵਾਰ ਨੂੰ ਅਸੀਂ ਪਾਲੀਏ, ਦਿਲ ਵਿਚ ਪਿਆਰ ਕੋਈ ਨਹੀਂ। ਜੇ ਪੈਸਾ ਘਰ ਵਿਚ ਹੈ ਤਾਂ ਦੋਹਾਂ ਦੀ ਸੁਲ੍ਹਾ ਹੈ, ਜੇ ਪੈਸਾ ਘਰ ਵਿਚ ਨਹੀਂ ਹੈ ਤਾਂ ਦੋਵੇਂ ਗੁੱਥਮ-ਗੁੱਥੀ। ਕਿਤੋਂ ਲਿਆਵੇ, ਰਿਸ਼ਵਤ ਲਵੇ, ਚਾਹੇ ਚੋਰੀ ਕਰਕੇ ਲਿਆਏ, ਪੈਸਾ ਘਰ ਵਿਚ ਹੈ ਤਾਂ ਰੋਟੀ ਵਧੀਆ ਮਿਲਦੀ ਹੈ, ਨਹੀਂ ਆਇਆ ਘਰ 'ਚ ਲੜਾਈ ਹੋ ਗਈ।

ਫੇਰ ਗੁਰੂ ਮਹਾਰਾਜ ਦਾ ਧਿਆਨ ਆਇਆ ਕਿ ਇਹ ਤਾਂ ਸਾਰਾ ਹੀ ਕੰਮ ਖਤਮ ਹੋ ਗਿਆ। ਸਿੱਖਾਂ ਵਲ ਧਿਆਨ ਦੇਈਏ। ਸਿੱਖਾਂ ਦੇ ਵਿਚੋਂ ਉਸ ਵੇਲੇ ਦੇ ਮੁਖੀ ਵੱਡੇ-ਵੱਡੇ ਮਸੰਦ ਹੋਇਆ ਕਰਦੇ ਸੀ। ਲੇਕਿਨ ਮਸੰਦ ਤੀਸਰੇ ਪਾਤਸ਼ਾਹ ਨੇ ਮੰਜੀਆਂ ਕਾਇਮ ਕੀਤੀਆਂ। ਚੌਥੇ ਪਾਤਸ਼ਾਹ ਨੇ ਮਸੰਦ ਦੂਰ-ਦਰਾਜ਼ ਤਕ ਕਾਇਮ ਕਰਕੇ ਭੇਜੇ। ਉਨ੍ਹਾਂ ਨੇ ਸਿੱਖੀ ਚਲਾਈ। ਪਹਿਲਾਂ-ਪਹਿਲਾਂ ਬਹੁਤ ਚੰਗਾ ਸੀ। ਦਸਵੰਧ ਲਿਆਉਂਦੇ, ਸੰਗਤਾਂ ਲਿਆ ਕੇ ਗੁਰੂ ਮਹਾਰਾਜ ਪਾਸ ਲਿਆਉਂਦੇ। ਲੇਕਿਨ ਹੌਲੀ-ਹੌਲੀ ਗੁਰੂ ਪੰਜਵੇਂ ਪਾਤਸ਼ਾਹ ਵੇਲੇ ਮਸੰਦਾਂ ਦੀ ਵੰਡ ਹੋ ਗਈ। ਕੁਛ ਪ੍ਰਿਥੀਏ ਨਾਲ ਜਾ ਰਲੇ, ਕੁਛ ਮਹਾਰਾਜ ਕੋਲ ਰਹਿ ਗਏ।

ਅੱਗੇ ਗੁਰੂ ਛੇਵੇਂ ਪਾਤਸ਼ਾਹ ਤੋਂ ਬਾਅਦ ਗੁਰੂ ਹਰਿਰਾਇ ਵੇਲੇ ਫੇਰ ਵੰਡ ਹੋ ਗਈ। ਕੁਛ ਰਾਮਰਾਇ ਦੇ ਚਲੇ ਗਏ, ਕੁਛ ਗੁਰੂ ਹਰਿਕ੍ਰਿਸ਼ਨ ਮਹਾਰਾਜ ਨਾਲ ਰਹਿ ਗਏ। ਐਨੇ ਤਕੜੇ ਹੋ ਗਏ ਕਿ ਰਾਮਰਾਇ ਜੀ ਨੂੰ ਜਿਉਂਦੇ ਨੂੰ ਅੱਗ ਵਿਚ ਜਾਲ ਦਿਤਾ। ਇਕ ਪਾਸੇ ਗੁਰੂ ਕਹਿ ਮੱਥਾ ਟੇਕਦੇ ਨੇ। ਸਮਾਧੀ ਵਿਚ ਬੈਠੇ ਸੀ। ਜਿਉਂਦੇ ਨੂੰ ਅੱਗ ਵਿਚ ਸੁੱਟ ਦਿਤਾ। ਮਤਲਬ ਇਹ ਸੀ ਕਿ ਜਿਹੜਾ ਪੈਸਾ ਟਕਾ ਸੀ ਉਹ ਆਪਾਂ ਖਾ ਜਾਈਏ। ਐਨੀ ਠੱਗੀ ਮਸੰਦਾਂ ਵਿਚ ਆ ਗਈ। ਜਦੋਂ ਗੁਰੂ ਨੌਂਵੇਂ ਪਾਤਸ਼ਾਹ ਵੇਲੇ ਉਹ ਵੀ ਹਾਲ ਰਿਹਾ। ਗੁਰੂ ਮਹਾਰਾਜ ਨੇ ਦੇਖਿਆ ਕਿ ਇਹ ਤਾਂ ਸਾਰਾ ਕੁਛ ਹੀ ਗਲਤ ਹੋ ਗਿਆ। ਮਹਾਰਾਜ ਜੀ ਨੂੰ ਦੱਸਿਆ ਗਿਆ ਕਿ ਐਉਂ ਮਹਾਰਾਜ ਜ਼ੁਲਮ ਕਰਦੇ ਨੇ। ਵੇਸਵਾਵਾਂ ਨਚਾਉਂਦੇ ਨੇ, ਕੁੱਤੇ ਰਖਦੇ ਨੇ ਸ਼ਿਕਾਰ ਖੇਲ੍ਹਦੇ ਨੇ। ਗਰੀਬ ਸਿੱਖ ਦੇ ਘਰ ਜਾਂਦੇ ਨੇ। ਉਹ ਸਭ ਗਹਿਣੇ ਗੱਟੇ ਵੇਚ ਕੇ ਇਨ੍ਹਾਂ ਵਾਸਤੇ ਮਾਸ ਵਗੈਰਾ ਦੀ ਰੋਟੀ ਲੈ ਕੇ ਆਉਂਦਾ ਹੈ। ਫੇਰ ਉਹਦੀ ਘਰਵਾਲੀ ਨੂੰ ਕਹਿੰਦੇ ਨੇ ਕਿ ਆਹ ਵੇਸਵਾ ਜਿਹੜੀ ਮੇਰੇ ਨਾਲ ਹੈ ਇਹਦੇ ਚਰਨ ਘੁੱਟ, ਲੱਤਾਂ ਘੁੱਟ। ਮਹਾਰਾਜ ਨੂੰ ਬੜਾ ਰੋਹ ਆਇਆ, ਇਹ ਤਾਂ ਵਿਗੜ ਗਿਆ ਸਭ ਕੁਛ। ਗੁਰੂ ਨਾਲ ਨਹੀਂ ਜੁੜਨ ਦਿੰਦੇ ਤੇ ਸੇਵਕਾਂ ਨੂੰ ਕਹਿੰਦੇ ਨੇ ਕਿ ਮੇਰਾ ਹੀ ਧਿਆਨ ਧਰਿਆ ਕਰ, ਮੇਰੇ ਵਿਚ ਹੀ ਗੁਰੂ ਵਸਦਾ ਹੈ।

ਜਿਹੜੇ ਬੀਬੀ ਨੇ ਗਹਿਣੇ ਲਕੋ ਕੇ ਰੱਖੇ ਹੋਏ ਨੇ, ਉਹ ਵੀ ਲਿਆ ਕੱਢ ਕੇ। ਜੇ ਕਿਸੇ ਨੇ ਦੇ ਦਿਤੇ ਪੈਸੇ, ਉਹਦਾ ਆਦਰ ਹੁੰਦਾ ਹੈ, ਸਤਿਕਾਰ ਹੁੰਦਾ ਹੈ। ਜਿਹੜਾ ਵਿਚਾਰਾ ਗਰੀਬ ਹੈ, ਭੋਰਾ ਜਿੰਨਾਂ ਵੀ ਨਹੀਂ ਪਤੀਜਦੇ। ਜਦੋਂ ਲੋਕਾਂ ਵਿਚ ਬੈਠਣਾ ਹੈ, ਸੰਗਤ ਨੇ ਆਉਣਾ ਹੈ, ਫੇਰ ਗੁਰੂ ਦੀਆਂ ਗੱਲਾਂ ਕਰਨੀਆਂ ਨੇ। ਫੇਰ ਘਰ ਵਿਚੋਂ ਸਰੋਂ ਦੇ ਤੇਲ ਨਾਲ ਉਂਗਲੀ ਲਿਵੇੜ ਲਿਆਉਣੀ ਹੈ, ਅੱਖ ਵਿਚ ਲਾ ਦੇਣੀ ਹੈ, ਜਦੋਂ ਅੱਖ ਵਿਚ ਲੱਗੀ, ਨੇਤਰਾਂ 'ਚੋਂ ਜਲ ਜਾਣ ਲਗ ਜਾਣਾ, ਉਹਨੂੰ ਲੋਕ ਕਹਿੰਦੇ ਨੇ ਕਿ ਇਹ ਤਾਂ ਵੈਰਾਗੀ ਹੈ। ਇਹ ਤਾਂ ਗੁਰੂ ਮਹਾਰਾਜ ਦੇ

ਪਿਆਰ ਵਿਚ ਰੋਂਦਾ ਰਹਿੰਦਾ ਹੈ।

ਅੱਖਾਂ 'ਚੋਂ ਨੀਰ ਵਹਾ-ਵਹਾ ਦਿਖਾਉਂਦੇ ਨੇ। ਜੇ ਕੋਈ ਧਨਵਾਨ ਆ ਗਿਆ, ਸਪੈਸ਼ਲ ਥਾਲ ਲਗਦੇ ਨੇ। ਜਿਹੜਾ ਗਰੀਬ ਆ ਗਿਆ, ਉਹਨੂੰ ਕਹਿੰਦੇ ਨੇ ਕਿ ਨੱਠ ਜਾ ਇਥੋਂ, ਹੁਣ ਲੰਗਰ ਚਲਦਾ ਹੈ ਕਿਤੇ, ਚਲਾ ਜਾ ਇਥੋਂ। ਐਸੀ ਹਾਲਤ ਜਦੋਂ ਮਹਾਰਾਜ ਨੇ ਦੇਖੀ ਕਿ ਇਹ ਤਾਂ ਗੁਰੂ ਦਾ ਘਰ ਵੀ ਦੂਸ਼ਿਤ ਹੋ ਗਿਆ। ਜ਼ੁਲਮ ਐਨਾ ਹੋ ਰਿਹਾ ਹੈ, ਕੋਈ ਕੁਛ ਨਹੀਂ ਕਰ ਸਕਦਾ। ਉਸ ਵੇਲੇ ਮਹਾਰਾਜ ਨੇ ਮਸੰਦਾਂ ਨੂੰ ਇਕੱਠੇ ਕਰਿਆ। ਕਹਿਣ ਲੱਗੇ, ਦੇਖੋ ਭਾਈ! ਸਾਨੂੰ ਤੁਹਾਡੀਆਂ ਸ਼ਿਕਾਇਤਾਂ ਪਹੁੰਚਦੀਆਂ ਨੇ ਤੇ ਖਜ਼ਾਨੇ ਦੇ ਵਿਚ ਜੋ ਧਨ ਆਉਂਦਾ ਸੀ, ਉਹ ਬਹੁਤ ਘਟ ਗਿਆ। ਕੀ ਗੱਲ ਹੋ ਗਈ? ਕਹਿੰਦੇ ਮਹਾਰਾਜ ਹੋਣੀ ਕੀ ਸੀ, ਲੋਕ ਹੋਰ ਪਾਸੇ ਲਗਣ ਲਗ ਗਏ। ਹੋਰਾਂ-ਹੋਰਾਂ ਗੁਰੂਆਂ ਦੇ ਚੇਲੇ ਬਣ ਗਏ। ਅਮੀਰ ਸਿੱਖ ਸੀ ਜੋ ਬਹੁਤ ਵੱਡੇ-ਵੱਡੇ ਉਹ ਚੜ੍ਹਾਈ ਕਰ ਗਏ। ਮਹਾਰਾਜ ਕਹਿੰਦੇ ਕੀ ਇਹ ਮੌਤ ਮੇਰੇ ਸਿੱਖਾਂ ਨੂੰ ਹੀ ਪਈ ਹੈ। ਬਾਕੀ ਸੰਸਾਰ 'ਚ ਨਹੀਂ ਚੜ੍ਹਾਈ ਕਰੇ। ਆਉਂਦਾ ਤਾਂ ਸਭ ਕੁਛ ਹੈ ਲੇਕਿਨ ਰਾਹ ਵਿਚ ਰੋਕ ਲੈਂਦੇ ਨੇ। ਰਸਤੇ 'ਚ ਰੁਕਦਾ ਰਹਿੰਦਾ ਹੈ। ਉਸ ਵੇਲੇ ਮਹਾਰਾਜ ਕਹਿਣ ਲੱਗੇ, ਦੇਖੋ ਪ੍ਰੇਮੀਓ! ਮੇਰੇ ਕੋਲ ਗੁਰਸਿੱਖਾਂ ਦੀਆਂ ਦਰਦ ਭਰੀਆਂ ਅਰਦਾਸਾਂ ਆ ਰਹੀਆਂ ਨੇ। ਗੁਰੂ ਜੋ ਹੁੰਦਾ ਹੈ, ਉਹ ਸਿੱਖ ਦੇ ਹਿਰਦੇ ਨਾਲ ਜੁੜਿਆ ਹੁੰਦਾ ਹੈ। ਜਦੋਂ ਗੁਰੂ ਨੇ ਸਿੱਖ ਬਣਾ ਲਿਆ, ਫੇਰ ਉਹਨੂੰ ਛੱਡਦਾ ਨਹੀਂ। ਸਿੱਖ ਛੱਡ ਦਿੰਦਾ ਹੈ ਗੁਰੂ ਨੂੰ, ਗੁਰੂ ਨਹੀਂ ਕਦੇ ਵੀ ਛਡਦਾ। ਸੋ ਉਸ ਵੇਲੇ ਮਹਾਰਾਜ ਕਹਿਣ ਲੱਗੇ, ਕਿ ਉਨ੍ਹਾਂ ਦਾ ਦਰਦ ਮੇਰੇ ਤਕ ਪਹੁੰਚਦਾ ਹੈ। ਕਹਿੰਦੇ, ਮਹਾਰਾਜ ਅਸੀਂ ਕੋਈ ਗਲਤ ਗੱਲ ਤਾਂ ਕਰਦੇ ਨਹੀਂ। ਤੁਹਾਨੂੰ ਸ਼ਿਕਾਇਤਾਂ ਨੇ, ਖਾਹਮਖਾਹ ਦਾ ਵਹਿਮ ਪੈਦਾ ਹੋ ਗਿਆ। ਮਹਾਰਾਜ ਨੂੰ ਵੀ ਐਉਂ ਸਮਝਦੇ ਨੇ ਕਿ ਮਹਾਰਾਜ ਕੋਈ ਮਾਮੂਲੀ ਆਦਮੀ ਨੇ, ਅਸੀਂ ਹੀ ਤਾਂ ਤਖਤ ਤੇ ਬਿਠਾਇਆ ਸੀ, ਜੇ ਅਸੀਂ ਚਾਹੀਏ ਤਾਂ ਲਾਹ ਸਕਦੇ ਹਾਂ। ਮਹਾਰਾਜ ਕਹਿੰਦੇ, ਪ੍ਰੇਮੀਓ! ਤੁਸੀਂ ਗੁਰੂ ਦੇ ਹਿਰਦੇ ਨੂੰ ਨਹੀਂ ਜਾਣਦੇ। ਗੁਰੂ ਦਾ ਹਿਰਦਾ ਸਿੱਖ ਨਾਲ ਜੁੜਿਆ ਹੁੰਦਾ ਹੈ। ਮਾਂ ਤੋਂ ਵੀ ਵੱਧ ਜੁੜਿਆ ਹੁੰਦਾ ਹੈ।

ਮਾਂ ਪੁੱਤਰ ਨੂੰ ਕਦੇ ਝਿੜਕ ਵੀ ਦਿੰਦੀ ਹੈ, ਲੇਕਿਨ ਪਿਆਰ ਕਰਦੀ ਹੈ। ਜੇ ਕੋਈ ਹੋਰ ਘੂਰ ਦੇਵੇ, ਦੇਖ ਨਹੀਂ ਸਕਦੀ ਕਿ ਮੇਰੇ ਪੁੱਤਰ ਨੂੰ ਕਿਉਂ ਘੂਰਦਾ ਹੈ।

ਉਹਦੀ ਪਿਆਰ ਤੇ ਉਹਦੀ ਝਿੜਕ ਜਿਹੜੀ ਹੈ ਦੋਵੇਂ ਹੀ ਪੁੱਤਰ ਦੇ ਫਾਇਦੇ ਵਾਸਤੇ ਹੋਇਆ ਕਰਦੇ ਨੇ। ਜਿਹੜੀ ਬਿਗਾਨੇ ਦੀ ਧਿਰਕਾਰ ਹੈ ਧੱਕਾ ਹੈ, ਗਾਲ੍ਹ ਹੈ।

ਗੁਰੂ ਹਮੇਸ਼ਾ ਹੀ ਪਿਆਰ ਕਰਦਾ ਹੈ ਉਹਦੇ ਮਨ ਵਿਚ ਦੁਬਿਧਾ ਨਹੀਂ ਆਉਂਦੀ ਚਾਹੇ, ਘੂਰ ਦੇਵੇ ਚਾਹੇ ਪਿਆਰ ਕਰ ਦੇਵੇ।

***ਜੇ ਗੁਰੂ ਝਿੜਕੇ ਤ ਮੀਠਾ ਲਾਗੈ***
***ਜੇ ਬਖਸੇ ਤੇ ਗੁਰ ਵਡਿਆਈ॥ ਅੰਗ - 759***

ਸੋ ਮਹਾਰਾਜ ਕਹਿੰਦੇ ਲੱਗੇ ਮਸੰਦਾਂ ਨੂੰ ਕਿ ਪ੍ਰੇਮੀਓ! ਆਉਂਦਾ ਤਾਂ ਸਭ ਕੁਛ ਹੈ ਪਰ ਰਾਹ ਵਿਚ ਰੁਕ ਜਾਂਦਾ ਹੈ। ਚੰਗਾ ਤੁਸੀਂ ਵਿਚਾਰ ਕਰੋ ਜਾ ਕੇ। ਸਾਰੇ ਮਸੰਦ ਉਠ ਕੇ ਆ ਜਾਂਦੇ ਨੇ, ਉਨ੍ਹਾਂ ਦਾ ਜਿਹੜਾ ਮੁਖੀ ਸੀਗਾ, ਉਹਦਾ ਨਾਉਂ ਚੇਤੋ ਸੀ, ਉਹ ਕਹਿਣ ਲੱਗਿਆ ਦੇਖੋ, ਗੁਰੂ ਦਾ ਵਤੀਰਾ ਆਪਣੇ ਨਾਲ ਕਿੰਨਾ ਰੁੱਖਾ ਹੋ ਗਿਆ। ਪਹਿਲਾਂ ਆਪਾਂ ਸੰਗਤ ਲਿਆਉਂਦੇ ਸੀ, ਗੁਰੂ ਸਾਨੂੰ ਸਰੋਪੇ ਦਿਆ ਕਰਦੇ ਸੀ। ਮਾਣ ਦਿਆ ਕਰਦੇ ਸੀ, ਇਹ ਤਾਂ ਮੈਨੂੰ ਐਉਂ ਲਗਦਾ ਹੈ ਕਿ ਦੇਵੀ ਪੁੱਠੀ ਪੈ ਗਈ। ਦੇਖਦੇ ਨਹੀਂ ਤੁਸੀਂ ਕਿੰਨੇ ਦਿਨਾਂ ਦਾ ਵਤੀਰਾ ਬਦਲਿਆ ਹੋਇਆ ਹੈ। ਰੁੱਖੀਆਂ ਗੱਲਾਂ ਕਰਦੇ ਨੇ, ਕਹਿੰਦਾ ਮੈਂ ਸਮਝਾਉਂਦਾ ਹਾਂ ਬਾਲਕ ਹੈ ਗੁਰੂ। ਮਹਾਰਾਜ ਦੇ ਕੋਲ ਚਲਿਆ। ਮਹਾਰਾਜ ਨੇ ਕਿਹਾ ਆਓ ਕਿਵੇਂ ਆਏ? ਕਹਿੰਦੇ ਮਹਾਰਾਜ ਅਸੀਂ ਤੁਹਾਡੇ ਸਿੱਖ ਹਾਂ, ਪਰ ਫੇਰ ਵੀ ਸਾਡਾ ਤਜਰਬਾ ਤੁਹਾਡੇ ਨਾਲੋਂ ਵੱਡਾ ਹੈ, ਪਹਿਲਾਂ ਅਸੀਂ ਤੁਹਾਡੇ ਪਿਤਾ ਜੀ ਨਾਲ ਵੀ ਰਹੇ। ਉਸ ਤੋਂ ਪਹਿਲਾਂ ਗੁਰੂ ਹਰਿਕ੍ਰਿਸ਼ਨ ਜੀ ਮਹਾਰਾਜ ਨਾਲ ਵੀ ਰਹੇ। ਸਾਨੂੰ ਗੁਰੂ ਘਰ ਦਾ ਪਤਾ ਹੈ, ਮੇਰਾ ਪਿਤਾ ਵੀ ਮਸੰਦ ਸੀ, ਮੇਰਾ ਦਾਦਾ ਵੀ ਮਸੰਦ ਸੀ, ਸਾਨੂੰ ਪਤਾ ਹੈ ਕਿ ਸਿੱਖੀ ਕਿਵੇਂ ਚਲਦੀ ਹੈ। ਅਸੀਂ ਕਿਸ ਤਰ੍ਹਾਂ ਲੈ ਕੇ ਆਉਂਦੇ ਹਾਂ, ਕਿੰਨਾ ਝੂਠ ਤੁਫਾਨ ਬੋਲਣਾ ਪੈਂਦਾ ਹੈ ਸਾਨੂੰ ਕਿ ਤੁਹਾਡਾ ਆਹ ਪੂਰਾ ਹੋ ਜਾਏਗਾ, ਆਹ ਹੋ ਜਾਏਗਾ। ਕਹਿੰਦੇ, ਮਹਾਰਾਜ ਤੁਸੀਂ ਮਸੰਦਾਂ ਨਾਲ ਨਾ ਵਿਗਾੜੋ। ਜੇ ਮਸੰਦ ਵਿਗੜ ਗਏ ਤਾਂ ਪਾਤਸ਼ਾਹ ਇਥੇ ਆਉਣੇ ਸਾਰੇ ਹੀ ਬੰਦ ਹੋ ਜਾਣਗੇ। ਸੰਗਤਾਂ ਨੂੰ ਇਹ ਹੀ ਲਿਆਉਂਦੇ ਨੇ। ਮਹਾਰਾਜ ਕਹਿੰਦੇ ਤੁਸੀਂ ਕਿਹੋ ਜਿਹੀਆਂ ਗੱਲਾਂ ਕਰਦੇ ਓਂ? ਕਹਿੰਦੇ ਮਹਾਰਾਜ ਅਸੀਂ ਸਿੱਖੀ ਸੰਭਾਲਦੇ ਰਹੇ ਹਾਂ, ਦੇਖੋ ਤੁਹਾਡੀ ਸਿੱਖੀ ਲੰਕਾ ਤੱਕ ਹੈ, ਇਧਰ ਤਾਸ਼ਕੰਦ ਤੱਕ ਹੈ, ਏਧਰ ਬਲਖ ਬੁਖਾਰਾ, ਇਰਾਨ ਤੱਕ ਹੈ। ਇਧਰ ਆਸਾਮ ਤੱਕ ਹੈ, ਤੁਸੀਂ ਜਾ ਨਹੀਂ ਸਕਦੇ ਸਭ ਥਾਵਾਂ ਤੇ, ਅਸੀਂ ਮਸੰਦ ਹੀ ਹਾਂ ਜਿਹੜੇ ਉਥੇ ਪ੍ਰਚਾਰ ਕਰਦੇ ਹਾਂ ਤੇ ਪਹਿਲੇ ਗੁਰੂ ਸਾਨੂੰ ਸਿਰੋਪਾਓ ਦਿੰਦੇ ਸੀ, ਤੁਸੀਂ ਝਿੜਕਾਂ ਮਾਰਦੇ ਹੋਂ। ਤੁਸੀਂ ਕਿਵੇਂ ਜਾ ਸਕਦੇ ਓਂ ਦੂਰ, ਤੁਸੀਂ ਇਕੱਲੇ ਹੋਂ, ਗੁਰੂ ਨਾਨਕ ਸਾਹਿਬ ਚਲੇ ਗਏ ਸੀ, ਮਹਾਰਾਜ ਆਹ ਵੀ ਕਦੇ ਗੱਲ ਸੋਚ ਲਿਆ ਕਰੋ। ਤੁਸੀਂ ਐਉਂ ਨਾ ਕਰੋ, ਸਾਡੇ ਪ੍ਰਤਿਆਵੇ ਨਾ ਲਵੋ, ਸਨਮਾਨ ਕਰੋ ਸਾਡਾ। ਮਹਾਰਾਜ ਕਹਿਣ ਲੱਗੇ, ਦੇਖੋ! ਪ੍ਰੇਮੀਓ! ਜਿਹੜਾ ਧਨ ਸਾਡੇ ਕੋਲ ਆਉਂਦਾ ਹੈ, ਉਹ ਖਾਂਦੇ ਨਹੀਂ ਹਾਂ ਧਨ। ਕੋਈ

ਵੀ ਮਹਾਤਮਾ ਪੂਜਾ ਦਾ ਧਨ ਨਹੀਂ ਖਾਇਆ ਕਰਦਾ। ਉਹ ਲੇਖੇ ਵਿਚ ਲਾਉਂਦਾ ਹੈ ਧਨ ਨੂੰ, ਉਹ ਤਾਂ ਪਰਉਪਕਾਰ ਹੈ, ਉਹ ਤਾਂ ਦੇਖਦੇ ਨੇ ਕਿ ਇਹਨੂੰ ਕਿਥੇ ਲਾਈਏ ਜਿਥੇ ਛੇਤੀ ਭਲਾ ਹੋ ਜਾਵੇ। ਕਹਿੰਦੇ ਇਸ ਵੇਲੇ ਸ਼ਸਤਰਾਂ ਦੀ ਲੋੜ ਹੈ ਅਸੀਂ ਭਾਈ ਜੰਗ ਦਾ ਸਮਾਨ ਲੈਂਦੇ ਹਾਂ, ਜੰਗ ਦੇ ਸਮਾਨ ਵਾਸਤੇ ਚੀਜ਼ਾਂ ਬਣਾਉਂਦੇ ਹਾਂ। ਸੰਸਾਰ ਦੇ ਭਲੇ ਵਾਸਤੇ, ਉਹਦੇ ਵਾਸਤੇ ਸਾਨੂੰ ਧਨ ਦੀ ਲੋੜ ਹੈ। ਤੁਸੀਂ ਰਾਹ 'ਚ ਚੋਰੀ ਕਰਦੇ ਓਂ। ਮਹਾਰਾਜ ਕਹਿੰਦੇ ਮੈਂ ਲੋਭੀ ਨਹੀਂ ਹਾਂ ਕਿ ਇਹ ਕਹਾਂ ਕਿ ਸਾਰਾ ਧਨ ਲਿਆ ਕੇ ਦਿਓ। ਪਰ ਤੁਹਾਨੂੰ ਪਤਾ ਹੈ ਕਿ ਗੁਰਸਿੱਖਾਂ ਦੀ ਕਿੱਡੀ ਭਾਵਨਾ ਹੈ, ਹਰ ਸਿੱਖ ਚਾਹੁੰਦਾ ਹੈ ਕਿ ਮੇਰੀ ਇਕ ਕੋਡੀ ਵੀ ਜੋ ਪਿਆਰ ਦੀ ਹੈ, ਉਹ ਵੀ ਗੁਰੂ ਦੇ ਲੰਗਰ 'ਚ ਚਲੀ ਜਾਵੇ, ਗੁਰੂ ਦੇ ਖਜ਼ਾਨੇ 'ਚ ਚਲੀ ਜਾਏ। ਇਹ ਮੇਰੀ ਜ਼ਿੰਮੇਵਾਰੀ ਹੈ ਪ੍ਰੇਮੀਓ! ਮੈਨੂੰ ਸਿੱਖਾਂ ਦੀ ਪੀੜਾਂ ਪਹੁੰਚਦੀ ਹੈ। ਉਨ੍ਹਾਂ ਦਾ ਪਿਆਰ ਮੇਰੇ ਨਾਲ ਪੁੱਤਰਾਂ ਵਰਗਾ ਹੈ। ਉਹ ਤੁਹਾਨੂੰ ਦਿੰਦੇ ਨੇ, ਤੁਸੀਂ ਧਨ ਪਤਾ ਕਿਵੇਂ ਲੈਂਦੇ ਓ, ਤੁਸੀਂ ਤਸੀਹੇ ਦਿੰਦੇ ਹੋ ਗੁਰਸਿੱਖਾਂ ਨੂੰ, ਸਰਾਪ ਦੇ ਦੇ ਕੇ ਡਰਾਉਂਦੇ ਨੇ। ਉਹ ਜੋ ਕੁਛ ਘਰ 'ਚ ਖਾਣ ਨੂੰ ਰੱਖਿਆ ਹੋਇਆ ਹੈ, ਉਹ ਤੁਹਾਡੇ ਹਵਾਲੇ ਕਰ ਦਿੰਦੇ ਨੇ, ਤੁਸੀਂ ਰਾਹ 'ਚ ਖਾ ਜਾਂਦੇ ਓਂ। ਪ੍ਰੇਮੀਓ! ਮੈਂ ਸਿੱਖਾਂ 'ਚ ਵਰਤਦਾ ਹਾਂ।

ਐਨੇ ਨੂੰ ਮਹਾਰਾਜ ਗੱਲ ਕਰਦੇ-ਕਰਦੇ ਦੀਵਾਨ 'ਚ ਬੈਠੇ ਨੇ, ਇਕ ਦਮ ਚੁੱਪ ਕਰ ਗਏ। ਸਮਾਧੀ ਸਥਿਤ ਹੋ ਗਏ। ਸਾਰੇ ਹੈਰਾਨ ਹੋ ਗਏ ਕਿ ਕੀ ਗੱਲ ਮਹਾਰਾਜ ਨੇ ਸਮਾਧੀ ਲਾ ਲਈ ਗੱਲ ਕਰਦੇ-ਕਰਦੇ। ਫੇਰ ਉਸੇ ਵੇਲੇ ਥੋੜ੍ਹੀ ਦੇਰ ਤੋਂ ਬਾਅਦ ਇਕ ਚੋਬਦਾਰ ਨੂੰ ਬੁਲਾਇਆ। ਕਹਿੰਦੇ ਐਉਂ ਕਰ ਬਾਹਰ ਫਲਾਣਾ ਦਰਖਤ ਹੈ, ਔਹ ਰਸਤੇ ਤੋਂ ਪਰ੍ਹੇ ਉਥੇ ਇਕ ਸਿੱਖ ਬੈਠਾ ਹੈ ਉਹਨੂੰ ਲੈ ਕੇ ਆ ਮੇਰੇ ਕੋਲ। ਚੋਬਦਾਰ ਚਲਿਆ ਗਿਆ, ਸਿੱਖ ਦੇ ਨੇਤਰਾਂ 'ਚੋਂ ਜਲ ਜਾ ਰਿਹਾ ਹੈ। ਅਰਦਾਸ ਵਿਚ ਜੁੜਿਆ ਹੋਇਆ ਹੈ ਕਿ ਹੇ ਪ੍ਰਭੂ! ਮੇਰੇ ਵਿਚ ਕੀ ਖਤਾ ਹੋ ਗਈ, ਤੇਰੇ ਦਰਵਾਜ਼ੇ ਤੋਂ ਤਾਂ ਕੋਈ ਨਹੀਂ ਰੋਕਦਾ ਹੈ। ਮੇਰੇ ਭਾਗ ਵਿਚ ਦਰਸ਼ਨ ਕਿਉਂ ਨਹੀਂ। ਜਦੋਂ ਮੈਂ ਦਰਸ਼ਨਾਂ ਨੂੰ ਜਾਂਦਾ ਹਾਂ, ਉਸ ਵੇਲੇ ਸਾਡਾ ਜਿਹੜਾ ਮੁਖੀ ਚੇਤੂ ਹੈ, ਇਹ ਵੀ ਕਹਿ ਦਿੰਦਾ ਹੈ ਕਿ ਦੇਖੀਂ ਗੁਰੂ ਸਾਹਿਬ ਕੋਲ ਨਾ ਜਾਈਂ, ਉਨ੍ਹਾਂ ਦੀ ਬਿਰਤੀ ਬੜੀ ਕਰੂਰ ਹੋਈ ਹੋਈ ਹੈ। ਜਿਹੜਾ ਚੋਬਦਾਰ ਖੜ੍ਹਾ ਹੈ, ਉਹ ਮੈਨੂੰ ਝਿੜਕ ਕੇ ਮੋੜ ਦਿੰਦਾ ਹੈ। ਹੇ ਸੱਚੇ ਪਾਤਸ਼ਾਹ! ਮੇਰੇ ਵਿਚ ਔਗੁਣ ਹੋ ਸਕਦੇ ਨੇ, ਪਾਤਸ਼ਾਹ ਮੇਰਾ ਔਗੁਣ ਨਾ ਜਾਣ। ਮੈਂ ਬੜੀ ਦੂਰੋਂ ਆਇਆ ਹਾਂ ਚੱਲ ਕੇ। ਜੇ ਮੇਰੇ ਵਿਚ ਹੈ ਵੀ ਔਗੁਣ, ਪਾਤਸ਼ਾਹ ਬਖਸ਼ ਦੇ। ਐਸ ਤਰ੍ਹਾਂ ਅਰਦਾਸਾਂ ਕਰਦਾ ਹੈ। ਰੋ ਰਿਹਾ ਹੈ, ਪਾਤਸ਼ਾਹ! ਮੇਰੇ ਵਿਚ ਕੀ ਕਮੀ ਹੈ, ਮੈਨੂੰ ਨਹੀਂ ਪਤਾ, ਤੈਨੂੰ ਪਤਾ ਹੈ, ਤੂੰ ਜਾਣਦਾ ਹੈਂ, ਮੇਰੇ ਵਿਚ ਕੀ ਕਮੀ ਹੈ। ਮੈਨੂੰ ਤੇਰਾ ਦਰਸ਼ਨ ਕਿਉਂ ਨਹੀਂ ਹੋ ਰਿਹਾ? ਪਾਤਸ਼ਾਹ! ਮੈਂ ਬੜੀ ਦੂਰੋਂ ਆਇਆ ਹਾਂ, ਸਾਰੇ ਕਾਰੋਬਾਰ ਛੱਡ ਕੇ ਆਇਆ ਹਾਂ। ਇਕ ਵਾਰੀ ਪਾਤਸ਼ਾਹ ਮੈਨੂੰ ਦਰਸ਼ਨ ਹੋ ਜਾਣ। ਭੁੱਲ ਬਖਸ਼ਾ ਲਵਾਂ, ਨਹੀਂ ਤਾਂ ਮੇਰਾ ਮਰਨ ਹੋ ਜਾਏਗਾ। ਮੈਂ ਜੀਉਂਦਾ ਨਹੀਂ ਰਹਿ ਸਕਦਾ। ਤੇਰੇ ਪਿਆਰ ਤੋਂ ਬਗੈਰ ਜੀਵਨ ਹੀ ਕੁਛ ਨਹੀਂ ਹੈ।

*ਜਿਉ ਮਛੁਲੀ ਬਿਨੁ ਪਾਣੀਐ*
*ਕਿਉ ਜੀਵਣੁ ਪਾਵੈ॥*
*ਬੂੰਦ ਵਿਹੂਣਾ ਚਾਤ੍ਰਿਕੋ*
*ਕਿਉ ਕਰਿ ਤ੍ਰਿਪਤਾਵੈ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ॥*
*ਭਵਰੁ ਲੋਭੀ ਕੁਸਮ ਬਾਸੁ ਕਾ*
*ਮਿਲਿ ਆਪੁ ਬੰਧਾਵੈ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ*
*ਦੇਖਿ ਦਰਸੁ ਅਘਾਵੈ॥* *ਅੰਗ - 709*

ਅਰਦਾਸਾਂ ਕਰਦਾ ਹੈ, ਪਾਤਸ਼ਾਹ! ਮੈਂ ਜੀਉਂਦਾ ਨਹੀਂ ਰਹਿ ਸਕਦਾ। ਨੇਤਰਾਂ 'ਚੋਂ ਜਲ ਜਾਂਦਾ ਹੈ। ਚੋਬਦਾਰ ਪਿਛੇ ਖੜ੍ਹਾ ਸਭ ਸੁਣ ਰਿਹਾ ਹੈ ਤੇ ਦਖਲ ਨਹੀਂ ਦਿੰਦਾ ਕਿ ਗੁਰਸਿੱਖ ਦੀ ਲਿਵ ਟੁੱਟ ਜਾਏਗੀ, ਗੁਰੂ ਦੇ ਚਰਨਾਂ ਨਾਲੋਂ। ਅਖੀਰ ਉਸ ਨੇ ਰੁਮਾਲ ਲਿਆ, ਜਲ ਪੂੰਜਿਆ, ਤਾਂ ਪਿਛੇ ਦੇਖਿਆ ਤਾਂ ਚੋਬਦਾਰ ਖੜ੍ਹਾ। ਕਹਿਣ ਲੱਗਿਆ, ਪ੍ਰੇਮੀਆ! ਤੈਨੂੰ ਗੁਰੂ ਮਹਾਰਾਜ ਯਾਦ ਕਰ ਰਹੇ ਨੇ। ਕਹਿੰਦਾ ਮੈਨੂੰ? ਉਸ ਵੇਲੇ ਜਦੋਂ ਆ ਗਿਆ ਗੁਰੂ ਮਹਾਰਾਜ ਦੇ ਦੁਆਰੇ, ਜਿਹੜੇ ਚੋਬਦਾਰ ਖੜ੍ਹਾ ਸੀ ਉਹ ਕਹਿਣ ਲੱਗਿਆ, ਇਹਨੂੰ ਹੁਕਮ ਨਹੀਂ ਅੰਦਰ ਜਾਣ ਦਾ। ਕਹਿੰਦੇ ਤੈਨੂੰ ਕਿਹਨੇ ਕਿਹਾ ਹੈ ਚੋਬਦਾਰ ਕਹਿਣ ਲੱਗਿਆ। ਕਹਿੰਦਾ ਮੈਨੂੰ ਚੇਤੋ ਮਸੰਦ ਨੇ ਕਿਹਾ ਕਿ ਇਹਨੂੰ ਗੁਰੂ ਕੋਲ ਨਹੀਂ ਜਾਣ ਦੇਣਾ, ਇਹ ਬੜਾ ਬਦਮਾਸ਼ ਬੰਦਾ ਹੈ, ਝੂਠਾ ਬੰਦਾ ਹੈ। ਉਹ ਕਹਿੰਦਾ ਕਿ ਮੈਨੂੰ ਸਭ ਤੋਂ ਵੱਡੇ ਨੇ ਕਿਹਾ ਹੈ, ਆਪ ਕਿਹਾ ਹੈ ਗੁਰੂ ਮਹਾਰਾਜ ਨੇ ਕਿ ਇਹਨੂੰ ਬੁਲਾ ਕੇ ਲਿਆਓ। ਆਪਸ ਵਿਚ ਝਗੜਾ ਕਰਦੇ ਨੇ। ਸੋ ਗੁਰਸਿੱਖ ਗੁਰੂ ਮਹਾਰਾਜ ਕੋਲ ਪਹੁੰਚ ਗਿਆ। ਜਾ ਕੇ ਚਰਨਾਂ ਤੇ ਢਹਿ ਪਿਆ, ਰੋਂਦਾ ਹੈ ਪਾਤਸ਼ਾਹ! ਮੇਰੇ ਤੋਂ ਕੀ ਅਵੱਗਿਆ ਹੋ ਗਈ। ਮਹਾਰਾਜ ਕਹਿੰਦੇ ਅਵੱਗਿਆ ਕਾਹਦੀ, ਸਾਡੇ ਵਾਸਤੇ ਕੀ ਲੈ ਕੇ ਆਇਆ ਹੈ। ਖਾਲੀ ਹੱਥ ਆ ਗਿਆ। ਕਹਿੰਦਾ ਸੱਚੇ ਪਾਤਸ਼ਾਹ! ਗੁਰੂ ਪੀਰ ਦੇ ਕੋਲ ਖਾਲੀ ਹੱਥ ਆਉਣਾ ਤਾਂ ਪਾਪ ਹੋਇਆ ਕਰਦਾ ਹੈ। ਖਾਲੀ ਹੱਥ ਆਉਂਦਾ ਹੈ ਖਾਲੀ ਮੁੜ ਜਾਂਦਾ ਹੈ। ਜੇ ਕੁਛ ਲਿਆਉਂਦਾ ਹੈ, ਭਰ ਕੇ ਜਾਂਦਾ ਹੈ। ਪਾਤਸ਼ਾਹ! ਮੈਂ ਇਕ ਜੜਾਉ ਚੂੜਾ

ਹੋਰ ਕਈ ਗਹਿਣੇ ਭੇਜੇ ਨੇ, ਚੇਤੂ ਮਸੰਦ ਦੇ ਕੋਲ। ਮਹਾਰਾਜ ਕਹਿੰਦੇ ਬੁਲਾਓ ਉਹਨੂੰ। ਬੁਲਾਇਆ, ਕਿਉਂਕਿ ਪਹਿਲਾਂ ਮਹਾਰਾਜ ਨਾਲ ਨਰਾਜ਼ ਹੋ ਕੇ ਗਿਆ ਸੀ ਕਿ ਮਹਾਰਾਜ ਤੁਸੀਂ ਸਾਨੂੰ ਚੋਰ ਕਹਿੰਦੇ ਓਂ। ਮਹਾਰਾਜ ਕਹਿੰਦੇ, ਚੇਤੋ ਇਹ ਸਿੱਖ ਕੀ ਕਹਿੰਦਾ ਹੈ? ਕਹਿੰਦਾ, ਇਹ ਸਿੱਖ ਇਥੇ ਕਿਥੋਂ ਆ ਗਿਆ, ਇਹ ਤਾਂ ਝੂਠਾ ਹੈ, ਇਹਨੂੰ ਤਾਂ ਮੈਂ ਮਨ੍ਹਾਂ ਕਰਿਆ ਹੋਇਆ ਸੀ। ਦਿਮਾਗ ਵਿਗੜਿਆ ਹੋਇਆ ਹੈ ਇਹਦਾ।

ਮਹਾਰਾਜ ਕਹਿੰਦੇ, ਚੇਤੋ! ਐਸੇ ਬੀਜ ਨਾ ਬੀਜ ਜਿਹੜੇ ਫੇਰ ਤੈਨੂੰ ਵੱਢਣੇ ਔਖੇ ਹੋ ਜਾਣ। ਤੂੰ ਸਿਰੋਪੇ ਭਾਲਦਾ ਹੈਂ। ਬੀਜ ਬੀਜਦਾ ਹੈਂ ਕਿੱਕਰਾਂ ਦੇ ਤੇ ਕਹਿੰਦਾ ਹੈਂ ਮੈਨੂੰ ਮਿਲ ਜਾਣ ਦਾਖ ਬਿਜੋਰੀਆਂ।

***ਫਰੀਦਾ ਲੋੜੈ ਦਾਖ ਬਿਜਉਰੀਆਂ***
***ਕਿਕਰਿ ਬੀਜੈ ਜਟੁ॥***
***ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ॥***
***ਅੰਗ - 1380***

ਚੇਤੋ! ਦੇਖ ਲੈ ਕਿਤੇ ਭੁੱਲ ਗਿਆ ਹੋਏਂਗਾ। ਘਰ ਰੱਖ ਕੇ ਭੁੱਲ ਗਿਆ ਹੋਏਂਗਾ। ਕਹਿੰਦੇ ਸਿਰੋਪੇ ਤਾਂ ਤਾਂਹੀ ਮਿਲਦੇ ਨੇ, ਜੇ ਗੁਰੂ ਦਾ ਚਿੱਤ ਖੁਸ਼ ਹੋਏ। ਬੀਜਦਾ ਤੂੰ ਕਿੱਕਰਾਂ ਹੈਂ ਤੇ ਭਾਲਦਾ ਦਾਖ ਬਿਜੋਰੀਆਂ ਹੈ। ਦੇਖ ਲੈ, ਯਾਦ ਕਰ ਲੈ। ਕਾਫੀ ਸੰਗਤ ਇਕੱਠੀ ਹੋ ਗਈ। ਚੇਤੋ ਨੂੰ ਆ ਰਿਹਾ ਹੈ ਕਿ ਇਹ ਮੇਰੀ ਬੇਇਜ਼ਤੀ ਹੋ ਰਹੀ ਹੈ। ਕਹਿੰਦਾ, ਸੱਚੇ ਪਾਤਸ਼ਾਹ! ਮੇਰੀ ਗੱਲ ਮੰਨਣੀ ਹੈ ਕਿ ਸਿੱਖ ਦੀ ਮੰਨਣੀ ਹੈ। ਆਹ ਸਿੱਖ ਦੇ ਕੋਲ ਤਾਂ ਰੋਟੀ ਖਾਣ ਜੋਗਾ ਵੀ ਪੈਸਾ ਨਹੀਂ। ਇਹ ਕਹਿੰਦਾ ਹੈ, ਮੈਂ ਤੈਨੂੰ ਦਿਤਾ। ਪਾਤਸ਼ਾਹ! ਇਹਦੇ ਔਗੁਣ ਜੇ ਮੈਂ ਤੁਹਾਨੂੰ ਦੱਸਾਂ, ਤੁਸੀਂ ਹੈਰਾਨ ਹੋ ਜਾਓਂ। ਮੈਂ ਤਾਂ ਹੀ ਨਹੀਂ ਸੀ ਅੰਦਰ ਵੜਨ ਦਿੰਦਾ ਕਿ ਐਹੋ ਜਿਹਾ ਮਾੜਾ ਬੰਦਾ ਤੁਹਾਡੇ ਮੱਥੇ ਕੀ ਲਾਉਣਾ ਹੈ। ਮਹਾਰਾਜ ਕਹਿੰਦੇ, ਚੇਤੋ! ਸੋਚ ਲੈ। ਮੈਨੂੰ ਕੋਈ ਮਾੜਾ ਨਹੀਂ ਹੈ, ਸਭ ਮੇਰੇ ਪਿਆਰੇ ਗੁਰਸਿੱਖ ਨੇ। ਬੱਚਾ ਜੇ ਲਿਬੜਿਆ ਵੀ ਹੋਵੇ ਤਾਂ ਵੀ ਮਾਂ ਨੂੰ ਨਹੀਂ ਲਗਦਾ। ਗੁਰੂ ਤਾਂ ਔਗੁਣ ਨਹੀਂ ਵਿਚਾਰਿਆ ਕਰਦਾ, ਮਾਂ ਨਹੀਂ ਔਗੁਣ ਬੱਚੇ ਦੇ ਵਿਚਾਰਦੀ। ਸੋ ਚੇਤੋ ਦੇਖ ਲੈ, ਭੁੱਲ ਗਿਆ ਹੋਏਂਗਾ। ਕਹਿੰਦਾ, ਮਹਾਰਾਜ! ਤੁਸੀਂ ਤਾਂ ਮੇਰੀ ਸੰਗਤ ਦੇ ਸਾਮ੍ਹਣੇ ਬੇਇਜ਼ਤੀ ਕਰਨ ਲਗ ਗਏ। ਮੈਨੂੰ ਸੱਚਮੁਚ ਤੁਸੀਂ ਚੋਰ ਸਮਝਦੇ ਓਂ ਤੇ ਆਹ ਜਿਹੜਾ ਹੈ ਕਿਸੇ ਕੰਮ ਦਾ ਸਿੱਖ ਨਹੀਂ ਹੈ। ਇਹਨੂੰ ਤੁਸੀਂ ਮੇਰੇ ਤੋਂ ਉਪਰ ਲਈ ਜਾਂਦੇ ਨੇ। ਮਹਾਰਾਜ ਨੇ ਉਸ ਵੇਲੇ ਪੰਜ ਸ਼ਸ਼ਤਰਧਾਰੀਆਂ ਨੂੰ ਹੁਕਮ ਕਰਿਆ ਕਿ ਐਉਂ ਕਰੋ ਚੇਤੂ ਦੇ ਡੇਰੇ ਜਾਓ, ਉਥੇ ਜਾ ਕੇ ਏਸ ਰੰਗ ਦਾ ਇਕ ਟਰੰਕ ਪਿਆ ਹੈ, ਉਹਦਾ ਤਾਲਾ ਤੋੜ ਲਓ, ਉਥੋਂ ਚੂੜਾ ਕੱਢ ਲਿਆਓ। ਪੀਲਾ ਰੰਗ ਹੋ ਗਿਆ। ਬਾਕੀ ਵੀ ਮਸੰਦ ਸਾਰੇ ਹੈਰਾਨ ਹੋ ਗਏ ਕਿ ਆਹ ਕੀ ਗੱਲ ਹੋ ਗਈ। ਡਰ ਗਏ ਕਿ ਅਸੀਂ ਵੀ ਚੋਰੀਆਂ ਕਰੀਆਂ ਨੇ। ਕਿਉਂਕਿ ਸਾਰੇ ਹੀ ਚੋਰ ਸੀ ਵਾਢਾ ਧਰ ਕੇ। ਕੋਈ-ਕੋਈ ਸੀ ਭਾਈ ਚੰਗਾ। ਥੋੜ੍ਹੇ ਰਹਿ ਗਏ ਸੀ ਚੰਗੇ, ਬਾਕੀ ਮਾੜੇ ਬਹੁਤੇ ਸੀ। ਉਸੇ ਵੇਲੇ ਗਏ, ਸਿੰਘਾਂ ਨੇ ਜਾ ਕੇ ਤਾਲਾ ਭੰਨਿਆ, ਚੂੜਾ ਕੱਢ ਲਿਆਂਦਾ। ਮਹਾਰਾਜ ਕਹਿੰਦੇ, ਕਿਉਂ ਚੇਤੂ? ਆਹੀ ਹੈ ਨਾ ਇਹ। ਚੁੱਪ ਕਰਿਆ ਬੈਠਾ ਹੈ, ਨੀਵੀਂ ਪਾ ਲਈ। ਮਹਾਰਾਜ ਨੇ ਕਿਹਾ ਕਿ ਤੈਨੂੰ ਮਾਇਆ ਨੇ ਮੋਹ ਲਿਆ, ਤੁਸੀਂ ਮਸੰਦਾਂ ਨੇ ਪੂਜਾ ਦਾ ਧਾਨ ਖਾਧਾ ਹੈ। ਪੂਜਾ ਧਾਨ ਜੋ ਖਾਏਗਾ -

*ਧਰਮਸਾਲਾ ਦੀਆ ਰੋਟੀਆਂ ਤਿੰਨ ਕੰਮ ਕਰੇਨਿ।*
*ਹੱਡ ਗਾਲਣ ਮੱਤ ਮਾਰਨ ਭਜਨ ਕਰਨ ਨ ਦੇਨਿ।*

ਇਹ ਤੁਸੀਂ ਪੂਜਾ ਧਨ ਖਾ ਖਾ ਕੇ, ਗੁਰੂ ਦੇ ਨਮਿੱਤ ਆਇਆ ਧਨ ਆਪ ਖਾ-ਖਾ ਕੇ ਮਰ ਗਏ ਤੁਸੀਂ। ਤੁਹਾਨੂੰ ਮਾਇਆ ਨੇ ਮੋਹ ਲਿਆ। ਮਹਾਰਾਜ ਕਹਿੰਦੇ, ਇਸ ਮਾਇਆ ਨੇ ਤਾਂ ਵੱਡੇ-ਵੱਡੇ ਗੇਰ ਦਿਤੇ। ਇਹਦੇ ਮੂਹਰੇ ਚੇਤੋ ਦੀ ਕੀ ਮਜ਼ਾਲ ਹੈ ਕਿ ਰੁਕ ਜਾਂਦਾ।

***ਮਾਇਆ ਹੋਈ ਨਾਗਨੀ***
***ਜਗਤਿ ਰਹੀ ਲਪਟਾਇ॥***
***ਇਸ ਕੀ ਸੇਵਾ ਜੋ ਕਰੇ***
***ਤਿਸ ਹੀ ਕਉ ਫਿਰਿ ਖਾਇ॥ ਅੰਗ - 511***

ਕਹਿੰਦੇ ਚੇਤੂ, ਤੂੰ ਇਕੱਲਾ ਨਹੀਂ ਹੈਂ, ਤੇਰਾ ਸਾਰਾ ਭਾਈਚਾਰਾ ਇਹ ਮਾਇਆ ਨੇ ਮੋਹ ਲਿਆ। ਤੁਹਾਡੇ ਜ਼ਿੰਮੇ ਬੜਾ ਪਵਿੱਤਰ ਕੰਮ ਦਿਤਾ ਸੀ। ਤੁਹਾਡਾ ਦਰਜਾ ਕਿੰਨਾ ਵਧਾਇਆ ਸੀ -

***ਜਨ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ***
***ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥***
***ਅੰਗ - 306***

ਕਹਿੰਦੇ ਅਸੀਂ ਧੂੜੀ ਮੰਗਦੇ ਸੀ, ਤੇਰੇ ਚਰਨਾਂ ਦੀ ਕਿਉਂਕਿ ਇਹ ਆਪ ਵੀ ਨਾਮ ਜਪਦੇ ਨੇ ਤੇ ਜਪਾ ਵੀ ਰਹੇ ਨੇ। ਐਨੇ ਤੁਸੀਂ ਗਿਰ ਗਏ? ਸੋ ਉਸ ਵੇਲੇ ਮਹਾਰਾਜ ਜੀ ਨਿਰਾਸ ਹੋ ਗਏ। ਨਾ ਮਸੰਦ ਰਹੇ, ਨਾ ਬ੍ਰਾਹਮਣ ਰਹੇ, ਨਾ ਜੋਗੀ ਰਹੇ, ਨਾ ਸੰਨਿਆਸੀ ਰਹੇ, ਨਾ ਸਾਧੂ ਸੰਤ ਰਿਹਾ, ਨਾ ਰਾਜੇ ਰਹੇ। ਹੁਣ ਲਾ-ਇਲਾਜ ਬਿਮਾਰੀ ਹੋ ਗਈ ਸੀ, ਅਧਰੰਗ ਹੋ ਗਿਆ ਕੌਮ ਨੂੰ। ਹੁਣ ਉਠਾਈ ਕਿਵੇਂ ਜਾਵੇ, ਉਸ ਵੇਲੇ ਮਹਾਰਾਜ ਨੇ ਦੂਸਰੇ ਦਿਨ ਬੜਾ ਭਾਰੀ ਇਕੱਠ ਬੁਲਾਇਆ। ਐਸਾ ਦਸਦੇ ਨੇ ਕਿ 80 ਹਜ਼ਾਰ ਬੰਦਾ ਅਨੰਦਪੁਰ ਸਾਹਿਬ ਪਹੁੰਚਿਆ। ਲੰਕਾ ਤੋਂ ਵੀ ਪਹੁੰਚੇ, ਅਸਾਮ ਤੋਂ ਵੀ ਪਹੁੰਚੇ, ਬਲਖ ਬੁਖਾਰੇ ਤੋਂ, ਕਾਬਲ

ਤੋਂ, ਕੰਧਾਰ ਤੋਂ, ਈਰਾਨ ਤੋਂ, ਹਿਮਾਲੀਆ ਪਰਬਤ ਤੋਂ, ਤਿੱਬਤ ਤੋਂ ਵੀ ਆਈ ਬੈਠੀ ਸੀ ਸੰਗਤ। ਸਾਰੇ ਸੰਸਾਰ ਦੇ ਭਲੇ ਵਾਸਤੇ ਬਾਣੀ ਉਚਾਰਨ ਕਰੀ ਤੇ ਪ੍ਰਮੇਸ਼ਰ ਦੇ ਨਾਮ ਦਾ ਹੋਕਾ ਦਿਤਾ। ਸਾਰਿਆਂ ਨੂੰ ਪ੍ਰਮੇਸ਼ਰ ਦੇ ਨਾਲ ਜੋੜਿਆ ਤੇ ਇਕ ਐਸੀ ਸੁਸਾਇਟੀ, ਐਸੀ ਸਮਾਜ ਦੀ ਆਪ ਕਲਪਨਾ ਕਰਦੇ ਸੀ ਜਿਹਦੇ ਵਿਚ ਨਾ ਦੁਖ ਹੋਵੇ, ਨਾ ਬਿਮਾਰੀ ਹੋਵੇ, ਨਾ ਗਰੀਬੀ ਹੋਵੇ, ਨਾ ਕੋਈ ਤੰਗ ਹੋਵੇ, ਸਾਰਿਆਂ ਦੇ ਮੂੰਹ ਦੇ ਉਤੇ ਮੁਸਕਰਾਹਟ ਹੋਵੇ। ਕਿਸੇ ਦੇ ਚਿਹਰੇ ਦੇ ਉਤੇ ਝੁਰੜੀਆਂ ਨਾ ਪਈਆਂ ਹੋਣ। ਕਿਸੇ ਦਾ ਮੱਥਾ ਘੁੱਟਿਆ ਨਾ ਹੋਵੇ। ਹਰ ਕੋਈ ਫੁੱਲਾਂ ਵਾਂਗੂੰ ਹਸੂੰ-ਹਸੂੰ ਕਰਦਾ ਫਿਰੇ। ਪਰ ਸਾਧਸੰਗਤ ਜੀ ਦੂਸਰੇ ਪਾਸੇ ਜੋ ਰਾਜ ਹੈ, ਉਹਨੇ ਕਿੱਡਾ ਅਨਿਆ ਕੀਤਾ ਹੈ। ਗੁਰੂ ਅਰਜਨ ਪਾਤਸ਼ਾਹ ਜੀ ਨੂੰ ਤਸੀਹੇ ਦੇ ਦੇ ਕੇ ਸ਼ਹੀਦ ਕਰ ਦਿਤਾ। ਪਿਤਾ ਜੀ ਨੂੰ, ਐਨੀਓ ਗੱਲ ਕਹੀ ਸੀ ਕਿ ਔਰੰਗਜ਼ੇਬ ਨੂੰ ਕਿ ਤੂੰ ਹਿੰਦੂਆਂ ਨੂੰ ਨਾ ਜ਼ਬਰਦਸਤੀ ਮੁਸਲਮਾਨ ਬਣਾ। ਨਾ ਜਨੇਊ ਲਾਹ ਤੇ ਨਾਹ ਮੰਦਰ ਢਾਹ। ਉਨ੍ਹਾਂ ਦਾ ਆਪਣਾ ਕੰਮ ਨਹੀਂ ਸੀ ਮੰਦਰਾਂ ਨਾਲ ਤੇ ਜਨੇਊ ਨਾਲ। ਆਪ ਤਾਂ ਕਹਿੰਦੇ ਸੀ -

***ਦਇਆ ਕਪਾਹ ਸੰਤੋਖੁ ਸੂਤੁ***
***ਜਤੁ ਗੰਢੀ ਸਤੁ ਵਟੁ॥***
***ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥***
***ਅੰਗ - 472***

ਸਿੱਖ ਜਨੇਊ ਨਹੀਂ ਸੀ ਪਾਉਂਦੇ। ਪਰ ਇਹ ਵੀ ਨਹੀਂ ਸੀ ਚਾਹੁੰਦੇ ਕਿ ਕਿਸੇ ਦਾ ਜਨੇਊ ਜ਼ਬਰਦਸਤੀ ਲਹਿ ਜਾਵੇ। ਸੋ ਉਨ੍ਹਾਂ ਨੇ ਸੱਚ ਦੀ ਆਵਾਜ਼ ਉਠਾਈ, ਇਨਸਾਫ ਦੇਣ ਦੀ ਥਾਂ ਕਿਸ ਤਰ੍ਹਾਂ ਨਾਲ ਸ਼ਹੀਦ ਕਰ ਦਿਤੇ। ਭਾਈ ਮਤੀ ਦਾਸ ਨੂੰ ਆਰੇ ਦੇ ਨਾਲ ਦੋ ਫਾੜ ਕਰ ਦਿਤਾ, ਭਾਈ ਦਿਆਲੇ ਨੂੰ ਦੇਗ ਦੇ ਵਿਚ ਐਉਂ ਉਬਾਲ ਦਿਤਾ, ਜਿਵੇਂ ਸਬਜ਼ੀ ਉਬਾਲੀ ਹੈ। ਭਾਈ ਸਤੀ ਦਾਸ ਨੂੰ ਰੂੰ ਬੰਨ੍ਹ ਕੇ ਜੀਉਂਦੇ ਨੂੰ ਜਾਲ ਦਿਤਾ। ਹੁਣ ਅਸੀਂ ਦੇਖ ਲਿਆ ਹੈ ਕਿ ਸਾਧਾਂ ਸੰਤਾਂ ਦੇ ਹੱਥ ਵਿਚ ਸ਼ਕਤੀ ਵੀ ਚਾਹੀਦੀ ਹੈ। ਦੇਹ ਸਦਾ ਨਹੀਂ ਰਹਿੰਦੀ, ਇਹਨੇ ਚਲੇ ਜਾਣਾ ਹੈ। ਵੱਡੇ-ਵੱਡੇ ਸੰਸਾਰ ਤੇ ਆਏ, ਸੰਸਾਰ ਤੇ ਕੋਈ ਨਹੀਂ ਰਿਹਾ। ਬੰਦਗੀ ਕਰਨ ਵਾਲੇ ਦਾ ਜੋ ਸਰੀਰ ਹੈ ਜੇ ਦੇਸ਼ ਦੇ ਲੇਖੇ ਲਗ ਜਾਵੇ, ਗਰੀਬ ਦੇ ਦੁਖ ਨੂੰ ਦੂਰ ਕਰਨ ਵਾਸਤੇ ਲਗ ਜਾਵੇ, ਤਾਂ ਫੇਰ ਉਹ ਕਿੰਨਾ ਪੁੰਨ ਪ੍ਰਾਪਤ ਕਰਦਾ ਹੈ। ਸਿੱਧਾ ਹੀ ਸਚਖੰਡ 'ਚ ਵਾਸਾ ਮਿਲਦਾ ਹੈ ਉਸਨੂੰ।

ਸੋ ਸਾਧਸੰਗਤ ਜੀ! ਇਸ ਦੁਖ ਨੂੰ ਕਿਸੇ ਨੇ ਦੂਰ ਕਰਨ ਨਹੀਂ ਆਉਣਾ। ਇਹ ਪੰਡਤ ਲੋਕ ਕਹਿੰਦੇ ਸੀ ਕਿ ਦੇਵਤਾ ਪ੍ਰਗਟ ਕਰ ਲਓ। ਉਹ ਇਕ ਬਚਨ ਦੇ ਕੇ ਸਭ ਕੁਛ ਕਰ ਦੇਏਗਾ। ਉਹ ਵੀ ਗੱਲ ਫੇਲ੍ਹ ਹੋ ਗਈ, ਕੋਈ ਦੇਵਤਾ ਨਹੀਂ ਆਉਣਾ। ਮਤਾਂ ਤੁਹਾਡੇ ਮਨਾਂ ਵਿਚ ਭਰਮ ਹੋਵੇ ਕਿ ਕਿਸੇ ਦੇਵੀ ਦੇਵਤਾ ਨੂੰ ਅਰਾਧ ਲਵੋ, ਮਹਾਰਾਜ ਉਹ ਆ ਕੇ ਕਰ ਦਏਗਾ। ਕਿੰਨੇ ਮੰਦਰ ਤੋੜ ਦਿਤੇ ਗਏ, ਸੋਮਨਾਥ ਦਾ ਮੰਦਰ ਕਿਵੇਂ ਬਰਬਾਦ ਕਰ ਦਿਤਾ ਗਿਆ। ਮਥਰਾ ਦੇ ਫਰਲਾਂਗ-ਫਰਲਾਂਗ ਚੌੜੇ ਮੰਦਰ ਮਿੱਟੀ ਵਿਚ ਰਲਾ ਦਿਤੇ। ਕੋਈ ਨਹੀਂ ਆਇਆ, ਕਿਸੇ ਨੇ ਨਹੀਂ ਬਹੁੜਨਾ, ਇਹ ਤਾਂ ਪ੍ਰਮੇਸ਼ਰ ਨੇ ਇਨ੍ਹਾਂ ਡੌਲਿਆਂ 'ਚ ਬਲ ਦਿਤਾ ਹੈ। ਆਹ ਬਲ ਦਾ ਪ੍ਰਯੋਗ ਕਰੋ। ਸੋ ਉਸ ਵੇਲੇ ਮਹਾਰਾਜ ਨੇ ਵੀਚਾਰ ਕਰ ਲਈ ਕਿ ਹੁਣ ਕਸਵੱਟੀ ਲਾਈ ਜਾਏਗੀ। ਕਸਵੱਟੀ 'ਚ ਵਿਚ ਖਰੇ-ਖਰੇ ਨਿਕਲਣਗੇ। ਖੋਟੇ ਸਭ ਨੱਠ ਜਾਣਗੇ।

ਲੇਕਿਨ ਕਸਵੱਟੀ ਜਦੋਂ ਸਾਧਸੰਗਤ ਜੀ ਲਗ ਜਾਂਦੀ ਹੈ ਸਾਰੇ ਨਹੀਂ ਪਾਸ ਹੁੰਦੇ, ਕੋਈ-ਕੋਈ ਹੁੰਦਾ ਹੈ।

***ਕਬੀਰ ਕਸਉਟੀ ਰਾਮ ਕੀ***
***ਝੂਠਾ ਟਿਕੈ ਨ ਕੋਇ॥***
***ਰਾਮ ਕਸਉਟੀ ਸੋ ਸਹੈ ਜੋ ਮਰਜੀਵਾ ਹੋਇ॥***
***ਅੰਗ - 949***

ਮਹਾਰਾਜ ਜੀ ਨੇ ਸਿੱਧਾ ਆਪਣੇ ਸਿੱਖਾਂ ਦੇ ਉਤੇ ਕਸਉਟੀ ਲਾਉਣ ਦੀ ਸਾਰੀ ਸਕੀਮ ਸੋਚ ਲਈ।

ਅੱਜ ਦੀਵਾਨ ਲੱਗਿਆ ਹੋਇਆ ਹੈ, 80 ਹਜ਼ਾਰ ਬੰਦਾ ਦੀਵਾਨ ਵਿਚ ਬੈਠਾ ਹੈ। ਸਾਰੇ ਭਾਰਤਵਰਸ਼ ਦੇ ਕੋਨੇ-ਕੋਨੇ ਤੋਂ ਸਿੱਖ ਆਏ ਹੋਏ ਨੇ। ਆਬਾਦੀ ਵੀ ਬੜੀ ਥੋੜ੍ਹੀ ਸੀ ਉਸ ਵੇਲੇ। ਬਹੁਤ ਘੱਟ ਆਬਾਦੀ ਸੀ। ਲੇਕਿਨ ਐਨੇ ਸਿੱਖਾਂ ਦਾ ਇਕੱਠੇ ਹੋ ਜਾਣਾ, ਨਾ ਕੋਈ ਸਵਾਰੀ, ਪੈਦਲ ਚੱਲ-ਚੱਲ ਕੇ ਆਉਂਦੇ ਸੀ। ਹਜ਼ਾਰ-ਹਜ਼ਾਰ, ਦੋ-ਦੋ ਹਜ਼ਾਰ, ਤਿੰਨ-ਤਿੰਨ ਹਜ਼ਾਰ, ਚਾਰ-ਚਾਰ ਹਜ਼ਾਰ ਕਿਲੋਮੀਟਰ ਤੋਂ ਪੈਦਲ ਚੱਲ ਕੇ ਗੁਰਸਿੱਖ ਪਹੁੰਚੇ ਸੀ ਤੇ ਸਾਰੇ ਮਹਾਰਾਜ ਦੇ ਮੁਖੜੇ ਵਲ ਐਸ ਤਰ੍ਹਾਂ ਦੇਖਦੇ ਨੇ ਕਿ ਜਿਵੇਂ ਹਜ਼ਾਰਾਂ ਚਕੋਰ ਬੈਠੀ ਹੋਈ ਚੰਦਰਮਾ ਵਲ ਦੇਖਦੀ ਹੋਵੇ। ਨੇਤਰ ਨਹੀਂ ਝਮਕਦੇ ਕਿ ਦਰਸ਼ਨ ਕਿਤੇ ਅੱਖ ਝਮਕੀ ਤੇ ਰਹਿ ਨਾ ਜਾਣ। ਮਹਾਰਾਜ ਦੇ ਹੱਥ ਵਿਚ ਤੀਰ ਹੈ। ਸੰਗਤ ਵਲ ਬੜੇ ਪਿਆਰ ਵਲ ਦੇਖਦੇ ਨੇ। ਲੇਕਿਨ ਅਚਾਨਕ ਆਪ ਦੇ ਚਿਹਰੇ ਦੇ ਉਤੇ ਕੁਛ ਰੇਖਾਵਾਂ ਉਭਰ ਆਈਆਂ। ਬੁੱਲ੍ਹ ਦੰਦਾਂ ਦੇ ਵਿਚ ਲੈ ਲਿਆ। ਸ੍ਰੀ ਸਾਹਿਬ ਕੱਢ ਲਈ ਤੇ ਤਖਤ ਤੇ ਆ ਗਏ। ਆਵਾਜ਼ ਦਿਤੀ ਕਹਿਣ ਲੱਗੇ, ਗੁਰਸਿੱਖੋ! ਆਹ ਸੰਸਾਰ ਦੇ ਦੁੱਖ ਦੂਰ ਕਰਨ ਵਾਸਤੇ ਹਵਨ ਕੁੰਡ ਦੇ ਵਿਚ ਇਕ ਸੀਸ ਪਾਉਣਾ ਹੈ, ਇਕ ਸੀਸ ਦੀ ਲੋੜ ਹੈ। ਉਠੋ ਕੋਈ ਪਿਆਰਾ ਤੇ ਸੀਸ ਦੇ ਦਿਓ। ਆਵਾਜ਼ ਸੁਣ ਲਈ ਸਾਰਿਆਂ ਨੇ ਸਾਧਸੰਗਤ ਜੀ! ਸਮਝ 'ਚ ਨਹੀਂ ਆਈ ਗੱਲ ਕਿ ਮਹਾਰਾਜ ਨੇ ਇਹ ਕੀ ਗੱਲ ਕਹਿ ਦਿਤੀ। ਅਚਾਨਕ ਇਹ ਗੱਲ ਕਹਿ ਦਿਤੀ

ਸਾਰੇ ਹੈਰਾਨ ਜਿਹੇ ਹੋ ਗਏ। ਮਹਾਰਾਜ ਨੇ ਦੂਸਰੀ ਵਾਰੀ ਫੇਰ ਬਚਨ ਕਰਿਆ। ਕਹਿੰਦੇ ਇਕ ਸੀਸ ਦੀ ਲੋੜ ਹੈ। ਉਠੋ, ਕੋਈ ਗੁਰੂ ਦਾ ਪਿਆਰਾ। ਫੁਰਨਾ ਬਣਨ ਲਗ ਗਿਆ ਅੰਦਰ ਕਿ ਸੀਸ ਦੇਣਾ ਹੈ। ਹਰੇਕ ਦੇ ਅੰਦਰ ਕੰਮ ਕਰਨਾ ਸ਼ੁਰੂ ਕਰ ਦਿਤਾ ਨਿਰਨੇ ਨੇ। ਤੀਸਰੀ ਆਵਾਜ਼ ਮਹਾਰਾਜ ਨੇ ਦਿਤੀ ਆਵਾਜ਼ ਖਤਮ ਹੁੰਦੇ ਹੀ, ਗੁਰਸਿੱਖ ਖੜ੍ਹਾ ਹੋ ਗਿਆ, ਜਿਸ ਦਾ ਨਾਮ ਭਾਈ ਦਇਆ ਰਾਮ ਲਾਹੌਰ ਦੇ ਰਹਿਣ ਵਾਲੇ, ਦੋਵੇਂ ਹੱਥ ਜੋੜ ਕੇ ਮਹਾਰਾਜ ਦੇ ਪਾਸ ਆ ਕੇ ਬੇਨਤੀ ਕਰਨ ਲੱਗੇ –

*ਹਰ ਸਿੱਖ ਦੀ ਹੈ ਤੂੰਬੜੀ,*
*ਤੂੰ ਅੰਮ੍ਰਿਤ ਦੀ ਖਾਨ,*
*ਰੀਝੈ ਜੇ ਸਿਰ ਦਿਤਿਆ, ਲੈ ਮੇਰੇ ਸਿਰਤਾਜ।*

ਵਿਚਾਰ ਆ ਗਈ ਮਨ ਵਿਚ ਕਿ ਮੈਂ ਸਰੀਰ ਨਹੀਂ ਹਾਂ, ਮੈਂ ਮਨ ਨਹੀਂ ਹਾਂ, ਮੈਂ ਪ੍ਰਾਣ ਨਹੀਂ ਹਾਂ, ਮੈਂ ਬੁੱਧੀ ਨਹੀਂ ਹਾਂ, ਮੈਂ ਚਿੱਤ ਨਹੀਂ ਹਾਂ, ਮੈਂ ਅਹੰਭਾਵ ਨਹੀਂ, ਮੈਂ ਆਤਮਾ ਹਾਂ, ਆਤਮਾ ਮਰਦੀ ਨਹੀਂ ਹੈ। ਆਹ ਜਿਹੜੀ ਤੂੰਬੀ ਹੈ, ਕੌੜੀ ਤੂੰਬੀ ਜਿਹਨੂੰ ਕਹਿੰਦੇ ਨੇ, ਪਾਤਸ਼ਾਹ! ਜੇ ਆਹ ਕੌੜੀ ਤੂੰਬੀ ਲੈ ਕੇ ਤੂੰ ਰੀਝ ਸਕਦਾ ਹੈਂ, ਲੈ ਲੈ, ਮੇਰਾ ਸਿਰ ਹਾਜ਼ਰ ਹੈ।

ਮਹਾਰਾਜ ਨੇ ਬਾਂਹ ਤੋਂ ਫੜ ਕੇ ਝਟਕਾ ਮਾਰਿਆ, ਖਿੱਚ ਲਿਆ। ਪੂਰੇ ਜ਼ੋਰ ਨਾਲ ਤੰਬੂ ਦੇ ਅੰਦਰ ਲੈ ਗਏ। ਖੜਾਕਾ ਹੋਇਆ ਗਿਰਨ ਦਾ, ਬਾਹਰ ਆ ਗਏ, ਸ੍ਰੀ ਸਾਹਿਬ ਦੇ ਵਿਚੋਂ ਖੂਨ ਦੀਆਂ ਬੂੰਦਾਂ ਚੋਅ ਰਹੀਆਂ ਨੇ। ਕੁਛ ਸਹਿਮ ਛਾ ਗਿਆ, ਕਿ ਭਾਈ ਦਇਆ ਸਿੰਘ ਵਰਗੇ ਬ੍ਰਹਮਗਿਆਨੀ, ਮਹਾਂਵਿਦਵਾਨ, ਆਪ ਗੁਰੂ ਘਰ ਦੇ ਮਹਾਂ ਵਿਦਵਾਨ ਸੀ, ਯੋਗੀ ਵੀ ਸੀਗੇ, ਵੱਡੀਆਂ-ਵੱਡੀਆਂ ਅਵਸਥਾਵਾਂ ਪ੍ਰਾਪਤ ਸੀ, ਸਾਰੇ ਸ਼ਾਸਤਰਾਂ ਦੇ ਗਿਆਤਾ, ਵੇਦਾਂ ਦੇ ਗਿਆਤਾ, ਲੇਕਿਨ ਜਿਹੜੇ ਕੱਚੇ ਸੀ ਉਨ੍ਹਾਂ ਦੇ ਮਨ ਵਿਚ ਖਿਆਲ ਆ ਗਿਆ ਕਿ ਗੁਰੂ ਨੂੰ ਕੀ ਹੋ ਗਿਆ? ਕਿਤੇ ਸੱਚੀਓਂ ਤਾਂ ਨਹੀਂ ਕਹਿੰਦੇ ਕਿ ਦੇਵੀ ਪੁੱਠੀ ਪੈ ਗਈ। ਆਵਾਜ਼ ਆਈ ਦੂਸਰੀ ਕਿ ਇਕ ਸਿੱਖ ਹੋਰ। ਇਕ ਸਿਰ ਹੋਰ ਚਾਹੀਦਾ ਹੈ। ਥੋੜ੍ਹਾ ਸਨਾਟਾ ਛਾ ਗਿਆ, ਸਮਝ 'ਚ ਨਹੀਂ ਆਉਂਦੀ ਗੱਲ। ਤੀਸਰੀ ਫੇਰ ਆ ਗਈ। ਇਕ ਗੁਰਸਿੱਖ ਉਠਿਆ, ਭਾਈ ਧਰਮ ਦਾਸ, ਹਸਤਾਨਾਪੁਰ ਦਾ, ਦਿੱਲੀ ਦਾ ਜੱਟ। ਅੱਗੇ ਵਧਿਆ, ਸੰਗਤ ਦੇ ਵਿਚੋਂ ਤੇਜ਼ੀ ਨਾਲ ਆ ਰਿਹਾ ਹੈ, ਮਹਾਰਾਜ ਵੀ ਦੇਖ ਰਹੇ ਨੇ, ਨੇੜੇ ਆ ਗਿਆ। ਆ ਕੇ ਉਸ ਨੇ ਬੇਨਤੀ ਕਰੀ –

*ਕਬੀਰ ਮੇਰਾ ਮੁਝ ਮਹਿ ਕਿਛਉ ਨਹੀ*
*ਜੋ ਕਿਛੁ ਹੈ ਸੋ ਤੇਰਾ॥*
*ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ॥*
*ਅੰਗ - 1376*

ਪਾਤਸ਼ਾਹ! ਜਦ ਪਹਿਲੇ ਦਿਨ ਤੇਰੇ ਦਰਸ਼ਨ ਕੀਤੇ। ਉਸੇ ਦਿਨ ਸੌਦਾ ਹੋ ਗਿਆ, ਮੈਂ ਤਨ ਵੀ ਦੇ ਦਿਤਾ, ਮਨ ਵੀ ਦੇ ਦਿਤਾ, ਧਨ ਵੀ ਦੇ ਦਿਤਾ, ਬਦਲੇ ਵਿਚ ਮੈਂ ਤੇਰਾ ਪਿਆਰ ਲਿਆ ਹੈ। ਪਿਆਰਿਆ! ਜੇ ਤੂੰ ਮੇਰਾ ਸੀਸ ਲੈ ਕੇ ਰਾਜ਼ੀ ਹੋ ਜਾਵੇ, ਲੈ ਲੈ ਮੇਰਾ ਸੀਸ।

*ਜਿਸ ਦਿਨ ਸੀਸ ਨਿਵਾਇਆ*
*ਭੇਟਾ ਹੋਇਆ ਸੀਸ ਦਿਤਾ ਹੋਇਆ ਕੀ ਦੇਆਂ,*
*ਤੇਰਾ ਇਹ ਜਗਦੀਸ।*

ਜਿਸ ਦਿਨ ਮੈਂ ਤੇਰੇ ਚਰਨਾਂ ਵਿਚ ਸੀਸ ਭੇਟ ਕਰ ਦਿਤਾ, ਉਹ ਤਾਂ ਤੈਨੂੰ ਦੇ ਦਿਤਾ ਸੀ। ਤੈਨੂੰ ਦਿਤੀ ਹੋਈ ਚੀਜ਼ ਨੂੰ ਹੁਣ ਮੈਂ ਕਿਵੇਂ ਕਹਿ ਦੇਵਾਂ ਕਿ ਮੈਂ ਸੀਸ ਦੇਨਾਂ। ਮਹਾਰਾਜ ਨੇ ਝਟਕਾ ਮਾਰਿਆ, ਉਸ ਨੂੰ ਵੀ ਅੰਦਰ ਲੈ ਗਏ, ਤੰਬੂ ਵਿਚ। ਜਾ ਕੇ ਓਵੇਂ ਹੀ ਆਵਾਜ਼ ਆਈ, ਖ਼ੂਨ ਬਾਹਰ ਨਿਕਲਣਾ ਸ਼ੁਰੂ ਹੋ ਗਿਆ ਤੰਬੂ 'ਚੋਂ। ਸ੍ਰੀ ਸਾਹਿਬ ਓਸੇ ਤਰ੍ਹਾਂ ਖ਼ੂਨ ਦੇ ਨਾਲ ਲਿਬੜੀ ਹੋਈ, ਦਹਿਸ਼ਤ ਪਾਉਂਦੀ ਆ ਰਹੀ ਹੈ। ਓਸੇ ਤਰ੍ਹਾਂ ਮਹਾਰਾਜ ਲਿਸ਼ਕਾ ਰਹੇ ਨੇ, ਫੇਰ ਆਵਾਜ਼ ਦਿਤੀ ਕਿ ਇਕ ਸੀਸ ਹੋਰ ਚਾਹੀਦਾ ਹੈ। ਓਠੋ, ਪਿਆਰਿਓ! ਇਕ ਸੀਸ ਦੀ ਲੋੜ ਹੈ। ਕਿਉਂਕਿ ਸੀਸਾਂ ਦਾ ਹਵਨ ਕਰਨਾ ਹੈ ਘਿਉ ਦਾ ਨਹੀਂ ਕਰਨਾ। ਇਹ ਸੁਤੰਤਰਤਾ ਦੀ ਦੇਵੀ ਨੂੰ ਭੇਟ ਕਰਨਾ ਹੈ। ਉਠੋ ਕੋਈ ਪ੍ਰੇਮੀ। ਉਸ ਵੇਲੇ ਸਾਧਸੰਗਤ ਜੀ! ਇਕ ਗੁਰਸਿੱਖ ਉਠਿਆ ਜਿਸਦਾ ਨਾਮ ਮੋਹਕਮ ਚੰਦ ਸੀ। ਜਾਤ ਦਾ ਛੀਂਬਾ ਸੀ ਤੇ ਦੁਆਰਕਾ ਦਾ ਸੀ। ਦੇਖ ਲਓ, ਕਿਥੇ ਹੈ ਦੁਆਰਕਾ, ਜਿਥੇ ਦੇ ਕ੍ਰਿਸ਼ਨ ਮਹਾਰਾਜ ਸੀ, ਨਾਮਦੇਵ ਜੀ ਹੋਏ ਨੇ। ਉਠ ਕੇ ਤੁਰ ਗਿਆ, ਕੋਈ ਫਿਕਰ ਨਹੀਂ ਕਿ ਮੇਰਾ ਸਾਥ ਰਹਿ ਗਿਆ, ਮੇਰੀ ਘਰਵਾਲੀ ਮੇਰੇ ਨਾਲ ਹੈ ਜਾਂ ਬੱਚੇ ਮੇਰੇ ਛੋਟੇ ਨੇ। ਮੈਂ ਦੱਸ ਕੇ ਨਹੀਂ ਆਇਆ। ਉਸ ਵੇਲੇ ਦੋਵੇਂ ਹੱਥ ਜੋੜ ਕੇ ਆ ਗਿਆ, ਪਾਤਸ਼ਾਹ! ਦੇਰੀ ਹੋ ਗਈ ਖਿਮਾ ਕਰੀ। ਮੇਰੇ ਤੋਂ ਭੁੱਲ ਹੋ ਗਈ ਮੈਂ ਪਹਿਲਾਂ ਨਾ ਉਠ ਸਕਿਆ। ਜਦੋਂ ਤੂੰ ਪਹਿਲੀ ਆਵਾਜ਼ ਮਾਰੀ ਮੈਂ ਉਦੋਂ ਹੀ ਉਠ ਜਾਣਾ ਸੀ। ਪਾਤਸ਼ਾਹ ਕੀ ਮੰਗਦਾ ਹੈਂ? ਸੀਸ ਮੰਗਦਾ ਹੈਂ? ਬੇਨਤੀ ਕਰਦੇ ਨੇ –

*ਪਹਿਲਾ ਮਰਣੁ ਕਬੂਲਿ*
*ਜੀਵਣ ਕੀ ਛਡਿ ਆਸ॥*
*ਹੋਹੁ ਸਭਨਾ ਕੀ ਰੇਣੁਕਾ*
*ਤਉ ਆਉ ਹਮਾਰੈ ਪਾਸਿ॥ ਅੰਗ - 1102*

ਸੋ ਪਾਤਸ਼ਾਹ! ਜਦ ਤੇਰੇ ਹੁਕਮਨਾਮੇ ਪਹੁੰਚੇ। ਗੁਰਸਿੱਖ ਹੋਕਾ ਦੇ ਰਹੇ ਸੀ, ਦੁਆਰਕਾ ਦੇ ਅੰਦਰ ਕਿ ਗੁਰੂ ਨੇ ਸੱਦ ਪਾਈ ਹੈ ਕਿ ਸਾਰੀ ਸਿੱਖੀ ਅਨੰਦਪੁਰ ਸਾਹਿਬ ਇਕੱਠੀ ਹੋਵੇ। ਪਾਤਸ਼ਾਹ! ਰਸਤੇ 'ਚ ਬੇਅੰਤ ਕਠਿਨਾਈਆਂ ਆਈਆਂ, ਬੇਅੰਤ ਔਕੜਾਂ ਆਈਆਂ, ਗਰੀਬ ਆਦਮੀ

ਤੁਰਦੇ-ਤੁਰਦੇ ਇਥੇ ਪਹੁੰਚੇ ਹਾਂ। ਪਾਤਸ਼ਾਹ! ਘਰੋਂ ਜਦ ਚਲੇ ਸੀ, ਤੇਰਾ ਹੁਕਮ ਯਾਦ ਸੀ।

*ਪਹਿਲਾ ਮਰਣੁ ਕਬੂਲਿ*
*ਜੀਵਣ ਕੀ ਛਡਿ ਆਸ॥*
*ਹੋਹੁ ਸਭਨਾ ਕੀ ਰੇਣੁਕਾ*
*ਤਉ ਆਉ ਹਮਾਰੈ ਪਾਸਿ॥ ਅੰਗ - 1102*

ਫੇਰ ਪਾਤਸ਼ਾਹ! ਮੇਰੇ ਤੋਂ ਮੰਗਦੇ ਓਂ ਸੀਸ। ਇਹ ਮੇਰਾ ਨਹੀਂ ਹੈ, ਇਹ ਤਾਂ ਸਰੀਰ ਹੀ ਤੇਰਾ ਹੈ, ਸਭ ਤੇਰਾ ਹੈ।

*ਤੇਰੀ ਧੁਰਹੁ ਅਮਾਨ, ਜੋ ਕਿਛੁ ਮੇਰੇ ਪਾਸ*
*ਮਿਲਣਾ ਸੁਖ ਮਹਾਨ, ਮਾਲ ਇਮਾਨਤ ਦਿਤਿਆ।*

ਪਾਤਸ਼ਾਹ ਇਹ ਤੇਰੀ ਅਮਾਨਤ ਹੈ, ਤੈਨੂੰ ਮੋੜ ਕੇ ਮਹਾਨ ਸੁੱਖ ਹੋ ਗਿਆ ਹੈ। ਮਹਾਰਾਜ ਨੇ ਉਸੇ ਤਰ੍ਹਾਂ ਉਹਨੂੰ ਵੀ ਫੜ ਲਿਆ। ਉਸੇ ਵੇਲੇ ਤੰਬੂ 'ਚ ਲੈ ਗਏ। ਫੇਰ ਵਾਪਸ ਆ ਗਏ, ਇਕ ਸੀਸ ਦੀ ਹੋਰ ਮੰਗ ਕੀਤੀ। ਇਹ ਸੀਗੇ ਭਾਈ ਸਾਹਿਬ ਚੰਦ, ਜੋ ਚੌਥਾ ਸਿਰ ਦੇ ਰਹੇ ਨੇ। ਨਾਈ ਜਾਤ ਹੈ, ਬਿਦਰ ਸ਼ਹਿਰ ਦੇ ਰਹਿਣ ਵਾਲੇ ਨੇ। ਫੇਰ ਆ ਕੇ ਮਹਾਰਾਜ ਨੇ ਆਵਾਜ਼ ਦਿਤੀ। ਉਸ ਵੇਲੇ ਇਕ ਗੁਰਸਿੱਖ ਛੇਤੀ ਨਾਲ ਖੜ੍ਹਾ ਹੋ ਗਿਆ। ਦੋਵੇਂ ਹੱਥ ਜੋੜ ਲਏ, ਪਾਤਸ਼ਾਹ ਮੈਨੂੰ ਤੇਰੇ ਪਿਆਰ ਦੀ ਲੋੜ ਹੈ। ਆਹ ਸੀਸ ਮੰਗਦੇ ਓਂ, ਭੁੱਲ ਹੋ ਗਈ ਮੇਰੇ ਤੋਂ ਇਹ ਕਿ ਮੈਂ ਪਹਿਲਾਂ ਹੀ ਉਠ ਕੇ ਕਿਉਂ ਨਾ ਆਇਆ। ਉਸ ਵੇਲੇ ਕੋਲ ਆ ਕੇ ਬੇਨਤੀ ਕਰਦੇ ਨੇ ਪਾਤਸ਼ਾਹ! ਹੇ ਸਮਰੱਥ ਸਤਿਗੁਰੂ! ਸ਼ਰਮ ਆਉਂਦੀ ਹੈ ਸਾਨੂੰ ਏਸ ਗੱਲ ਤੋਂ ਕਿ ਇਕ ਬੀਬੀ ਬੰਦੇ ਨੂੰ ਪਿਆਰ ਕਰਦੀ ਹੈ। ਉਹਦੇ ਵਾਸਤੇ ਦਰਿਆ ਵਿਚ ਠਿੱਲ ਗਈ, ਕੱਚੇ ਘੜੇ ਤੇ। ਪਾਤਸ਼ਾਹ! ਤੂੰ ਤਾਂ ਸਾਰੀਆਂ ਦਾਤਾਂ ਦਾ ਮਾਲਕ ਤੇ ਐਡਾ ਪਿਆਰਾ।

*ਇਹ ਸੀਸ ਨਿਉ ਦੇ ਸਿਰ ਜਗ ਆਇਆ*
*ਝੁਕਿਆ ਦੁਆਰੇ ਦੁਆਰ।*
*ਇਹ ਵਡਭਾਗੀ ਜੇ ਝੁਕੇ ਅਗੈ ਤੈਂ ਤਲਵਾਰ।*

ਮੇਰੇ ਵਰਗਾ ਭਾਗਾਂ ਵਾਲਾ ਕਿਹੜਾ ਹੈ, ਜਿਹੜਾ ਤੇਰੀ ਤਲਵਾਰ ਅੱਗੇ ਝੁਕਿਆ ਰਹੇ। ਸੋ ਭਾਈ ਸਾਹਿਬ ਸਿੰਘ ਜੀ ਆਪ ਨਾਈ ਜਾਤੀ ਹੈ, ਬਿਦਰ ਸ਼ਹਿਰ ਉਸ ਥਾਂ ਦੇ ਰਹਿਣ ਵਾਲੇ ਨੇ। ਪੰਜਵੀ ਵਾਰ ਗੁਰੂ ਮਹਾਰਾਜ ਫੇਰ ਬਾਹਰ ਆਏ। ਕਹਿਣ ਲੱਗੇ, ਇਕ ਸਿਰ ਦੀ ਹੋਰ ਲੋੜ ਹੈ। ਉਸ ਵੇਲੇ ਇਕ ਨੌਜਵਾਨ 22 ਸਾਲ ਦਾ, ਘਰਵਾਲੀ ਵਲ ਦੇਖਿਆ, ਫਤਿਹ ਬੁਲਾ ਦਿਤੀ, ਦੋਵੇਂ ਹੱਥ ਜੋੜ ਕੇ, ਸਾਮ੍ਹਣੇ ਆ ਗਿਆ ਗੁਰੂ ਮਹਾਰਾਜ ਦੇ। ਪਾਤਸ਼ਾਹ! ਯਾਦ ਹੈ ਮੇਰੇ ਕਿ ਪਿਆਰ ਵਾਲਿਆਂ ਨੂੰ -

*ਜਉ ਤਉ ਪ੍ਰੇਮ ਖੇਲਣ ਕਾ ਚਾਉ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ॥*
*ਇਤੁ ਮਾਰਗਿ ਪੈਰੁ ਧਰੀਜੈ॥*
*ਸਿਰੁ ਦੀਜੈ ਕਾਣਿ ਨ ਕੀਜੈ॥ ਅੰਗ - 1413*

ਪਿਆਰ ਦਾ ਸੌਦਾ ਕਰਨਾ ਹੈ, ਇਹ ਮਿਲਦਾ ਹੀ ਸੀਸ ਬਦਲੇ ਹੈ।

ਅੰਦਰ ਲੈ ਗਏ, ਖੜਾਕਾ ਹੋਇਆ। ਪਿਛੇ ਗੱਲਾਂ ਚੱਲਣ ਲੱਗ ਗਈਆਂ। ਕਈਆਂ ਦੇ ਮਨਾਂ ਵਿਚ ਆਉਂਦਾ ਹੈ ਕਿ ਸੀਸ ਦੇ ਦੇਈਏ, ਨਾਲ ਆਉਂਦਾ ਹੈ ਕਿ ਜੇ ਕਿਤੇ ਗੁਰੂ ਸਾਹਿਬ ਦੇ ਉਤੇ ਦੇਵੀ ਦਾ ਸਾਇਆ ਹੋਇਆ, ਐਵੇਂ ਹੀ ਜਾਏਗਾ ਸੀਸ ਦਿਤਾ ਹੋਇਆ। ਹੋਰ ਠਹਿਰ ਜਾਓ, ਹੋਰ ਠਹਿਰ ਜਾਓ। ਕਈ ਉਠ ਕੇ ਆਪਸ ਵਿਚ ਗੱਲਾਂ ਕਰਨ ਲੱਗ ਗਏ ਕਿ ਬੜਾ ਮਾੜਾ ਕੰਮ ਹੋਇਆ। ਮਸੰਦ ਨੱਠ ਕੇ ਮਾਤਾ ਜੀ ਕੋਲ ਚਲੇ ਗਏ। ਮਾਤਾ ਜੀ ਸਿੱਖੀ ਨੂੰ ਬਚਾ ਲਓ। ਸਾਹਿਬਜ਼ਾਦਾ ਸਿੱਖੀ ਨੂੰ ਖਤਮ ਕਰਨ ਤੇ ਤੁਲਿਆ ਹੋਇਆ ਹੈ, ਅਜੇ ਤਾਂ ਤਖਤ ਦੇ ਉਤੇ ਹੀ ਸਿਰ ਵੱਢਦਾ ਹੈ, ਜੇ ਕਿਤੇ ਥੱਲੇ ਉਤਰ ਆਇਆ ਪਤਾ ਨਹੀਂ ਕਿੰਨੇ ਕੁ ਮਾਰ ਦੇਵੇ। ਬਚਾਓ ਜਲਦੀ ਕਰੋ, ਵਾਸਤਾ ਹੈ ਗੁਰੂ ਨਾਨਕ ਦਾ।

ਮਾਤਾ ਜੀ ਨੇ ਦਾਸ ਨੂੰ ਭੇਜਿਆ, ਜਾਹ ਪਤਾ ਲੈ ਕੇ ਆ, ਕੀ ਕਹੀ ਜਾਂਦੇ ਨੇ ਇਹ? ਬਹੁਤ ਸਾਰੇ ਨੱਠ ਗਏ, ਛਾਲਾਂ ਮਾਰਦੇ ਜਾਂਦੇ ਨੇ। ਐਨੇ ਨਸ਼ਰਧਕ ਹੋ ਗਏ। ਜਿਹੜੇ ਸ਼ਰਧਾ ਵਾਲੇ ਸੀ ਉਨ੍ਹਾਂ ਦੇ ਮਨਾਂ ਵਿਚ ਖਿਆਲ ਆਈ ਜਾਂਦਾ ਹੈ ਕਿ ਗੁਰੂ ਮਹਾਰਾਜ ਨੂੰ ਕੀ ਹੋ ਗਿਆ, ਅਚਾਨਕ ਬੈਠੇ-ਬੈਠੇ ਸੀਸ ਹੀ ਵੱਢਣੇ ਸ਼ੁਰੂ ਕਰ ਦਿਤੇ। ਕਿੰਨੇ ਕੁ ਵੱਢਣਗੇ। ਫੇਰ ਕਹਿੰਦੇ ਨੱਠਣਾ ਤਾਂ ਹੈ ਨਹੀਂ, ਦੇਖੀ ਜਾਏਗੀ ਜਿਹੜਾ ਕੁਝ ਹੋਏਗਾ। ਜੇ ਲੋੜ ਹੀ ਆ ਬਣੀ ਫੇਰ ਦੇਣਾ ਹੀ ਹੈ, ਫੇਰ ਵੀ ਤਾਂ ਮਰਨਾ ਹੈ, ਜੇ ਗੁਰੂ ਸਾਹਿਬ ਦੀ ਸ੍ਰੀ ਸਾਹਿਬ ਨਾਲ ਮਰ ਜਾਵਾਂਗੇ, ਤਾਂ ਕੀ ਹੁੰਦਾ ਹੈ। ਐਧਰੋਂ ਮਹਾਰਾਜ ਬਾਹਰ ਨਹੀਂ ਆਏ।

ਇਕ ਮੁਸਲਮਾਨ ਲਿਖਾਰੀ ਐਸਾ ਵੀ ਲਿਖਦਾ ਹੈ ਕਿ ਗੁਰੂ ਮਹਾਰਾਜ ਨੇ ਸੀਸ ਕੱਟ-ਕੱਟ ਕੇ ਸਾਮ੍ਹਣੇ ਹੀ ਸੁੱਟ ਦਿਤੇ। ਉਸ ਤੋਂ ਬਾਅਦ ਆਪ ਨੇ ਅੰਮ੍ਰਿਤ ਤਿਆਰ ਕਰਕੇ, ਛਿੱਟੇ ਮਾਰ ਦਿਤੇ ਤੇ ਸੀਸ ਜੋੜ ਦਿਤੇ। ਮੈਨੂੰ ਐਉਂ ਨਹੀਂ ਪਤਾ ਕਿ ਕੀਹਦਾ ਕਿਹਦੇ ਨਾਲ ਜੁੜਿਆ ਹੈ, ਉਠ ਕੇ ਖੜ੍ਹੇ ਹੋ ਗਏ ਸਾਰੇ। ਪਰ ਇਹ ਗੱਲ ਔਖੀ ਨਹੀਂ ਹੈ ਸਾਧਸੰਗਤ ਜੀ।

ਆਹ ਵੱਡੇ-ਵੱਡੇ ਜਾਦੂਗਰ, ਕਮਾਲਪਾਸ਼ਾ ਇਕ ਜਾਦੂਗਰ ਸੀ, ਮੈਂ ਪਟਿਆਲੇ ਉਹਦਾ ਖੇਲ੍ਹ ਦੇਖਿਆ ਸੀ। ਉਹਨੇ ਇਕ ਬੰਦਾ ਮਾਰ ਦਿਤਾ, ਡਾਕਟਰਾਂ ਨੇ ਕਹਿ ਦਿਤਾ ਕਿ ਮਰ ਗਿਆ। ਉਹਦੀ ਜੀਭ ਕੱਟ ਲਈ ਉਹਨੇ। ਸਾਰਾ ਕੁਛ ਹੋ ਗਿਆ। ਉਸ ਤੋਂ ਬਾਅਦ ਸਾਰਿਆਂ ਦੇ ਦੇਖਦੇ-

ਦੇਖਦੇ, ਉਸ ਨੇ ਵਗਾਹ ਕੇ ਜੀਭ ਮਾਰੀ, ਕਹਿੰਦਾ ਦੇਖੋ ਤਾਂ ਜੁੜ ਗਈ। ਕਹਿੰਦੇ ਹਾਂ ਇਹ ਤਾਂ ਜੁੜ ਗਈ। ਕਹਿੰਦਾ ਦੇਖੋ ਨਬਜ਼ ਚਲਦੀ ਹੈ। ਡਾਕਟਰਾਂ ਨੇ ਦੇਖਿਆ ਤਾਂ ਕਹਿੰਦੇ ਹਾਂ ਇਹ ਤਾਂ ਚਲਦੀ ਹੈ। ਉਠਾ ਕੇ ਖੜ੍ਹਾ ਕਰ ਦਿਤਾ। ਬਾਅਦ ਵਿਚ ਉਹਨੇ ਬੜੇ ਕੌਤਕ ਦਿਖਾਏ।

ਬਾਕੀ ਜੇ ਅਸੀਂ ਉਵੇਂ ਵੀ ਲੈ ਲਈਏ ਜੇ ਬਾਬਾ ਅਟੱਲ, ਮੋਹਨ ਜੀ ਜੋ ਰਾਤ ਨੂੰ ਸੱਪ ਲੜ ਕੇ ਮਰ ਗਿਆ। ਸਵੇਰੇ ਖੂੰਡੀ ਪਾ ਕੇ ਕਹਿੰਦੇ ਨੇ ਕਿ ਉਠ ਸਾਡੀ ਪਿੱਥ ਦੇ ਕੇ ਜਾ। ਉਠਾਲ ਲਿਆ।

ਬਾਬਾ ਗੁਰਦਿੱਤਾ ਜੀ ਕੀਰਤਪੁਰ ਸਾਹਿਬ ਗਏ ਹੋਏ ਨੇ ਫਰਿਆਦ ਆਈ ਕਿ ਇਕ ਸ਼ੇਰ ਬਹੁਤ ਤੰਗ ਕਰ ਰਿਹਾ ਹੈ। ਬਾਬਾ ਜੀ ਗਏ, ਇਸ਼ਾਰਾ ਕਰ ਦਿਤਾ ਕਿ ਆਹ ਜੰਗਲ ਵਿਚ ਰਹਿੰਦਾ ਹੈ। ਉਥੇ ਗਊ ਚੁਗ ਰਹੀ ਸੀ, ਚਿਮਤਚਿਤੀ, ਸ਼ੇਰ ਦਾ ਭੁਲੇਖਾ ਖਾ ਕੇ ਬਾਣ ਮਾਰਿਆ, ਪੇਟ 'ਚੋਂ ਕੱਢ ਦਿਤਾ। ਔਹ ਗਈਆਂ ਆਂਦਰਾਂ ਨਿਕਲ ਕੇ। ਕੋਲ ਜਾ ਕੇ ਪਹਾੜੀਆਂ ਨੇ ਰੌਲਾ ਪਾ ਦਿਤਾ ਕਿ ਗਊ ਮਾਰ ਦਿਤੀ, ਗਊ ਮਾਤਾ ਮਾਰ ਦਿਤੀ। ਬਾਦਸ਼ਾਹ ਕੋਲ ਫਰਿਆਦੀ ਹੋਵਾਂਗੇ।

ਗੁਰੂ ਛੇਵੇਂ ਪਾਤਸ਼ਾਹ ਨੇ ਸ਼ਸਤਰ ਉਤਾਰ ਦਿਤੇ ਸੀ ਕਿ ਹੁਣ ਨਹੀਂ ਯੁੱਧ ਕਰਨਾ। ਬਾਬਾ ਜੀ ਦੁਚਿੱਤੀ 'ਚ ਆ ਗਏ ਕਿ ਹੁਣ ਕੀ ਹੋਏਗਾ। ਪਹਿਲਾਂ ਮੇਰੇ ਦੂਜੇ ਭ੍ਰਾਤਾ ਨੂੰ ਆਪਣਾ ਸਰੀਰ ਛੱਡਣਾ ਪਿਆ। ਮਹਾਰਾਜ ਨਰਾਜ਼ ਹੋ ਗਏ ਸੀ ਕਿ ਅਟੱਲ ਜੇ ਐਉਂ ਜੀਉਂਦੇ ਕਰਨ ਲੱਗਿਆ ਤਾਂ ਬਾਦਸ਼ਾਹੀ ਟੱਬਰ ਇਥੇ ਸਾਰਿਆ ਨੂੰ ਲਿਆ ਕੇ ਰੱਖ ਦਿਆ ਕਰਨਗੇ, ਕਿਹਨੂੰ-ਕਿਹਨੂੰ ਜੀਉਂਦਾ ਰੱਖੇਂਗਾ। ਪ੍ਰਮੇਸ਼ਰ ਦਾ ਸ਼ਰੀਕ ਬਣਨਾ ਹੈ? ਫੇਰ ਸੋਚਿਆ ਕਿ ਜੋ ਹੋਣਾ ਹੈ ਹੋਏਗਾ। ਰਾਜੇ ਨੂੰ ਪਤਾ ਲੱਗੇਗਾ, ਰਾਜਾ ਫੌਜਾਂ ਲੈ ਕੇ ਆਏਗਾ ਅਤੇ ਪਿਤਾ ਜੀ ਨੇ ਲੜਨਾ ਨਹੀਂ ਹੈ। ਛਿੱਟਾ ਮਾਰਿਆ ਵਾਹਿਗੁਰੂ ਕਹਿ ਕੇ ਨਾ ਕਿਤੇ ਜ਼ਖਮ, ਨਾ ਕੁਛ ਹੋਰ, ਗਊ ਉਠ ਕੇ ਖੜ੍ਹੀ ਹੋ ਗਈ।

ਜਦੋਂ ਗੁਰੂ ਦਸਵੇਂ ਪਾਤਸ਼ਾਹ ਦੀ ਵਾਰੀ ਆਉਂਦੀ ਹੈ, ਇਹ ਲਿਖਾਰੀ ਐਡੇ ਕੱਚੇ ਭਰੋਸਿਆ ਵਾਲੇ ਨੇ, ਸਾਰਿਆਂ ਨਾਲੋਂ ਜੇ ਘੱਟ ਕੋਈ ਭਰੋਸਾ ਕਰਿਆ ਹੈ ਤਾਂ ਗੁਰੂ ਦਸਵੇਂ ਪਾਤਸ਼ਾਹ ਤੇ ਕਰਦੇ ਨੇ। ਮੰਨਦੇ ਹੀ ਨਹੀਂ ਹਨ ਲਿਖਾਰੀ। ਕਹਿੰਦੇ ਜੀ ਰਾਤ ਨੂੰ ਬੱਕਰੇ ਵੱਢ ਦਿਤੇ ਸੀ ਗੁਰੂ ਸਾਹਿਬ ਨੇ। ਓ ਬੱਕਰੇ ਕੀ ਬੋਲੇ ਨਾ? ਨਹੀਂ ਕਹਿੰਦੇ ਪੁੱਠੇ ਮੂਹਰੇ ਪਾ ਦਿਤੇ ਸੀ। ਓ ਜੇ ਇਕ ਬੱਕਰਾ ਵੱਢਿਆ ਜਾਵੇ, ਬੱਕਰੇ ਤਾਂ ਚੰਗਿਆੜਾ ਮਾਰਨ ਲਗ ਜਾਂਦੇ ਨੇ ਸਾਰੇ ਹੀ, ਫੇਰ ਕਿਸੇ ਨੂੰ ਤਾਂ ਪਤਾ ਲੱਗਦਾ ਹੀ। ਸਾਰੀ ਜ਼ਿੰਦਗੀ ਭਾਈ ਦਇਆ ਸਿੰਘ ਨੇ ਕਦੇ ਦੱਸਿਆ ਕਿ ਬੱਕਰੇ ਮਾਰੇ ਸੀ, ਕਿਸੇ ਹੋਰ ਨੇ ਨਹੀਂ ਦੱਸਿਆ, ਕਿਸੇ ਨਿਕਟਵਰਤੀ ਨੂੰ ਨਹੀਂ ਪਤਾ ਲੱਗਿਆ। ਮਨਘੜਤ ਕਹਾਣੀ ਬਣਾ ਲਈ। ਜੋ ਗੁਰੂ ਹੁੰਦਾ ਹੈ ਉਹ ਤਾਂ ਮਾਰ ਕੇ ਜੀਵਾਲਣ ਦੀ ਸਮਰੱਥਾ ਰਖਦਾ ਹੈ। ਸਾਰੇ ਸੰਸਾਰ ਨੂੰ ਇਕ ਨਿਗ੍ਹਾ 'ਚ ਮਾਰ ਸਕਦਾ ਹੈ, ਸਾਰੇ ਮਰਿਆਂ ਹੋਇਆਂ ਨੂੰ ਜੀਉਂਦਾ ਕਰ ਸਕਦਾ ਹੈ। ਜੇ ਲਵ ਕੁਸ਼ ਸਾਰੀ ਫੌਜ ਨੂੰ, ਮਰੀ ਕਟੀ ਹੋਈ, ਸਿਰ ਵੱਢੇ ਹੋਇਆਂ ਨੂੰ, ਅੰਮ੍ਰਿਤ ਦਾ ਛਿੱਟਾ ਦੇ ਕੇ ਜੀਉਂਦਾ ਕਰ ਦਿੰਦੇ ਨੇ, ਫੇਰ ਗੁਰੂ ਦਸਵੇਂ ਪਾਤਸ਼ਾਹ ਨੂੰ ਮੰਨਣ ਵੇਲੇ ਹੀ ਕੁਛ ਹੋ ਜਾਂਦਾ ਹੈ।

ਸਾਧਸੰਗਤ ਜੀ! ਕੌਤਕ ਵਰਤਾਇਆ ਸੀ ਗੁਰੂ ਮਹਾਰਾਜ ਨੇ। ਪੰਜਾਂ ਨੂੰ ਬਾਹਰ ਆਪਣੇ ਨਾਲ ਲਈ ਆਉਂਦੇ ਨੇ। ਮਹਾਰਾਜ ਬੜੇ ਪ੍ਰਸੰਨ ਹੋਏ। ਬਹੁਤ ਪ੍ਰਸੰਨ। ਕਹਿੰਦੇ, ਸਾਧਸੰਗਤ ਜੀ! ਗੁਰੂ ਨਾਨਕ ਪਾਤਸ਼ਾਹ ਨੇ ਐਸਾ ਹੀ ਇਮਤਿਹਾਨ ਲਿਆ ਸੀ। ਲੇਕਿਨ ਉਹ ਨਰਮ ਟੈਸਟ ਸੀ, ਮੁਰਦਾ ਖਾਣ ਦਾ ਸੀ। ਉਹਦੇ ਵਿਚ ਇਕੱਲੇ ਗੁਰੂ ਅੰਗਦ ਸਾਹਿਬ ਪਾਸ ਹੋਏ ਸੀ। ਅੱਜ ਸਿੱਖੀ ਦੀ ਜੜ੍ਹ ਪਤਾਲ 'ਚ ਲੱਗ ਗਈ ਤੇ ਅੱਜ ਪੰਜ ਪਾਸ ਹੋ ਗਏ। ਉਸ ਵੇਲੇ ਮਹਾਰਾਜ ਉੱਚਾ ਬੋਲੇ। ਸਾਰਿਆਂ ਨੂੰ ਸੁਣਾ ਕੇ ਪੂਰੀ ਆਵਾਜ਼ ਨਾਲ। ਲਾਊਡ ਸਪੀਕਰ ਨਹੀਂ ਸੀ ਹੁੰਦੇ, ਜਦ ਬੋਲ ਵਿਚ ਹੀ ਬਰਕਤ ਹੁੰਦੀ ਸੀ।

ਸੰਤ ਮਹਾਰਾਜ ਜੀ ਜਦੋਂ ਲਾਊਡ ਸਪੀਕਰਾਂ ਤੋਂ ਬਿਨਾਂ ਕੀਰਤਨ ਕਰਦੇ ਹੁੰਦੇ ਸੀ, ਘਲੋਟੀ ਉਥੋਂ ਇਕ ਮੀਲ ਹੈ, ਰਾੜਾ ਸਾਹਿਬ ਤੋਂ। ਅਸੀਂ ਪਿੰਡ ਤੋਂ ਜਾਣਾ, ਜਦੋਂ ਘਲੋਟੀ ਦਾ ਦਰਵਾਜ਼ਾ ਲੰਘਣਾ, ਆਵਾਜ਼ ਸੁਣਨੀ ਤੇ ਸ਼ਬਦ ਪੂਰਾ ਸੁਣਨਾ। ਉਸ ਵੇਲੇ ਅਸੀਂ ਨੱਠ ਪੈਣਾ ਕਿ ਛੇਤੀ ਚੱਲੀਏ, ਮਹਾਰਾਜ ਜੀ ਲੱਗ ਗਏ। ਐਡੀ-ਐਡੀ ਦੂਰ ਆਵਾਜ਼ ਸੁਣਿਆ ਕਰਦੀ ਸੀ।

ਸੰਤ ਮਸਤੂਆਣੇ ਵਾਲਿਆਂ ਦੀ ਦੋ ਮੀਲ ਆਵਾਜ਼ ਸੁਣਦੀ ਸੀ। ਸੋ ਦਸਵੇਂ ਪਾਤਸ਼ਾਹ ਮਹਾਰਾਜ ਨੇ ਸਾਰਿਆਂ ਨੂੰ ਸੁਣਾਉਣ ਵਾਸਤੇ ਕਿਹਾ -

***ਸਭਿਨਿ ਸੁਨਾਵਨਿ ਕਾਰਨੇ ਊਚੇ ਕੀਨਿ ਬਖਾਨ॥***
***ਰਾਖ੍ਯੋ ਸਿੱਖੀ ਬੀਜ ਜਗ ਅੰਦਰ ਗੁਰੂ ਸਮਾਨ॥***
***ਸਭਿ ਸੰਗਤਿ ਕੇ ਤਾਰਿਬੇ ਸਮਰਥ ਭੇ ਇਹ ਪੰਚ॥***
***ਜਾਨਹੁ ਮੋਹਿ ਸਮਾਨ ਤਿਨ ਭੇਦ ਰਹ੍ਯੋ ਨਹਿਂ ਰੰਚ॥***
***ਅੰਗ - 5053, ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਕਹਿੰਦੇ ਗੁਰੂ ਨਾਨਕ ਸਿੱਖੀ ਪਰਖੀ ਸੀ, ਇਕ ਨਿਕਲਿਆ ਸੀ। ਇਹ ਹੁਣ ਪੰਜ ਨਿਕਲ ਆਏ, ਇਨ੍ਹਾਂ ਨੂੰ ਹੁਣ ਵਖਰੇ ਨਾ ਜਾਣਿਓ। ਇਹ ਤਾਂ ਮੇਰਾ ਹੀ ਰੂਪ ਬਣ ਗਏ। ਖਾਲਸ ਨੇ ਸਿੱਖ। ਆਤਮਗਿਆਨੀ, ਬ੍ਰਹਮਗਿਆਨੀ।

*ਆਤਮ ਰਸ ਜਿਹ ਜਾਨਹੀ ਸੋ ਹੈ ਖਾਲਸ ਦੇਵ॥*
*ਪ੍ਰਭ ਮਹਿ ਮੋਹ ਤਾਸਿ ਮਹਿ ਰੰਚਕ ਨਾਹਿਨ ਭੇਵ॥*
*ਸਰਬ ਲੋਹ ਗ੍ਰੰਥ 'ਚੋ*

ਪਿਆਰਿਓ! ਗੁਰੂ ਨਾਨਕ ਦੱਸ ਗਏ ਸੀ -

*ਜਿਨਾ ਨ ਵਿਸਰੈ ਨਾਮੁ ਸੇ ਕਿਨੇਹਿਆ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥*
*ਅੰਗ - 398*

ਇਹ ਮੇਰਾ ਰੂਪ ਬਣ ਗਏ।

*ਖ਼ਾਲਸਾ ਮੇਰੋ ਰੂਪ ਹੈ ਖ਼ਾਸ॥*
*ਖ਼ਾਲਸੇ ਮਹਿ ਹੌਂ ਕਰੌਂ ਨਿਵਾਸ॥*
*ਖ਼ਾਲਸਾ ਮੇਰੋ ਮੁਖ ਹੈ ਅੰਗਾ॥*
*ਖ਼ਾਲਸਾ ਕੇ ਹੌਂ ਸਦ ਸਦ ਸੰਗਾ॥*
*(ਸਰਬ ਲੋਹ ਗ੍ਰੰਥ 'ਚੋਂ)*

ਮੈਂ ਹੁਣ ਇਨ੍ਹਾਂ ਵਿਚ ਨਿਵਾਸ ਕਰ ਲਿਆ। ਹੁਣ ਮੇਰੇ ਵਿਚ ਤੇ ਇਨ੍ਹਾਂ ਵਿਚ ਕੋਈ ਭੇਤ ਨਾ ਜਾਣਿਓ। ਇਹ ਪੂਰਨ ਬ੍ਰਹਮਗਿਆਨੀ ਹੋ ਗਏ ਨੇ, ਪੂਰੇ ਖਾਲਸੇ ਹੋ ਗਏ ਨੇ। ਉਸ ਵੇਲੇ ਮਹਾਰਾਜ ਉਨ੍ਹਾਂ ਵਲ ਸੰਬੋਧਨ ਹੋਏ, ਪੰਜਾਂ ਵਲ। ਬੜੇ ਹੀ ਪ੍ਰਸੰਨ, ਬਹੁਤ ਦਿਆਲੂ ਕ੍ਰਿਪਾਲੂ, ਕਹਿੰਦੇ ਪ੍ਰੇਮੀਓ! ਤੁਹਾਨੂੰ ਤੇ ਮੈਨੂੰ ਹਉਮੈ ਨੇ ਅੱਡ ਕਰਿਆ ਹੋਇਆ ਸੀ, ਨਹੀਂ ਤਾਂ ਆਪਾਂ ਇਕੋ ਹੀ ਸੀ। ਇਹ ਹਉਮੈ ਸੀਸ ਦੇ ਕੇ ਟੁੱਟ ਗਈ। ਤੁਸੀਂ ਕਿਸੇ ਨੇ ਤਾਣ ਨਹੀਂ ਕਰਿਆ, ਮਾਣ ਨਹੀਂ ਕਰਿਆ ਕਿ ਮੈਂ ਸੀਸ ਦਿੰਦਾ ਹਾਂ। ਸਭ ਨੇ ਇਹੀ ਆਖਿਆ ਹੈ ਕਿ ਪਾਤਸ਼ਾਹ! ਤੇਰਾ ਸੀਸ, ਤੈਨੂੰ ਕੀ ਅਰਪੀਏ। ਤੇਰਾ ਹੀ ਹੈ ਇਹ। ਮੈਂ ਤੁਹਾਡਾ ਰੂਪ ਬਣ ਗਿਆ, ਹੁਣ ਤੁਸੀਂ ਮੇਰਾ ਰੂਪ ਬਣ ਗਏ।

*ਮਮ ਸਰੂਪ ਤੁਮ ਅਬਿ ਭਏ,*
*ਹੌਂ ਭਾ ਤੁਮਹਿਂ ਸਰੂਪ॥*
*ਬ੍ਰਹਮ ਗਜਾਨ ਦਿਢ ਰਿਦੇ ਹ੍ਵੈ*
*ਪਦ ਅਤਿ ਲੀਨਿ ਅਨੂਪ॥*
*ਪੰਨਾ 5053, ਸ੍ਰੀ ਗੁ ਪ੍ਰਤਾਪ ਸੂਰਜ ਗ੍ਰੰਥ*

ਉਹ ਅਵਸਥਾ ਜਿਹੜੀ ਵੱਡੇ-ਵੱਡੇ ਤਪਸੱਵੀਆਂ ਨੂੰ ਨਹੀਂ ਮਿਲਦੀ। ਹਜ਼ਾਰਾਂ ਸਾਲ ਦੀਆਂ ਸਮਾਧੀਆਂ ਲਾ ਕੇ ਨਹੀਂ ਮਿਲਦੀ। ਸੋ ਉਸ ਵੇਲੇ ਮਹਾਰਾਜ ਜੀ ਨੇ ਦੀਵਾਨ ਦੀ ਸਮਾਪਤੀ ਕਰ ਦਿਤੀ। ਅੱਜ ਵਿਸਾਖੀ ਵਾਲਾ ਦਿਨ ਹੈ। ਬਹੁਤ ਸੰਗਤ ਇਕੱਠੀ ਹੋ ਗਈ। ਸਾਰੇ ਗੱਲ ਚਲ ਰਹੀ ਹੈ। ਉਸ ਵੇਲੇ ਕੁਛ ਗੁਰਸਿੱਖ ਮਹਾਰਾਜ ਜੀ ਦੇ ਚਰਨ ਸ਼ਰਨ ਆ ਗਏ। ਪਾਤਸ਼ਾਹ! ਅਸਾਥੋਂ ਭੁੱਲ ਹੋ ਗਈ, ਅੱਖ ਝਮਕਣ ਦੀ ਦੇਰੀ ਹੋਈ ਪਾਤਸ਼ਾਹ! ਅਸੀਂ ਤੇਰੇ ਬਣ ਨਾ ਸਕੇ। ਸਾਨੂੰ ਬੜਾ ਅਫਸੋਸ ਹੈ, ਲਾਹਨਤਾਂ ਪਾਉਂਦਾ ਹੈ ਸਾਡਾ ਆਪਾ ਕਿ ਤੁਸੀਂ ਪਹਿਲਾਂ ਕਿਉਂ ਨਾ ਸੀਸ ਦਿਤਾ। ਪਾਤਸ਼ਾਹ! ਹੁਣ ਕ੍ਰਿਪਾ ਕਰੋ। ਬੇਨਤੀਆਂ ਕਰਦੇ ਨੇ।

***ਦਰਸਨ ਕਰਦੀ ਪਈ ਨੂੰ ਝੁੱਲੀ ਹਨ੍ਹੇਰੀ ਆਨ***
***ਨੈਣ ਝਮਕਾ ਖਾ ਗਏ ਕਸਰ ਪ੍ਰੇਮ ਨੂੰ ਲਾਣ।***

ਪਿਆਰ ਨੂੰ ਕਸਰ ਲਾ ਦਿਤੀ ਮਹਾਰਾਜ ਨੇ।

***ਗਈ ਹਨ੍ਹੇਰੀ ਲੰਘ ਹੁਣ ਫਿਰ ਖੁਲ੍ਹਿਆ ਇਹ ਨੈਣ।***
***ਦੇਹ ਦਰਸਨ ਕਰ ਬਖਸੀਏ ਫਿਰ ਝਮਕਾ ਨਾ ਲੈਣ।***

ਅਫਸੋਸ ਕਰਦੇ ਨੇ ਮਹਾਰਾਜ, ਹਨ੍ਹੇਰੀ ਲੰਘ ਗਈ। ਬੜਾ ਅਫਸੋਸ ਹੈ ਸਾਡੇ ਮਨ ਦੇ ਅੰਦਰ।

ਉਸ ਵੇਲੇ ਮਹਾਰਾਜ ਕਹਿਣ ਲੱਗੇ, ਪ੍ਰੇਮੀਓ! ਅਫਸੋਸ ਨਾ ਕਰੋ। ਆਹ ਤਾਂ ਹੈਗੇ ਗੁਰਮੁਖ ਜਿਹੜੇ ਪੰਜ ਨਿੱਤਰ ਆਏ, ਤੁਸੀਂ ਹੋ ਮੇਰੇ ਸਨਮੁਖ ਸਿੱਖ। ਆਹ ਜਿਹੜੇ ਕਹਿੰਦੇ ਨੇ ਕਿ ਦੇਵੀ ਪੁੱਠੀ ਪੈ ਗਈ, ਉਥੇ ਖੜ੍ਹ ਗਏ ਚਾਰ, ਚਾਰ ਉਥੇ ਖੜ੍ਹ ਕੇ ਗੱਲਾਂ ਕਰਦੇ ਨੇ। ਇਹ ਹੈਗੇ ਮਨਮੁਖ। ਜਿਹੜੇ ਛਾਲਾਂ ਮਾਰ ਨੱਠ ਕੇ, ਇਹ ਨੇ ਬੇਮੁਖ। ਤੁਸੀਂ ਫਿਕਰ ਨਾ ਕਰੋ, ਜਦੋਂ ਸਮਾਂ ਆਇਆ ਤੁਹਾਡਾ ਵੀ ਸੀਸ ਲੱਗ ਜਾਏਗਾ।

ਦੂਸਰਾ ਦਿਨ ਹੋ ਗਿਆ। 1100 ਰੁਪਿਆ ਮਹਾਰਾਜ ਨੇ ਉਸ ਵੇਲੇ ਦਾ, ਇਕ ਰੁਪਿਆ ਉਸ ਵੇਲੇ ਅੱਜ ਦੇ ਪੰਜ ਸੌ ਰੁਪਏ ਤੋਂ ਵੱਧ ਸੀ। 1100 ਹਜ਼ਾਰ ਰੁਪਏ ਦਾ ਪ੍ਰਸ਼ਾਦ ਕਰਿਆ। ਚਾਦਰਾਂ ਵਿਛਾ ਦਿਤੀਆਂ, ਉਨ੍ਹਾਂ ਤੇ ਆ ਕੇ ਪ੍ਰਸ਼ਾਦ ਢੇਰੀ ਹੋਈ ਜਾਂਦਾ ਹੈ। ਬੜੇ ਹੀ ਪ੍ਰਸੰਨ ਨੇ ਮਹਾਰਾਜ, ਵੱਡਾ ਬਾਟਾ ਮੰਗਾ ਲਿਆ, ਸਤਲੁਜ ਦਾ ਜਲ ਮੰਗਾ ਲਿਆ। ਆਪ ਬੀਰ ਰਸ ਆਸਣ ਹੋ ਕੇ ਬੈਠ ਗਏ। ਪੰਜੇ ਸਿੰਘ ਸਾਮ੍ਹਣੇ ਖੜ੍ਹੇ ਨੇ, ਉਨ੍ਹਾਂ ਨੂੰ ਕਹਿਣ ਲੱਗੇ, ਦੇਖੋ, ਵਾਹਿਗੁਰੂ ਮੰਤਰ ਗੁਰੂ ਨਾਨਕ ਪਾਤਸ਼ਾਹ ਨੇ ਲਿਆਂਦਾ ਹੈ, ਧੁਰ ਦਰਗਾਹ 'ਚੋਂ। ਤੁਸੀਂ ਵਾਹਿਗੁਰੂ-ਵਾਹਿਗੁਰੂ ਕਹਿਣਾ ਹੈ ਤੇ ਨੇਤਰ ਜਿਹੜੇ ਨੇ ਏਸ ਜਲ 'ਚ ਹੀ ਰੱਖਣੇ ਨੇ। ਇਹ ਜਲ ਨੇ ਕਰਾਮਾਤੀ ਬਣ ਜਾਣਾ ਹੈ। ਸ਼ਕਤੀ ਵਾਲਾ ਬਣ ਜਾਣਾ ਹੈ। ਕਾਇਆ ਕਲਪ ਹੋ ਜਾਣੀ ਹੈ, ਤੁਸੀਂ ਇਹਦੇ 'ਚ ਨੇਤਰ ਰੱਖ ਕੇ ਵਾਹਿਗੁਰੂ-ਵਾਹਿਗੁਰੂ ਕਰੀ ਜਾਣਾ ਹੈ। ਆਪ ਮਹਾਰਾਜ ਨੇ ਜਪੁਜੀ ਸਾਹਿਬ ਪੜ੍ਹੀ, ਜਾਪੁ ਸਾਹਿਬ ਪੜ੍ਹਿਆ, ਚੌਪਈ ਪੜ੍ਹੀ, ਸ੍ਵੱਯੇ ਪੜ੍ਹੇ, ਅਨੰਦ ਸਾਹਿਬ ਪੜ੍ਹਿਆ ਤੇ ਕੁਛ ਜਲ ਬਾਹਰ ਨਿਕਲ ਕੇ ਡੁਲ੍ਹ ਗਿਆ, ਹੁਲਾਰੇ ਦੇ ਨਾਲ। ਪੂਰੇ ਜ਼ੋਰ ਨਾਲ ਹੁਲਾਰਾ ਦੇਣਾ ਪੈਂਦਾ ਹੈ ਉਹਦੇ ਵਿਚ। ਅੰਮ੍ਰਿਤ ਤਿਆਰ ਕਰਨ ਵੇਲੇ, ਮਾੜੇ ਬੰਦੇ ਦਾ ਕੰਮ ਨਹੀਂ ਅੰਮ੍ਰਿਤ ਤਿਆਰ ਕਰਨਾ। ਅੰਦਰ ਵੀ ਬਹਾਦਰੀ ਹੋਣੀ ਚਾਹੀਦੀ ਹੈ, ਡਰ ਨਹੀਂ ਹੋਣਾ ਚਾਹੀਦਾ। ਜਿਹੜਾ ਡਰਦਾ ਹੈ, ਉਹ ਅੰਮ੍ਰਿਤ ਨਹੀਂ ਤਿਆਰ ਕਰ ਸਕਦਾ। ਉਹ ਨਿਰਭੈ ਹੁੰਦਾ ਹੈ, ਗੁਰੂ ਹੁੰਦਾ ਹੈ ਉਸ ਵੇਲੇ ਉਹ ਪੰਜ ਜਿਹੜੇ ਹੁੰਦੇ ਨੇ।

ਸੋ ਉਥੇ ਦੋ ਚਿੜਿਆਂ ਨੇ ਆ ਕੇ ਗਿਰੇ ਹੋਏ ਜਲ ਦੀ ਘੁੱਟ-ਘੁੱਟ ਭਰ ਲਈ। ਭਰਦੇ ਸਾਰ ਲੜਾਈ ਸ਼ੁਰੂ ਹੋ ਗਈ। ਸਾਰੀ ਸੰਗਤ ਦੇਖ ਰਹੀ ਹੈ ਕਿ ਆਹ ਚਿੜਿਆਂ ਨੂੰ ਕੀ ਹੋ ਗਿਆ। ਐਨੇ ਨੂੰ ਬਾਬਾ ਰਾਮ ਕੌਰ ਜੀ ਬਾਬੇ ਬੁੱਢੇ ਕੇ ਬੈਠੇ, ਅਨੁਭਵ ਨਾਲ ਦੇਖਿਆ ਕਿ ਮਹਾਰਾਜ ਨੇ ਬਹੁਤੀ ਸ਼ਕਤੀ ਵਾਲਾ ਜਲ ਬਣਾ ਦਿਤਾ। ਇਹਨੂੰ ਸਹੇਗਾ ਕੌਣ, ਕਿਹੜਾ ਝੱਲੇਗਾ ਇਹ ਝਾਲ, ਐਨੇ ਕਰਾਰੇ ਅੰਮ੍ਰਿਤ ਦੀ। ਬਹੁਤਾ ਤੇਜ਼ ਧਰ ਦਿਤਾ। ਉਸ ਵੇਲੇ ਕਾਹਲੀ ਨਾਲ ਮਾਤਾ ਜੀਤੋ ਜੀ ਦੇ ਕੋਲ ਗਏ।

ਮਾਤਾ ਜੀ! ਕ੍ਰਿਪਾ ਕਰੋ ਤੁਸੀਂ, ਕ੍ਰਿਪਾ ਕਰੋ।

ਕੀ ਹੋ ਗਿਆ, ਬਾਬਾ ਜੀ?

ਕਹਿਣ ਲੱਗੇ, "ਮਹਾਰਾਜ ਜੀ ਨੇ ਅੰਮ੍ਰਿਤ ਤਿਆਰ ਕਰਿਆ ਹੈ, ਬਾਣੀ ਪੜ੍ਹੀ ਹੈ ਉਹਦੇ ਵਿਚ ਐਨਾ ਤੇਜ਼ ਆ ਗਿਆ, ਮੈਂ ਦੇਖਿਆ ਅੱਖਾਂ ਦੇ ਨਾਲ, ਇਕ-ਇਕ ਘੁੱਟ ਭਰੀ ਹੈ ਚਿੜਿਆਂ ਨੇ ਤੇ ਲੜਨ ਤੋਂ ਹੀ ਨਹੀਂ ਹਟਦੇ। ਹੁਣ ਤਾਂ ਮਰ ਗਏ ਹੋਣੇ ਨੇ ਜਾਂਦਿਆਂ ਨੂੰ।

ਮਾਤਾ ਜੀ ਨੇ ਕਿਹਾ ਕਿ ਮੈਂ ਕੀ ਕਰਾਂ?

ਉਨ੍ਹਾਂ ਨੇ ਕਿਹਾ ਕਿ ਤੁਸੀਂ ਮਾਂ ਹੋ, ਮਾਂ ਵਾਲਾ ਪਿਆਰ ਲੈ ਕੇ ਪਾਓ ਉਹਦੇ ਵਿਚ। ਪਿਆਰ ਬਿਨਾਂ ਖਾਲਸਾ ਖੇਰੂੰ-ਖੇਰੂੰ ਹੋ ਜਾਏਗਾ, ਲੜ ਕੇ ਮਰ ਜਾਏਗਾ, ਆਪਸ ਵਿਚ। ਪਤਾਸੇ ਲੈ ਕੇ ਚੱਲੋ।

ਉਸ ਵੇਲੇ ਮਾਤਾ ਜੀ ਪਤਾਸੇ ਲੈ ਕੇ ਆ ਗਏ। ਪਤਾਸੇ ਪਾ ਦਿਤੇ। ਮਹਾਰਾਜ ਜੀ ਦੇਖ ਰਹੇ ਨੇ, ਮੁਸਕਰਾਏ ਕਹਿੰਦੇ ਜੀਤ ਜੀ! ਬਹੁਤ ਚੰਗਾ ਕਰਿਆ। ਅੰਮ੍ਰਿਤ ਬਹੁਤ ਤੇਜ ਵਾਲਾ ਤਿਆਰ ਹੋ ਗਿਆ ਸੀ ਤੇ ਬੜਾ ਕਰੂਰ ਹੋਣਾ ਸੀ ਖਾਲਸੇ ਨੇ। ਲੜ-ਲੜ ਮਰ ਜਾਣਾ ਸੀ। ਤੁਸੀਂ ਮਾਂ ਵਾਲਾ ਪਿਆਰ ਪਾ ਦਿਤਾ। ਹੁਣ ਅੰਮ੍ਰਿਤ ਦੇ ਬਾਟੇ ਦੀ ਸਾਂਝ ਨੂੰ ਦੇਖ ਕੇ ਫੇਰ ਇਕੱਠੇ ਹੋ ਜਾਇਆ ਕਰਨਗੇ।

***ਭਲੋ ਭਯੋ ਤੂੰ ਚਲਿ ਕਰਿ ਆਈ॥***
***ਨੀਰ ਬਿਖੈ ਪਾਈ ਮਧੁਰਾਈ॥***
***ਨਾਤੁਰ ਪੰਥ ਹੋਤਿ ਬਡ ਕ੍ਰੂਰਾ॥***
***ਤੇਜ ਕ੍ਰੋਧ ਕਲਹਾ ਕਰਿ ਪੂਰਾ॥***
***ਪੰਨਾ 5056, ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਨਹੀਂ ਤਾਂ ਇਹਨੇ ਬੜਾ ਕਰੂਰ ਹੋਣਾ ਸੀ, ਸਹਿ ਨਹੀਂ ਸੀ ਸਕਿਆ ਕਰਨਾ, ਉਸੇ ਵੇਲੇ ਗਲ ਪੈ ਜਾਇਆ ਕਰਨਾ ਸੀ ਟੁੱਟ ਕੇ। ਚੰਗਾ ਹੋਇਆ ਤੁਸੀਂ ਮਾਂ ਵਾਲਾ ਪਿਆਰ ਪਾ ਦਿਤਾ। ਅੱਜ ਪਤਾਸੇ ਪਿਛੋਂ ਪਾਏ ਨੇ, ਅੱਗੇ ਤੋਂ ਪਹਿਲਾਂ ਪਿਆ ਕਰਨਗੇ, ਬਾਣੀ ਤੋਂ ਵੀ ਪਹਿਲਾਂ।

ਸੋ ਇਸ ਤਰ੍ਹਾਂ ਮਹਾਰਾਜ ਨੇ ਅੰਮ੍ਰਿਤ ਤਿਆਰ ਕੀਤਾ। ਪੰਜਾਂ ਨੂੰ ਛਕਾ ਦਿਤਾ। ਕਾਇਆ ਕਲਪ ਹੋਈ। ਉਸ ਵੇਲੇ ਸਾਰਿਆਂ ਦੇ ਦੇਖਦੇ-ਦੇਖਦੇ ਮਹਾਰਾਜ ਨੇ ਕੀ ਕਰਿਆ। ਮਹਾਰਾਜ ਨੇ ਤਖਤ ਤੇ ਬਿਠਾ ਲਿਆ ਕਿ ਏਥੇ ਬੈਠੋ ਆ ਕੇ। ਕਹਿੰਦੇ ਤੁਹਾਨੂੰ ਪਤਾ ਹੈ ਕਿ ਗੁਰੂ ਨਾਨਕ ਪਾਤਸ਼ਾਹ ਨੇ ਗੁਰੂ ਅੰਗਦ ਸਾਹਿਬ ਨੂੰ ਤਖਤ ਤੇ ਬਿਠਾਇਆ ਸੀ। ਹੁਣ ਮੈਂ ਥੱਲੇ ਬੈਠਦਾਂ, ਤੁਸੀਂ ਉਤੇ ਬੈਠੋ। ਮਹਾਰਾਜ ਦੋਵੇਂ ਹੱਥ ਜੋੜ ਕੇ ਸਾਮ੍ਹਣੇ ਖੜ੍ਹੇ ਹੋ ਗਏ। ਉਹ ਸਿੰਘ ਬੈਠ ਨਹੀਂ ਸੀ ਸਕੇ, ਕਹਿਣ ਲੱਗੇ, ਮਹਾਰਾਜ! ਅਸੀਂ ਬੜੇ ਗਰੀਬ ਹਾਂ, ਅਸੀਂ ਪਾਪੀ ਹਾਂ, ਅਸੀਂ ਭੁੱਲੇ ਹੋਏ ਹਾਂ, ਤੁਸੀਂ ਦਇਆ ਕਰੋ, ਐਡਾ ਪਰਤਿਆਵਾ ਨਾ ਸਾਡਾ ਲਵੋ। ਉਸ ਵੇਲੇ ਮਹਾਰਾਜ ਨੇ ਗੱਲ ਨਹੀਂ ਸੁਣੀ। ਕਿਹਾ -

***ਖਾਲਸਾ ਗੁਰੂ ਹੈ ਗੁਰੂ ਖਾਲਸਾ ਕਰੌਂ ਮੈਂ ਅਬਿ,***

ਹੁਣ ਮੈਂ ਗੁਰੂ ਧਾਰਨ ਕਰਦਾ ਹਾਂ, ਖਾਲਸੇ ਨੂੰ।

***ਜੈਸੇ ਗੁਰੂ ਨਾਨਕ ਜੀ ਅੰਗਦ ਕੋ ਕੀਨੀਓ।***
***ਸ਼ੰਕ ਨ ਕਰੀਜੈ ਸਾਵਧਾਨ ਹੋਇ ਦੀਜੈ ਅਬ,***
***ਅੰਮ੍ਰਿਤ ਛਕਾਵੋ ਮੁਹਿ ਜੈਸੇ ਤੁਮ ਲੀਨਿਓਂ।***
***ਪੰਨਾ 5059, ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਜਿਵੇਂ ਤੁਸੀਂ ਮੇਰੇ ਤੋਂ ਛਕਿਆ ਸੀ, ਓਵੇਂ ਜਿਵੇਂ ਮੈਨੂੰ ਛਕਾਓ।

ਕਾਲ ਹੂੰ ਕੋ ਕਾਲ ਅਸਿਕੇਤ ਹੈ ਅਕਾਲ ਪ੍ਰਭੁ ਦੀਰਘ ਕ੍ਰਿਪਾਲ ਯੌਂ ਹੁਕਮ ਹਮੈਂ ਦੀਨਿਓ॥

***ਥਾਪਨਿ ਧਰਮ ਕੌਂ, ਉਥਾਪਨਿ ਭਰਮ ਕੌਂ,***
***ਕੁਕਰਮ ਕੌਂ ਖਾਪਨ, ਸਿਮਰ ਨਾਮ, ਚੀਨਿਓ॥***
***ਪੰਨਾ 5059, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਉਸ ਵੇਲੇ ਮਹਾਰਾਜ ਜੀ ਨੇ ਅੰਮ੍ਰਿਤ ਛਕਿਆ ਤੇ ਨਾਲ 20,000 ਪ੍ਰੇਮੀਆਂ ਨੇ ਉਸ ਦਿਨ ਅੰਮ੍ਰਿਤ ਛਕਿਆ। ਉਸ ਵੇਲੇ ਮਹਾਰਾਜ ਨੇ ਸਾਰਿਆਂ ਨੂੰ ਉਪਦੇਸ਼ ਦੇਣ ਵਾਸਤੇ ਕਿਹਾ ਪ੍ਰੇਮੀਓ! ਅੱਜ ਤੋਂ ਤੁਹਾਡੀ ਜਾਤ ਨਾ ਕੋਈ ਨਾਈ ਹੈ, ਨਾ ਕੋਈ ਛੀਂਬਾ ਹੈ, ਨਾ ਕੋਈ ਜੱਟ ਹੈ, ਨਾ ਕੋਈ ਖੱਤਰੀ ਹੈ, ਨਾ ਕੋਈ ਝਿਉਂਰ ਹੈ। ਹੁਣ ਤੁਹਾਡੀ ਜਾਤ ਕਸ਼ਤਰੀ ਹੋ ਗਈ। ਹੁਣ ਤੁਸੀਂ ਅਨੰਦਪੁਰ ਦੇ ਵਾਸੀ ਹੋ ਗਏ। ਹੁਣ ਤੁਹਾਨੂੰ ਮੈਂ ਤੇਜ ਦਿਤਾ।

***ਜਬ ਲਗ ਖਾਲਸਾ ਰਹੇ ਨਿਆਰਾ।***
***ਤਬ ਲਗ ਤੇਜ ਦੀਉ ਮੈਂ ਸਾਰਾ।***
***ਜਬ ਇਹ ਗਹੈ ਬਿਪਰਨ ਕੀ ਰੀਤ।***
***ਮੈਂ ਨ ਕਰੋਂ ਇਨ ਕੀ ਪ੍ਰਤੀਤ।***
***ਸਰਬ ਲੋਹ ਗ੍ਰੰਥ 'ਚੋਂ***

ਰਹਿਤ 'ਚ ਰਹਿਣਾ ਹੈ -

***ਰਹਿਤ ਪਿਆਰੀ ਮੁਝ ਕੋ***
***ਸਿੱਖ ਪਿਆਰਾ ਨਾਹਿ॥***
***ਰਹਿਣੀ ਰਹੈ ਸੋਈ ਸਿਖ ਮੇਰਾ***
***ਓਹ ਸਾਹਿਬ ਮੈ ਉਸ ਕਾ ਚੇਰਾ॥***

ਉਹ ਮੇਰਾ ਮਾਲਕ ਹੋਏਗਾ, ਜਿਹੜਾ ਮੇਰੀਆਂ ਸਾਰੀਆਂ ਰਹਿਤਾਂ ਗੁਰੂ ਗ੍ਰੰਥ ਸਾਹਿਬ ਦੀਆਂ, ਪੰਜਾਂ ਪਿਆਰਿਆਂ ਦੀਆਂ ਰੱਖੇਗਾ। ਹੁਣ ਤੁਸੀਂ ਮੰਤਰ ਜੰਤਰ ਨਹੀਂ ਜਪਣੇ। ਹੋਰ ਨਾਮ ਨਹੀਂ ਜਪਣੇ। ਤੁਸੀਂ ਅਕਾਲ ਪੁਰਖ ਦਾ ਨਾਮ ਜਪਣਾ ਹੈ।

***ਜਾਗਤ ਜੋਤਿ ਜਪੈ ਨਿਸ ਬਾਸੁਰ,***
***ਏਕ ਬਿਨਾਂ ਮਨ ਨੈਕ ਨ ਆਨੈ॥***
***ਪੂਰਨ ਪ੍ਰੇਮ ਪ੍ਰਤੀਤ ਸਜੈ,***
***ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥***
***ਤੀਰਥ ਦਾਨ ਦਇਆ ਤਪ ਸੰਜਮ,***
***ਏਕ ਬਿਨਾ ਨਹਿ ਏਕ ਪਛਾਨੈ॥***
***ਪੂਰਨ ਜੋਤ ਜਗੈ ਘਟ ਮੈ***
***ਤਬ ਖ਼ਾਲਸ ਤਾਹਿ ਨਖ਼ਾਲਸ ਜਾਨੈ॥***

ਅੱਜ ਤੋਂ ਕਿਸੇ ਮੜੀ ਮਸਾਣੀ ਨੂੰ, ਕਿਸੇ ਨੂੰ ਮੱਥਾ ਨਹੀਂ ਟੇਕਣਾ। ਗੁਰੂ ਨਾਨਕ ਤੋਂ ਵੱਡਾ ਕੋਈ ਨਹੀਂ।

***ਸਭ ਤੇ ਵਡਾ ਸਤਿਗੁਰੁ ਨਾਨਕੁ***
***ਜਿਨਿ ਕਲ ਰਾਖੀ ਮੇਰੀ॥ ਅੰਗ - 749***

ਇਕ ਅਕਾਲ ਪੁਰਖ ਤੇ ਭਰੋਸਾ ਰੱਖੋ, ਹਾਥੀ ਦੀ ਪੈੜ ਵਿਚ ਸਭ ਪੈੜਾਂ ਆ ਜਾਂਦੀਆਂ ਨੇ। ਜੇ ਇਹਨੂੰ ਮੱਥਾ ਟੇਕਿਆ, ਫੇਰ ਇਹਨੂੰ ਟੇਕਿਆ, ਕੋਈ ਵੀ ਮਦਦ ਨਹੀਂ ਕਰਿਆ ਕਰਦਾ, ਸਭ ਛੱਡ ਦਿੰਦੇ ਨੇ। ਇਕ ਦੇ ਲੜ ਲਗ ਜਾਓ, ਇਕ ਨੂੰ ਲਾਜ ਹੋਇਆ ਕਰਦੀ ਹੈ।

ਸੋ ਇਸ ਤਰ੍ਹਾਂ ਮਹਾਰਾਜ ਨੇ ਉਪਦੇਸ਼ ਦਿਤਾ, 20,000 ਹਜ਼ਾਰ ਪ੍ਰੇਮੀ ਨੇ ਉਸ ਦਿਨ ਅੰਮ੍ਰਿਤ ਛਕਿਆ। ਇਹ ਸਾਰੇ ਸੰਸਾਰ ਦੇ ਸੁੱਖ ਵਾਸਤੇ ਖਾਲਸੇ ਦਾ ਜਨਮ ਹੋਇਆ, ਪ੍ਰਕਾਸ਼ ਹੋਇਆ। ਇਕ ਆਦਰਸ਼ ਆਹ ਮਿੱਟੀ ਦੇ ਸਰੀਰ ਵਿਚ ਸਾਡੇ ਗੁਰੂ ਦਸਵੇਂ ਪਾਤਸ਼ਾਹ ਨੇ ਅੰਮ੍ਰਿਤ ਦੇ ਰਾਹੀਂ ਪਾ ਦਿਤਾ। ਇਹਦੇ ਵਿਚ ਸ਼ਕਤੀ ਕਿੰਨੀ ਹੁੰਦੀ ਹੈ, ਕਈ ਵਾਰੀ ਮੈਂ ਦੱਸਿਆ।

ਆਹ ਤੁਹਾਡੇ ਬੀਜੀ (ਬੀਬੀ ਰਣਜੀਤ ਕੌਰ ਜੀ) ਦੇ ਪਿਤਾ ਜੀ ਇਕ ਵਾਰ ਅੰਮ੍ਰਿਤ ਛਕਾ ਰਹੇ ਸੀ, ਨੇਤਰਾਂ 'ਚ ਛਿੱਟਾ ਮਾਰਿਆ, ਕਰਤਾਰ ਸਿੰਘ ਸੀਗਾ ਮੁੰਡਾ ਦਸਵੀਂ ਦਾ। ਉਥੇ ਹੀ ਸਮਾਧੀ ਲਗ ਗਈ, ਭਾਈ ਰਣਧੀਰ ਸਿੰਘ ਕਹਿਣ ਲੱਗੇ, ਹੁਣ ਕੀ ਹੋਏਗਾ, ਕਹਿੰਦੇ ਜ਼ੋਰ ਲਗ ਗਿਆ ਜ਼ਿਆਦਾ। ਉਹ ਜਲ ਦੇ ਅੰਦਰ ਤੇਜ ਹਿਸਾਬ ਦਾ ਪਾਉਂਦੇ ਨੇ, ਜੇ ਬਹੁਤਾ ਪਾ ਦਿਤਾ ਇਥੇ ਸਮਾਧੀਆਂ ਲਗ ਜਾਣਗੀਆਂ ਸਾਰਿਆਂ ਦੀਆਂ। ਬਿਮਾਰੀਆਂ ਦੂਰ ਹੁੰਦੀਆਂ ਨੇ, ਡਰ ਦੂਰ ਹੁੰਦੇ। ਓਹੀ ਬੰਦਾ ਜਿਹੜਾ ਮਾੜਾ ਜਿਹਾ ਖੜਕਾ ਹੋਣ ਤੋਂ ਡਰਦਾ ਹੈ, ਸ਼ੇਰ ਵਰਗਾ ਦਿਲ ਹੋ ਜਾਂਦਾ ਹੈ। ਇਨਸਾਫ ਤੇ ਚੱਲਣ ਲਗ ਜਾਂਦਾ ਹੈ। ਬੇਇਨਸਾਫੀ ਨਹੀਂ ਕਰਦਾ। ਧੱਕਾ ਨਹੀਂ ਕਰਦਾ, ਨਾ ਧੱਕਾ ਹੋਣ ਦਿੰਦਾ ਹੈ। ਜਾਗ ਆ ਗਈ ਸਾਧਸੰਗਤ ਜੀ!

ਸੋ ਕਹਿਣ ਲੱਗੇ ਕਿ ਹੁਣ ਕੀ ਹੋਏਗਾ? ਕਹਿੰਦੇ 56 ਘੰਟੇ ਬਾਅਦ ਇਹਦੀ ਸੁਰਤ ਉਤਰੇਗੀ। ਲੁਧਿਆਣੇ ਹਾਈ ਸਕੂਲ ਦੀ ਗੱਲ ਹੈ। ਚੁੱਕ ਕੇ ਪਰ੍ਹੇ ਬਿਠਾ ਦਿਤਾ। ਅੰਮ੍ਰਿਤ ਛਕਾਉਣ ਤੋਂ ਬਾਅਦ ਜਦੋਂ ਪੂਰੇ 48 ਘੰਟੇ ਹੋ ਗਏ, ਕੀਰਤਨ ਸ਼ੁਰੂ ਹੋ ਗਿਆ। ਭਾਈ ਸਾਹਿਬ ਦਾ ਕੀਰਤਨ ਕਈ-ਕਈ ਘੰਟੇ ਹੁੰਦਾ ਸੀ, ਘੜੀ ਵਗੈਰਾ ਨਹੀਂ ਸੀ ਉਥੇ ਕੋਈ ਦੇਖਿਆ ਕਰਦਾ। ਸੋ ਬੱਚਾ ਜਦੋਂ ਹਿੱਲਿਆ, ਉਪਰ ਨੂੰ ਉਠਿਆ ਭਾਰ ਮੁਕਤ (balance less) ਹੋ ਗਿਆ। ਬਾਪੂ ਜੀ ਆ ਕੇ ਕਹਿਣ ਲੱਗੇ, ਲਾਵਾਂ ਦਾ ਪਾਠ ਕਰੋ। ਇਹਦੀ ਰੂਹ ਅਕਾਲ ਪੁਰਖ ਦੇ ਦਰ ਤੇ ਖੜ੍ਹੀ ਹੈ। ਭਾਈ ਸਾਹਿਬ ਕਹਿੰਦੇ ਅਸੀਂ ਮੇਰੇ ਉਪਰ ਦੀ ਵਾਜੇ ਤੋਂ ਐਉਂ ਥੱਲੇ ਨੂੰ ਗਏ ਜਿਵੇਂ ਮੱਛੀ ਪਾਣੀ 'ਚੋਂ ਆਉਂਦੀ ਹੈ। ਮਹਾਰਾਜ ਦੇ ਮੂਹਰੇ ਲੰਮਾ ਪੈ ਗਿਆ। ਕਹਿੰਦੇ ਫੇਰ ਅਸੀਂ ਲਾਵਾਂ ਦਾ ਕੀਰਤਨ ਕਰਿਆ, ਇਕ ਛਿੱਟਾ ਮਾਰ ਕੇ ਕਿੱਥੇ ਵਾਹਿਗੁਰੂ ਕੋਲ ਪਹੁੰਚਾ ਦਿਤਾ।

ਇਹ ਅੰਮ੍ਰਿਤ ਐਵੇਂ ਨਹੀਂ ਹੈ ਕਿ ਮਿੱਠਾ ਪਾਣੀ ਪੀ ਲਓ। ਇਥੇ ਕਹਿੰਦੇ ਸੀ, ਮੁੰਡੀਖਰੜ ਜਦੋਂ ਅਸੀਂ ਪਹਿਲੀ ਵਾਰੀ ਅੰਮ੍ਰਿਤ ਛਕਾਇਆ। ਉਹ ਨਿਰੰਕਾਰੀਆਂ ਦੀ ਲੜਕੀ ਸੀ, ਕਹਿੰਦੇ, ਮਿੱਠਾ ਪਾਣੀ ਕਿਉਂ ਪੀਂਦੀਆਂ ਹੋ, ਵਾਇ ਹੋ ਜਾਏਗੀ। ਉਹਦੇ ਵਿਚ ਕੁਛ ਆਉਂਦਾ ਸੀ। ਉਥੇ ਵਿਚ ਹੀ ਕਹਿਣ ਲੱਗ ਗਈ, ਸਿਰ ਘੁੰਮਾਉਣ ਲਗ ਗਈ, ਜਦੋਂ ਚੂਲਾ ਪਾਇਆ ਸੀਸ ਵਿਚ, ਕਹਿੰਦੀ ਮੈਂ ਜਾਨੀ ਆਂ, ਮੈਂ ਜਾਨੀ ਆਂ, ਚੀਜ਼ ਨੱਠ ਗਈ।

ਇਕ ਨਹੀਂ ਰਾਜ਼ੀ ਹੋਇਆ ਸੈਂਕੜੇ ਰਾਜ਼ੀ ਹੋਏ ਨੇ। ਇਹ ਅੰਮ੍ਰਿਤ ਐਵੇਂ ਨਹੀਂ ਹੈ। ਸੋ ਸਾਧਸੰਗਤ ਜੀ! ਗੁਰੂ ਵਾਲੇ ਬਣੋ, ਗੁਰੂ ਵਾਲੇ ਬਣ ਕੇ ਅੱਜ ਵਿਸਾਖੀ ਸਾਨੂੰ ਚਿਤਾਵਨੀ ਦਿੰਦੀ ਹੈ, ਬਈ ਨਿਗੁਰਾ ਨਾ ਕੋਈ ਵੀ ਰਹੇ, ਗੁਰੂ ਧਾਰਨ ਕਰੋ। ਸਾਡੇ ਘਰ ਅੰਦਰ, ਗੁਰੂ ਨਾਨਕ ਦੇ ਘਰ ਦੇ ਅੰਦਰ, ਗੁਰੂ ਐਵੇਂ ਹੀ ਧਾਰਿਆ ਜਾਂਦਾ ਹੈ ਕਿ ਪਹਿਲਾਂ ਅੰਮ੍ਰਿਤ ਛਕੋ, ਪੰਜ ਪਿਆਰੇ ਫੇਰ ਨਾਮ ਦੀ ਦਾਤ ਦਿੰਦੇ ਨੇ। ਉਹ ਨਾਮ ਦੀ ਕਮਾਈ ਕਰੋ, ਕਮਾਈ ਕਰਕੇ ਅਸੀਂ ਦਰਜਾ-ਬ-ਦਰਜਾ ਉਪਰ ਚਲਦੇ-ਚਲਦੇ ਅਖੀਰ ਪ੍ਰਭੂ ਵਿਚ ਲੀਨ ਹੋ ਜਾਂਦੇ ਹਾਂ। ਸੋ ਇਹ ਖਾਲਸਾ ਆਦਰਸ਼ ਅੱਜ ਦੇ ਦਿਨ ਪ੍ਰਗਟ ਹੋਇਆ। ਤੁਸੀਂ ਭਾਗਾਂ ਵਾਲੇ ਓਂ ਕਿ ਆਪਣਾ ਹੀ ਜਨਮ ਦਿਨ ਮਨਾਉਣ ਵਾਸਤੇ ਕੋਈ ਸੌ ਮੀਲ ਤੋਂ ਆਇਆ ਹੈ, ਕੋਈ ਦੋ ਸੌ ਮੀਲ ਤੋਂ ਆਇਆ ਹੈ। ਅੱਜ ਗੁਰੂ ਵਾਲੇ ਬਣ ਕੇ ਜਾਇਓ।

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਹਿ।

# ਚਉਥੈ ਪਹਰਿ ਸਬਾਹ ਕੈ
## ਸੁਰਤਿਆ ਉਪਜੈ ਚਾਉ
### (ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੀ ਸਮਾਪਤੀ ਉਪਰੰਤ ਕੀਤੇ ਬਚਨ)

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ*

## ਹੁਕਮਨਾਮਾ

*ਸੋਰਠਿ ਮਹਲਾ ੫ ॥*
*ਪ੍ਰਭ ਕੀ ਸਰਣਿ ਸਗਲ ਭੈ ਲਾਥੇ ਦੁਖ ਬਿਨਸੇ ਸੁਖੁ ਪਾਇਆ ॥*
*ਦਇਆਲੁ ਹੋਆ ਪਾਰਬ੍ਰਹਮੁ ਸੁਆਮੀ ਪੂਰਾ ਸਤਿਗੁਰੁ ਧਿਆਇਆ ॥੧॥*
*ਪ੍ਰਭ ਜੀਉ ਤੂ ਮੇਰੋ ਸਾਹਿਬੁ ਦਾਤਾ ॥*
*ਕਰਿ ਕਿਰਪਾ ਪ੍ਰਭ ਦੀਨ ਦਇਆਲਾ*
*ਗੁਣ ਗਾਵਉ ਰੰਗਿ ਰਾਤਾ ॥ਰਹਾਉ ॥*
*ਸਤਿਗੁਰਿ ਨਾਮੁ ਨਿਧਾਨੁ ਦ੍ਰਿੜਾਇਆ*
*ਚਿੰਤਾ ਸਗਲ ਬਿਨਾਸੀ ॥*
*ਕਰਿ ਕਿਰਪਾ ਅਪੁਨੋ ਕਰਿ ਲੀਨਾ*
*ਮਨਿ ਵਸਿਆ ਅਬਿਨਾਸੀ ॥੨॥*
*ਤਾ ਕਉ ਬਿਘਨੁ ਨ ਕੋਊ ਲਾਗੈ*
*ਜੋ ਸਤਿਗੁਰਿ ਅਪੁਨੈ ਰਾਖੈ ॥*
*ਚਰਨ ਕਮਲ ਬਸੇ ਰਿਦ ਅੰਤਰਿ*
*ਅੰਮ੍ਰਿਤ ਹਰਿ ਰਸੁ ਚਾਖੇ ॥੩॥*
*ਕਰਿ ਸੇਵਾ ਸੇਵਕ ਪ੍ਰਭ ਅਪੁਨੇ*
*ਜਿਨਿ ਮਨ ਕੀ ਇਛ ਪੁਜਾਈ ॥*
*ਨਾਨਕ ਦਾਸ ਤਾ ਕੈ ਬਲਿਹਾਰੈ*
*ਜਿਨਿ ਪੂਰਨ ਪੈਜ ਰਖਾਈ ॥੪॥੧੪॥੨੫॥*
*ਅੰਗ - 615*

ਸਾਧ ਸੰਗਤ ਜੀ!

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

ਹਰੀ ਜਸ ਸਰਵਣ ਕਰਨ ਤੋਂ ਬਾਅਦ ਗੁਰੂ ਮਹਾਰਾਜ ਜੀ ਦਾ ਜੋ ਹੁਕਮਨਾਮਾ ਹੈ ਆਪ ਨੇ ਸਰਵਣ ਕੀਤਾ ਹੈ। ਜੋ ਪਹਿਲੀ ਤੁਕ ਆਈ ਹੈ -

*ਪ੍ਰਭ ਕੀ ਸਰਣਿ ਸਗਲ ਭੈ ਲਾਥੇ*
*ਦੁਖ ਬਿਨਸੇ ਸੁਖੁ ਪਾਇਆ ॥ ਅੰਗ - 615*

ਵਾਹਿਗੁਰੂ ਜੀ ਦੀ ਜੋ ਸਰਨ ਹੈ ਉਸ ਦੀ ਮਹਿਮਾ ਵਰਣਨ ਕਰਦੇ ਹੋਏ ਫੁਰਮਾਨ ਕਰਦੇ ਨੇ ਕਿ ਜੋ ਵੀ ਵਾਹਿਗੁਰੂ ਜੀ ਦੀ ਸ਼ਰਨ ਵਿਚ ਆ ਗਿਆ ਉਸ ਦੇ ਸਾਰਿਆਂ ਦੁਖਾਂ ਦਾ ਖਾਤਮਾ ਹੋ ਜਾਇਆ ਕਰਦਾ ਹੈ, ਸਾਰੇ ਭੈਅ ਹਟ ਜਾਇਆ ਕਰਦੇ ਨੇ। ਨਾ ਤਾਂ ਦੁਖਾਂ ਦੀ ਕੋਈ ਗਿਣਤੀ ਹੈ ਨਾ ਭੈਆਂ ਦੀ ਕੋਈ ਗਿਣਤੀ ਹੈ। ਡਰ ਆਦਮੀ ਦੇ ਉਤੇ ਹਰ ਵਕਤ ਸਵਾਰ ਰਹਿੰਦਾ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਨੇ ਕਿ ਇਹ ਜੋ ਡਰ ਹੈ ਜਿਸ ਨੂੰ ਸੰਸਾ ਆਖਦੇ ਨੇ, ਆਸ਼ਾ ਆਖਦੇ ਨੇ, ਆਸ਼ਾਵਾਂ ਪੂਰੀਆਂ ਨਾ ਹੋਣੀਆਂ, ਅੰਦੇਸਾ ਆਖਦੇ ਨੇ। ਇਹ ਦੋ ਦਰਵਾਜੇ ਰੱਬ ਦੇ ਦਰ ਤੇ ਲੱਗੇ ਹੋਏ ਨੇ, ਬੱਜਰ ਕਪਾਟ।

*ਦੂਖੁ ਦਰਵਾਜਾ ਰੋਹੁ ਰਖਵਾਲਾ*
*ਆਸਾ ਅੰਦੇਸਾ ਦੁਇ ਪਟ ਜੜੇ ॥*
*ਮਾਇਆ ਜਲੁ ਖਾਈ ਪਾਣੀ ਘਰੁ ਬਾਧਿਆ*
*ਸਤ ਕੈ ਆਸਣਿ ਪੁਰਖੁ ਰਹੈ ॥ ਅੰਗ - 877*

ਵਾਹਿਗੁਰੂ ਜੀ ਇਸ ਸਰੀਰ ਦੇ ਅੰਦਰ ਵਸਦੇ ਨੇ। 3-4 ਚੀਜ਼ਾਂ ਮਹਾਰਾਜ ਜੀ ਨੇ ਇਥੇ ਦੱਸੀਆਂ ਨੇ ਕਿ ਦੁਖ ਦਾ ਦਰਵਾਜਾ ਹੈ, ਕ੍ਰੋਧ ਇਸ ਦੀ ਰਖਵਾਲੀ ਕਰਦਾ ਹੈ, ਆਸ਼ਾ ਤੇ ਅੰਦੇਸੇ ਦੇ 'ਬਜਰ ਕਪਾਟ' ਜੜੇ ਹੋਏ ਨੇ ਤੇ ਮਾਇਆ ਦੀ ਖਾਈ ਐਨੀ ਡੂੰਘੀ ਹੈ ਜਿਸ ਵਿਚ ਪਾਣੀ ਭਰਿਆ ਹੋਇਆ ਹੈ। ਉਸ ਦੇ ਨਾਲ ਹੀ ਮਾਇਆ ਦੀ ਡੂੰਘੀ ਖਾਈ ਦੇ ਪਾਣੀ ਵਿਚ ਹੀ ਘਰ ਬੰਨ੍ਹਿਆ ਹੋਇਆ ਹੈ ਤੇ ਜਿਹੜਾ ਸਤਿ ਦਾ ਆਸਣ ਹੈ, ਇਸ ਸਰੀਰ ਵਿਚ, ਉਥੇ ਵਾਹਿਗੁਰੂ ਰਹਿੰਦਾ ਹੈ।

ਇਸ ਨੂੰ ਤਲਾਸ਼ ਕਰਨ ਵਾਸਤੇ ਜਦੋਂ ਤੋਂ ਸੰਸਾਰ ਬਣਿਆ ਹੈ ਉਸ ਵੇਲੇ ਤੋਂ ਹੀ ਅਨੇਕਾਂ ਤਰੀਕੇ ਕੱਢੇ ਗਏ ਨੇ ਕਿ ਕਿਸ ਤਰ੍ਹਾਂ ਇਸ ਘਰ ਤੱਕ ਪਹੁੰਚਿਆ ਜਾਵੇ। ਸੋ ਇਸ ਦੇ ਵਿਚ ਜੋ ਅੰਦੇਸ਼ਾ ਹੈ ਜਿਸ ਨੂੰ ਡਰ ਕਹਿੰਦੇ ਨੇ, ਉਹ ਇਕ ਬਹੁਤ ਵੱਡਾ ਦਰਵਾਜਾ ਹੈ ਜਿਸ ਨੂੰ ਅਸੀਂ ਪਾਰ ਨਹੀਂ ਕਰ ਸਕਦੇ। ਸੋ ਮਹਾਰਾਜ ਕਹਿੰਦੇ -

*ਪ੍ਰਭ ਕੀ ਸਰਣਿ ਸਗਲ ਭੈ ਲਾਥੈ............ ॥*
*ਅੰਗ - 615*

ਜਦੋਂ ਸ਼ਰਨ ਲੈ ਲਈ ਵਾਹਿਗੁਰੂ ਦੀ ਉਸ ਵੇਲੇ ਜਿਹੜੇ ਇਹ ਆਸ਼ਾ ਤੇ ਅੰਦੇਸੇ ਸੀ ਇਨ੍ਹਾਂ ਦੇ ਸਾਰੇ ਡਰ ਖਤਮ ਹੋ ਗਏ। ਆਦਮੀ ਦੇ ਡਰਾਂ ਦੀ ਜੇ ਗਿਣਤੀ ਕਰੀਏ ਤਾਂ ਜਿੰਨੀਆਂ ਪ੍ਰਾਪਤੀਆਂ ਨੇ, ਉਤਨਾ ਹੀ ਨਾਲ ਡਰ ਹੋਇਆ ਕਰਦਾ ਹੈ। ਪੈਸਾ ਆ ਗਿਆ, ਪਹਿਲਾਂ ਕਮਾਉਣ ਵੇਲੇ ਜਿਥੇ ਕਮਾਉਂਦਾ ਹੈ ਉਥੇ ਡਰ ਹੈ। ਫੇਰ ਜਦੋਂ ਕਮਾ ਲਿਆ ਉਸ ਨੂੰ ਸਾਂਭਣ ਦਾ ਡਰ ਹੈ। ਫੇਰ ਜਿਥੇ ਲਾ ਦਿੱਤਾ ਕਿਸੇ ਵਪਾਰ ਆਦਿ ਵਿਚ ਫੇਰ ਉਸ ਰਾਸ ਨੂੰ ਵਧਾਉਣ ਦਾ ਡਰ ਹੈ, ਬਰਬਾਦ ਨਾ ਹੋ ਜਾਵੇ। ਉਸ ਦਾ ਸਦਾ ਹੀ ਧਿਆਨ ਮਾਇਆ ਵਿਚ ਰਹਿੰਦਾ ਹੈ। ਇਕ ਮਿੰਟ ਵੀ ਧਿਆਨ ਰੱਬ ਵਲ ਨਹੀਂ ਆਉਂਦਾ। ਜੇ ਸੱਚੇ ਦਿਲੋਂ ਮਨੁੱਖ ਇੱਕ ਛਿਨ ਲਈ ਵੀ ਗੁਰੂ ਦੇ ਚਰਨਾਂ ਨਾਲ ਜੁੜ ਜਾਵੇ ਤਾਂ ਨਿਸਤਾਰਾ ਹੋ ਸਕਦਾ ਹੈ। ਅਜਾਮਲ ਦਾ ਧਿਆਨ ਪੁੱਤਰ ਨਾਰਾਇਣ ਨੂੰ ਆਵਾਜ਼ ਮਾਰਣ ਨਾਲ ਹੀ ਪ੍ਰਮੇਸ਼ੁਰ ਨਾਰਾਇਣ ਨਾਲ ਜਾ ਜੁੜਿਆ। ਉਸ ਛਿਨ ਨੇ ਹੀ ਨਿਸਤਾਰਾ ਕਰ ਦਿਤਾ। ਕਿਉਂਕਿ ਉਸ ਦ ਧਿਆਨ ਚਲਿਆ ਗਿਆ ਉਸ ਦੇ ਵਿਚ। ਇਸੇ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ -

*ਅਜਾਮਲੁ ਪਾਪੀ ਜਗੁ ਜਾਨੇ*

*ਨਿਮਖ ਮਾਹਿ ਨਿਸਤਾਰਾ॥ ਅੰਗ - 632*
*ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ*
*ਕਰ ਨਾਰਾਇਣ ਬੁਲਾਰੇ॥ ਅੰਗ - 981*

ਪਿਆਰ ਤਾਂ ਕਰਿਆ ਸੀ ਆਪਣੇ ਪੁਤਰ ਨਾਲ ਲੇਕਿਨ ਨਾਰਾਇਣ ਦਾ ਨਾਂ ਲੈ ਕੇ ਆਵਾਜ਼ ਮਾਰ ਦਿੱਤੀ ਜਮਦੂਤਾਂ ਨੂੰ ਦੇਖ ਕੇ ਡਰ ਕੇ -

ਹੁਣ ਸਮੇਂ ਦੀ, ਕਾਲ ਦੀ ਗਿਣਤੀ ਨਹੀਂ ਹੈ ਇਸ ਦੇ ਵਿਚ ਕਿ 100 ਸਾਲ ਹੋ ਗਏ ਵਿਚਾਰੇ ਨੂੰ ਮੇਰਾ ਨਾਂ ਲੈਂਦੇ ਨੂੰ, ਮੇਰੇ ਵੱਲ ਧਿਆਨ ਕਰਦੇ ਨੂੰ, ਭਾਵਨੀ ਨਹੀਂ ਬਣ ਸਕੀ 100 ਸਾਲ ਵਿਚ। ਸਾਰੇ ਹੀ ਦੇਖ ਲਓ ਸਾਡੀ ਕਿੰਨੀ ਕੁ ਭਾਵਨੀ ਹੈ ਵਾਹਿਗੁਰੂ ਨਾਲ ਬਣਦੀ, ਕਿਸੇ ਦੀ ਸ਼ਾਇਦ ਕਦੇ ਭਾਵਨੀ ਬਣ ਜਾਵੇ, ਬਾਕੀ ਤਾਂ ਆਪਣੇ ਆਪ ਤੇ ਹੀ ਰਹਿੰਦਾ ਹੈ, ਮੈਂ ਤੇ ਹੀ ਰਹਿੰਦਾ ਹੈ। ਜਦੋਂ ਭਾਵਨੀ ਬਣੀ -

*ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ*
*ਜਮਕੰਕਰ ਮਾਰਿ ਬਿਦਾਰੇ॥ ਅੰਗ - 981*

ਉਸੇ ਵੇਲੇ ਜਿਹੜੇ ਜਮ ਆਏ ਹੋਏ ਸੀ ਉਨ੍ਹਾਂ ਨੂੰ ਮਾਰ ਕੇ ਉਥੋਂ ਕੱਢ ਦਿੱਤਾ।

*ਜਮਗਣ ਮਾਰੇ ਹਰਿ ਜਨਾਂ*
*ਗਇਆ ਸੁਰਗ ਜਮੁਡੰਡੁ ਨ ਸਹਿਆ।*
*ਨਾਇ ਲਏ ਦੂਖੁ ਡੇਰਾ ਢਹਿਆ॥*
*ਭਾਈ ਗੁਰਦਾਸ ਜੀ ਦੀ ਵਾਰ 10/20*

ਨਾਉਂ ਲੈਣ ਨਾਲ ਦੁਖਾਂ ਦਾ ਜਿਹੜਾ ਡੇਰਾ ਸੀ, ਪਹਾੜ ਸੀ ਉਹ ਸਾਰਾ ਢਹਿ ਗਿਆ। ਸੋ ਇਹ ਜੋ ਸਰਨ ਆਉਂਦਾ ਹੈ ਸਹੀ ਜੇ ਦੇਖਣਾ ਹੋਵੇ ਕਿ ਕਿਸ ਮੌਕੇ ਨੂੰ ਸਥਿਤੀ ਨੂੰ ਸ਼ਰਨ ਕਹਿੰਦੇ ਨੇ।

ਦ੍ਰੋਪਦੀ ਦੇ ਬਸਤ੍ਰ ਲਹਿਣੇ ਸ਼ੁਰੂ ਹੋ ਗਏ। ਉਸ ਦਾ ਕੋਈ ਚਾਰਾ ਨਹੀਂ ਚਲਦਾ-

*ਪੰਜੇ ਪਾਂਡੋ ਵੇਖਦੇ*
*ਅਉਘਟਿ ਰੁਧੀ ਨਾਰਿ ਜਿਨਾ ਦੀ।*
*ਭਾਈ ਗੁਰਦਾਸ ਜੀ ਦੀ ਵਾਰ 10/8*

ਹੁਣ ਉਹ ਕੁਝ ਕਰ ਨਹੀਂ ਸਕਦੇ, ਬਹੁਤ ਸੰਕਟ ਆ ਗਿਆ। ਦਲੀਲਾਂ ਬੜੀਆਂ ਦਿੱਤੀਆਂ ਪਰ ਕੁਝ ਨਾ ਬਣਿਆ, ਅਪੀਲਾਂ ਕਰੀਆਂ ਕੁਝ ਨਾ ਬਣਿਆ। ਅਖੀਰ ਦੁਸ਼ਾਸ਼ਨ ਨੇ ਝਟਕਾ ਮਾਰਿਆ ਤੇ ਅੱਧੀ ਧੋਤੀ ਲਹਿ ਗਈ ਹੁਣ ਸਿਰਫ ਅੱਧੀ ਬਚਦੀ ਸੀ, ਕਿੰਨਾ ਕੁ ਸਮਾਂ ਲਗਣਾ ਸੀ ਇਸਦੇ ਵਿਚ, ਉਸ ਵੇਲੇ ਉਹ ਸ਼ਰਨ 'ਚ ਹੋ ਗਈ -

*ਅਖੀ ਮੀਟਿ ਧਿਆਨੁ ਧਰਿ*
*ਹਾਹਾ ਕ੍ਰਿਸਨ ਕਰੈ ਬਿਲਲਾਂਦੀ।*
*ਭਾਈ ਗੁਰਦਾਸ ਜੀ ਦੀ ਵਾਰ 10/8*

ਜਿਸ ਵਕਤ ਆਵਾਜ ਦਿੱਤੀ -

*ਪੰਚਾਲੀ ਕਉ ਰਾਜ ਸਭਾ ਮਹਿ*
*ਰਾਮ ਨਾਮ ਸੁਧਿ ਆਈ॥ ਅੰਗ - 1008*

ਰਾਮ ਦੇ ਨਾਮ ਦੀ ਮਹਿਮਾ ਦੀ ਸੁਧ ਆ ਗਈ -

*ਤਾ ਕੋ ਦੂਖੁ ਹਰਿਓ ਕਰੁਣਾ ਮੈ*
*ਅਪਨੀ ਪੈਜ ਬਢਾਈ॥ ਅੰਗ - 1008*

ਉਸੇ ਵੇਲੇ ਮੁਕਾਬਲਾ ਸ਼ੁਰੂ ਹੋ ਗਿਆ ਕਿਉਂਕਿ ਇਕ ਪਾਸੇ ਪ੍ਰਭੂ ਦੀ ਸ਼ਰਨ ਵਿਚ ਜਾ ਚੁੱਕੀ ਹੈ ਤੇ ਇਕ ਪਾਸੇ ਸੰਸਾਰ ਦੀ ਸ਼ਕਤੀ ਹੈ। ਗੁਰੂ ਦਸਵੇਂ ਪਾਤਸ਼ਾਹ ਨੇ ਇਸ ਪ੍ਰਸੰਗ ਨੂੰ ਬੜਾ ਵਿਸਥਾਰ ਨਾਲ ਲਿਖਿਆ ਹੈ। ਆਪ ਫੁਰਮਾਨ ਕਰਦੇ ਨੇ ਕਿ ਸੱਤ ਦਿਨ, ਸੱਤ ਰਾਤਾਂ ਕੱਪੜੇ ਲਾਹੀ ਗਏ। ਪਹਿਲਾ ਬੇਹੋਸ਼ ਹੋ ਕੇ ਗਿਰ ਗਿਆ, ਦੂਸਰਾ ਦੁਰਯੋਜਨ ਵੀ ਅਭਿਮਾਨ ਵਿਚ ਆਇਆ ਹੋਇਆ ਗਿਰ ਗਿਆ। ਜਦੋਂ ਕੋਈ ਵਸ ਨਾ ਚੱਲਿਆ ਤਾਂ -

*ਹਥ ਮਰੋੜਨਿ ਸਿਰੁ ਧੁਣਨਿ ਪਛੋਤਾਨਿ*
*ਕਰਨਿ ਜਾਹਿ ਜਾਂਦੀ।*
*ਭਾਈ ਗੁਰਦਾਸ ਜੀ ਦੀ ਵਾਰ 10/8*

ਹੱਥ ਮਰੋੜਦੇ ਨੇ, ਸਿਰ ਹਿਲਾਉਂਦੇ ਨੇ, ਪਛਤਾਵਾ ਕਰਦੇ ਨੇ ਕਿ ਮਾੜਾ ਕੰਮ ਵੀ ਕਰਿਆ ਤੇ ਕਾਮਯਾਬ ਵੀ ਨਾ ਹੋਏ, ਰੱਬ ਨਾਲ ਮੱਥਾ ਲਾਇਆ ਤੇ ਬਣੀ ਗੱਲ ਕੋਈ ਨਾ। ਸੋ ਇਹ ਜਿਹੜੀ ਸਥਿਤੀ ਹੈ ਉਸ ਵੇਲੇ ਦੀ ਕਿ ਬਸਤ੍ਰ ਲਹਿ ਰਹੇ ਨੇ, ਬੇਵਸ ਹੋਈ ਹੋਈ ਹੈ, ਕੋਈ ਚਾਰਾ ਨਹੀਂ ਚਲਦਾ। ਇਕ ਪਾਸੇ ਆਪਣੀ ਇਜ਼ਤ ਦਾ ਸਵੈਮਾਨ ਦਾ ਸਵਾਲ ਹੈ, ਦੂਜੇ ਪਾਸੇ ਕੋਈ ਸਹਾਰਾ ਨਹੀਂ ਹੈ, ਉਹ ਜਿਹੜੀ ਸਥਿਤੀ ਮੰਨਦੀ ਹੈ, ਜਿਸ ਡਿਗਰੀ ਤੇ ਉਹ ਪਹੁੰਚੀ ਹੈ ਜਦੋਂ ਪ੍ਰਮੇਸ਼ਰ ਦਾ ਉਸ ਨੇ ਧਿਆਨ ਧਰਿਆ, 100% ਭਰੋਸੇ ਨਾਲ, ਉਸ ਨੂੰ ਕਹਿੰਦੇ ਨੇ ਕਿ ਸ਼ਰਨ ਲੈ ਲਈ ਏਸ ਨੇ ਕਿਉਂਕਿ -

*ਇਸ ਕਾ ਬਲੁ ਨਾਹੀ ਇਸੁ ਹਾਥ॥*
*ਕਰਨ ਕਰਾਵਨ ਸਰਬ ਕੋ ਨਾਥ॥*
*ਅੰਗ - 277*

ਮਹਾਰਾਜ ਕਹਿੰਦੇ ਜਿੰਨੀ ਦੇਰ ਇਹ ਸ਼ਰਨ ਨਹੀਂ ਲੈਂਦਾ ਤੇ ਮੈਂ ਦੇ ਅਧਾਰ ਤੇ ਇਸ ਦਾ ਜੀਵਨ ਹੈ -

*ਜਬ ਲਗੁ ਜਾਨੈ ਮੁਝ ਤੇ ਕਛੁ ਹੋਇ॥*
*ਤਬ ਇਸ ਕਉ ਸੁਖੁ ਨਾਹੀ ਕੋਇ॥*
*ਜਬ ਇਹ ਜਾਨੈ ਮੈ ਕਿਛੁ ਕਰਤਾ॥*
*ਤਬ ਲਗੁ ਗਰਭ ਜੋਨਿ ਮਹਿ ਫਿਰਤਾ॥*
*ਅੰਗ - 278*

ਓਨੀ ਦੇਰ ਤੱਕ ਨਾ ਜੰਮਣ ਮਰਨ ਦਾ ਦੁਖ ਹਟਦਾ ਹੈ ਤੇ ਨਾ ਡਰ ਖਤਮ ਹੁੰਦੇ ਨੇ। ਜਦੋਂ ਸ਼ਰਨ ਲੈ ਕੇ ਪ੍ਰਮੇਸ਼ਰ ਦੀ ਹਾਜਰੀ ਵਿਚ ਰਹਿਣ ਲੱਗ ਗਿਆ, ਉਸ ਦੇ ਨਾਲ ਜੁੜ ਕੇ ਰਹਿਣ ਲੱਗ ਗਿਆ ਤਾਂ ਮਹਾਰਾਜ ਕਹਿੰਦੇ ਉਸ ਵੇਲੇ -

*ਪ੍ਰਭ ਕੀ ਸਰਣਿ ਸਗਲ ਭੈ ਲਾਥੇ ..........॥*
*ਅੰਗ - 615*

ਭੈ ਕਿਹੜਾ ਰਹਿ ਗਿਆ ਫੇਰ, ਭੈ ਦਾ ਤਾਂ ਉਥੇ ਕੋਈ ਥਾਂ ਹੀ ਨਹੀਂ ਹੈ। ਭੈ ਤਾਂ ਇਸ ਕਾਲ ਦੀ ਦੁਨੀਆਂ ਦੀ ਸ਼ਬਦਾਵਲੀ ਹੈ। ਵਾਹਿਗੁਰੂ ਨਿਰਭਉ ਹੈ। ਨਿਰਭਉ ਦਾ ਮੰਡਲ ਨਿਰਭਉ ਹੋਇਆ ਕਰਦਾ ਹੈ ਉਥੇ ਕੋਈ ਭੈਅ, ਕੋਈ ਦੁਖ, ਕੋਈ ਘਾਟਾ ਕੁਝ ਨਹੀਂ ਹੋਇਆ ਕਰਦਾ ਕਿਉਂਕਿ ਉਸ ਨੇ ਸ਼ਰਨ ਲੈ ਲਈ ਵਾਹਿਗੁਰੂ ਜੀ ਦੀ।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

# ਸੰਤ ਬਿਮਲਾ ਸਿੰਘ

***ਡਾ. ਭਾਈ ਵੀਰ ਸਿੰਘ ਜੀ***

## ਭਾਈ ਭੂਮੀਆਂ

*ਨਾ ਜਾਲੀ ਲਾ, ਨ ਪਿੰਜਰਾ ਲੈ, ਹੁਮਾ ਨੂੰ ਫੜ ਨਾ ਹੰਸਾਂ ਨੂੰ;*
*ਨ ਸੋਚੀਂ ਕੈਦ ਪਾਣੇ ਦੀ ਤੂੰ ਪੰਛੀ ਉੱਚ-ਅੰਸ਼ਾਂ ਨੂੰ।*
*ਨ ਰੀਝਣ ਚੋਗਿਆਂ ਤੇ ਓ, ਕਿਵੇਂ ਉਤਰਨਗੇ ਜਾਲੀ ਤੇ?*
*ਫਸਾ ਸਕਦਾ ਨਹੀਂ ਹੈਂ ਤੂੰ ਕਿਸੇ ਬਿਧ ਸੂੱਛ-ਵੰਸਾਂ ਨੂੰ।*
*ਉ ਵਿਚਰਨ ਜਿਸ ਜਗਾ ਖੁੱਲ੍ਹੇ, ਤੇ ਕਰਦੇ ਕੇਲ ਫਿਰਦੇ ਹਨ,*
*ਤੂੰ ਜਾ ਉਸ ਥਾਂ ਦਰਸ ਪਰਸਨ, ਮਿਟਾ ਦਿਲ ਮੈਲ ਮੰਸਾਂ ਨੂੰ।*
*ਅਦਬ ਭੈ ਨਾਲ ਜਾਵੀਂ ਤੂੰ, ਸੁਣੀਂ ਸੰਗੀਤ ਉਹਨਾਂ ਦੇ*
*ਲਈਂ ਸਿੱਖ ਵਲ ਨਿਖੇੜਨ ਦਾ, ਅਸਾਰੈਂ ਸਾਰ-ਅੰਸਾਂ ਨੂੰ।*
*ਲਈਂ ਫਿਰ ਛੋਹ ਹੰਸਾਂ ਦੀ, ਤੇ ਛਾਯਾ ਲਈਂ ਹੁਮਾ ਦਾ ਤੂੰ,*
*ਮੁੜੇਂਗਾ ਫੇਰ ਹੋ ਆਪੇ, ਹੁਮਾ ਤੂੰ, ਰਾਜ ਹੰਸਾ ਤੂੰ।*

ਸੂਰਜ ਲਹਿੰਦੇ ਵਲ ਲਹਿ ਚੱਲਿਆ ਹੈ। ਉਵੇਂ ਹੀ ਪਰਛਾਵੇਂ ਢਲ ਗਏ ਹਨ ਪਰ ਪੱਛੋਂ ਰੁਖ ਨੂੰ ਜੋ ਪਹਾੜੀ ਟਿੱਲਾ ਹੈ, ਉਸਦਾ ਛਾਇਆ ਧੁੱਪ ਨੂੰ ਮੂਲੋਂ ਉਹਲੇ ਕਰ ਰਿਹਾ ਹੈ ਤੇ ਹੁਣ ਹਰਦਵਾਰ ਦੇ ਪੌੜਾਂ ਉਤੇ ਤੇ ਕੁੰਡ ਉਤੇ ਧੁੱਪ ਦਾ ਚਮਕਾਰ ਨਹੀਂ ਪੈ ਰਿਹਾ। ਵੱਡੇ ਪੌੜਾਂ ਉਤੇ ਲੋਕੀ ਬੈਠੇ ਹਨ, ਕੋਈ ਨ੍ਹਾ ਰਹੇ ਹਨ, ਕੋਈ ਦੇਖ ਰਹੇ ਹਨ, ਕੋਈ ਕਿਸੇ ਰੰਗ, ਕੋਈ ਕਿਸੇ ਰੰਗ ਲੱਗ ਰਿਹਾ ਹੈ, ਜਿਧਰ ਨੂੰ ਨੀਲੀ ਨੀਲੀ ਝਾਲ ਵਾਲਾ ਜਾ ਰਿਹਾ ਹੈ ਗੰਗਾ ਦਾ ਨੀਰ ਉਧਰ ਨੂੰ ਵਿਸ਼ਾਲ ਪੱਕਾ ਥੜਾ ਹੈ ਜੋ ਦੂਰ ਤੀਕ ਪਰਵਾਹ ਦੇ ਨਾਲ ਨਾਲ ਹੇਠਾੜ ਨੂੰ ਚਲਾ ਗਿਆ ਹੈ, ਜਿਸ ਪਰ ਡੱਠੇ ਹਨ ਤਖਤਪੋਸ਼ ਤੇ ਕਿਤੇ ਕਿਤੇ ਬੈਠੇ ਹਨ ਥੜੇ ਤੇ ਛਾਬੜੀਆਂ ਵਾਲੇ ਛਾਬੜੀਆਂ ਲੈ ਕੇ। ਜਿੱਥੇ ਕੁ ਇਹ ਥੜਾ ਹਰਦੁਆਰ ਦੇ ਪੌੜਾਂ ਨਾਲ ਆ ਕੇ ਮਿਲਿਆ ਹੈ ਤੇ ਜਿਸ ਨਾਲ ਖਹਿ ਕੇ ਨੀਰ ਵਗਦਾ ਹੈ, ਓਥੇ ਕੁ ਵਾਰ ਇਕ ਚੜ੍ਹਦੀ ਜਵਾਨੀ ਦਾ ਗੱਭਰੂ ਸੁਹਣੇ ਚੌੜੇ ਮੱਥੇ ਵਾਲਾ, ਲੰਮੀ ਡੀਲ ਵਾਲਾ, ਦਮਕਦੇ ਨੈਣਾਂ ਵਾਲਾ ਖੜ੍ਹਾ ਹੈ। ਇਹ ਦੇਖ ਰਿਹਾ ਹੈ ਹਰਦਵਾਰ ਦੇ ਕੁੰਡ ਵਲ ਮੂੰਹ ਕਰਕੇ ਨੀਰ ਵਲ, ਕਦੇ ਲੋਕਾਂ ਵਲ, ਕਦੇ ਨੀਰ ਦੇ ਹੇਠਾਂ ਕਲੋਲ ਕਰ ਰਹੀਆਂ ਮਹਾਂਸ਼ੇਰ ਮੱਛੀਆਂ ਵਲ ਤੇ ਇਨ੍ਹਾਂ ਤੋਂ ਬੀ ਹੇਠਾਂ ਪਏ ਹੋਏ ਇਨਸਾਨੀ ਫੁੱਲਾਂ ਵਲ। ਇਉਂ ਤੱਕਦਾ ਜ਼ਰਾ ਕੁ ਕੰਬਦਾ ਹੈ, ਮਾਨੋਂ ਕਿਸੇ ਸੋਚ ਵਿਚ ਚਲਾ ਗਿਆ ਹੈ ਤੇ ਸੋਚ ਇਸਨੂੰ ਕਿਸੇ ਥਰਰਰਾਟ ਵਿਚ ਤੇ ਕਰਰ ਖਰਰ ਦਿਲ-ਹਿੱਲਣੀ ਵਿਚ ਲੈ ਗਈ ਹੈ। ਜਿੱਥੇ ਜਾ ਕੇ ਕੋਈ ਮਨ ਵਿਚ ਫੁਰ ਪਏ ਹਨ ਅਨੋਖੇ ਦਿਲ-ਤਰੰਗ, ਜਿਨ੍ਹਾਂ ਦੇ ਨਾਲ ਹਿੱਲ ਪਿਆ ਹੈ ਵਲਵਲੇ ਦਾ ਸਾਰਾ ਮੰਡਲ, ਪਰ ਨਰਮ ਨਰਮ। ਗੰਗਾ ਦੇ ਨਿਰਮਲ ਨੀਰ ਵਿਚ ਇਸਨੂੰ ਝਾਉਲਾ ਪੈਂਦਾ ਹੈ ਜੀਵਨ ਦਾ ਤੇ ਆਖਦਾ ਹੈ ਮਨੋ ਮਨ -

ਵਗ ਰਹੀ ਹੈਂ ਤੂੰ ਹੇ ਨੈਂ! ਕਦੀ ਦੀ? ਕਲੋਕੀ ਪਰਸੋਕੀ, ਚਿਰੋਕੀ? ਠਹਿਰਜਾ, ਹਾਂ ਠਹਿਰ ਜਾ। ...ਕੌਣ ਠਹਿਰਦਾ ਹੈ ਜੋ ਚਰ ਹੈ, ਹਾਂ ਜੋ ਚਾਲੇ ਪਿਆ ਹੈ। ਤੁਰਿਆ ਜਾ ਨੀਰਵੇ! ਤੁਰਿਆ ਜਾਹ, ਖੜ੍ਹੇ ਹਾਂ ਅਸੀਂ ਕਈ ਤੇਰੇ ਕਿਨਾਰੇ ਤੈਨੂੰ ਵਗਦੇ ਨੂੰ ਵੇਖਦੇ, ਤੂੰ ਤੁਰਿਆ ਜਾ। ਪਰ ਵੀਰਾ! ਵੇਖ ਤਾਂ ਸਹੀ ਤੇਰੇ ਕਿਨਾਰੇ ਕੀਕੂੰ ਖੜ੍ਹੇ ਹਨ ਜੀਉਂਦੇ ਜਾਗਦੇ ਜੀਵਨ-ਨੈਂ ਦੇ ਜੀਵ। ਹਾਂ ਸੁਹਣਿਆਂ, ਵੇਖ ਖਾਂ ਤੇਰੇ ਵਿਚ ਕੀਕੂੰ ਪਈਆਂ ਕਲੋਲ ਕਰਦੀਆਂ ਹਨ ਜੀਉਂਦੀਆਂ ਮਹਾਂਸ਼ੇਰਾਂ! ਹਾਂ....।

ਮਹਾਂਸ਼ੇਰੋ! ਵਾਹ-ਵਾਹ! ਕੀਕੂੰ ਸੁਨਿਹਰੀ ਝਾਲ ਵਾਲੇ ਤੁਸਾਡੇ ਚਾਨੇ ਪਾਏ ਚਮਕਾਰ ਮਾਰਦੇ ਹਨ, ਜਦੋਂ ਤੁਹਾਡੇ ਚੰਚਲ ਜੁੱਸੇ ਲਿਫਦੇ, ਲਿਚਕਦੇ, ਪੂਛਲਾਂ ਮਾਰਦੇ, ਮੂੰਹ ਖੁਹਲਦੇ, ਆਟੇ ਦੀਆਂ ਗੋਲੀਆਂ ਨਿਗਲਦੇ, ਇਧਰ ਤੋਂ ਉਧਰ ਤੇ ਉਧਰ ਤੋਂ ਇਧਰ ਪਏ ਫਿਰਦੇ ਹਨ। ਨਾ ਪਰ ਨਾ ਖੰਭ, ਪਰ ਕੀਕੂੰ ਚਾਲ ਪਈ ਹੈ ਇਨ੍ਹਾਂ ਦੇ ਸਰੀਰਾਂ ਵਿਚ ਲਚਕ ਤੇ ਲਿਫਾਉ, ਹਾਂ, ਤੋਰ ਤੇ ਦੌੜ ਪੈਰਾਂ ਵਾਲਿਆਂ ਤੋਂ ਘਟ ਰਹੀ ਨਹੀਂ ਹੈ। ਕਿੱਡੀਆਂ ਬੇਗੁਮਰਾਹ ਫਿਰ ਰਹੀਆਂ ਹਨ ਮਹਾਸੇਰਾਂ! ਏਥੇ ਜਾਲੀ ਦਾ ਖਟਕਾ ਨਹੀਂ, ਕੁੰਡੀ ਲਾਣ ਵਾਲੇ ਦਾ ਡਰ ਨਹੀਂ। ਮਹਾਂ ਸ਼ੇਰੋ! ਕੀ ਤੁਹਾਨੂੰ ਪਤਾ ਹੈ ਇਸ ਗੱਲ ਦਾ? ਹੋਵੇ ਨਾ ਹੋਵੇ, ਪਰ ਜੀਵਨ ਦੇ ਹੁਲਾਰੇ ਨੂੰ ਤੱਕੋ, ਕੀਕੂੰ ਲਹਿਰੇ ਲੈ ਰਿਹਾ ਹੈ। ਇਨ੍ਹਾਂ ਬੇਫਿਕਰਾਂ ਬੇਪਰਵਾਹਾਂ ਵਿਚ। ਮਹਾਂਸ਼ੇਰੋ! ਤੁਹਾਡੇ ਬੇਪੈਰੇ ਜੁੱਸਿਆਂ ਦੇ ਤਲੇ ਕੀਹ ਪਿਆ ਹੈ। ਜ਼ਰਾ ਤੱਕਣਾ ਤਾਂ ਸਹੀ ਜੀਵਨ ਦੇ ਹੁਲਾਰੇ ਵਾਲੀਓ! ਫੁਲ ਪਏ ਹਨ ਤੁਹਾਡੇ ਅਪੈਰ ਪੈਰਾਂ ਦੇ ਤਲੇ ਉਨ੍ਹਾਂ ਦੇ, ਜੋ ਕਦੇ ਸਨ ਤੁਹਾਡੇ ਵਾਂਙੂ ਜੀਉਂਦੇ, ਬੇਪਰਵਾਹ ਤੇ ਜੀਵਨ ਹੁਲਾਰਿਆਂ ਵਿਚ ਮਗਨ। ਫੁੱਲ, ਪਰ ਏਹ ਫੁਲ ਓਹ ਨਹੀਂ ਜੋ ਬਾਗਾਂ ਦੀਆਂ ਟਹਿਣੀਆਂ ਦੇ ਨੌਨਿਹਾਲ ਹੁੰਦੇ ਹਨ। ਇਹ ਹਨ ਇਨਸਾਨਾਂ ਦੇ ਫੁੱਲ, ਉਨ੍ਹਾਂ ਦੇ ਚਲ ਬਸੇ ਸਰੀਰਾਂ ਦੇ ਆਖਰੀ ਨਿਸ਼ਾਨ, ਜਿਨ੍ਹਾਂ ਨੂੰ ਇਹ ਨਾਉਂ 'ਫੁੱਲ' ਦਿਤਾ ਹੈ।

*ਦਿਲਾਂ ਦੀਆਂ ਪੀੜਾਂ ਨੇ, ਬਿਰਹੋਂ ਦੀਆਂ ਨਪੀੜਾਂ ਨੇ,*
*ਗਮਾਂ ਦੀਆਂ ਪੰਘਰਾਂ ਨੇ, ਹਸਰਤ ਦਿਆਂ ਅੰਗਰਾਂ ਨੇ,*
*ਮਾਂਵਾਂ ਦੇ ਵੈਣਾਂ ਨੇ, ਭੈਣਾਂ ਦੇ ਨੈਣਾਂ ਨੇ,*
*ਰੋਂਦੀਆਂ ਧੀਆਂ ਨੇ, ਰੱਤ ਰੋਂਦੇ ਜੀਆਂ ਨੇ,*
*ਵਿਲਕਦੀਆਂ ਨਾਰਾਂ ਨੇ, ਕੁੱਠਵੇਂ ਪਜਾਰਾਂ ਨੇ,*
*ਵਿਲਪਦਿਆਂ ਪਿਤਾਂ ਨੇ, ਭਰਾਵਾਂ ਦਿਆਂ ਹਿਤਾਂ ਨੇ,*
***ਪੁੱਤਾਂ ਨੇ, ਮਿੱਤਾਂ ਨੇ, ਪ੍ਰੇਮ ਵਾਲੇ ਚਿੱਤਾਂ ਨੇ,***
*ਸਹੀਆਂ ਨੇ, ਸਖੀਆਂ ਨੇ, ਪ੍ਰੇਮ ਕੁਠੀਆਂ ਅਖੀਆਂ ਨੇ,*

ਹਾਂ ਇਨ੍ਹਾਂ ਦਾ ਨਾਉਂ 'ਫੁੱਲ' ਧਰਿਆ ਹੈ ਪਿਆਰ-

ਪੀੜਾਂ ਦੇ ਬਗੀਚੇ ਦੇ ਬੁਲਬੁਲ ਵਾਂਙੂ ਘਾਇਲ ਮਾਲੀਆਂ ਨੇ। ਘਰਾਂ ਵਿਚੋਂ ਟੁਰੇ ਸਨ ਪਿਆਰਾਂ ਵਾਲੇ ਲੈ ਕੇ ਏਹ ਫੁਲ, ਹਾਂ ਉਨ੍ਹਾਂ ਘਰ-ਬਗੀਚਿਆਂ ਦੇ ਨੌਨਿਹਾਲਾਂ ਦੇ ਸਨ ਏਹ ਫੁੱਲ ਜਿਨ੍ਹਾਂ ਵਿਚ ਮੁੜ ਜਾ ਕੇ ਇਨ੍ਹਾਂ ਨੇ ਕਦੇ ਨਹੀਂ ਝਾਤ ਮਾਰਨੀ। ਇਹ ਟੁਰੇ ਧੜਕਦੀਆਂ ਛਾਤੀਆਂ ਤੇ ਡਲ੍ਹਕਦੇ ਨੈਣ ਨੀਰਾਂ ਦੇ ਮੋਢੇ ਚੜ੍ਹ ਕੇ, ਏਥੇ ਆਏ ਛਾਤੀਆਂ ਤੇ ਲਟਕ ਲਟਕ ਕੇ ਤੇ ਗਲਿਆਂ ਨਾਲ ਪਲਮ ਪਲਮ ਕੇ। ਹਾਂ ਏਥੇ ਆ ਕੇ ਕੰਬਦੀਆਂ ਕਲਾਈਆਂ ਵਾਲੇ ਥਰਕਦੇ ਹੱਥਾਂ ਨੇ ਨੈਣਾਂ ਤੋਂ ਡਿਗਦੇ ਹੰਝੂਆਂ ਦੀ ਧਾਰਾਂ ਵਿਚ ਇਹ ਧਰ ਦਿਤੇ, ਹੇ ਡਲਕਦੇ ਝਲਕਦੇ ਨੀਰ! ਤੇਰੇ ਵਿਚ। ਖਬਰੇ ਇਸ ਲਈ ਧਰ ਦਿਤੇ ਓਥੋਂ ਲਿਆ ਕੇ ਤੇਰੇ ਵਿਚ ਕਿ ਇਹ ਫੁਲ ਬਾਗਾਂ ਦੀ ਤਰੌਂਤ ਵਿਚੋਂ ਨਹੀਂ ਪਰ ਅਗਨੀ ਵਿਚੋਂ ਨਿਕਲ ਕੇ ਆਏ ਹਨ, ਇਨ੍ਹਾਂ ਨੂੰ ਤਦ ਤੋਂ ਪਿਆਰ ਹੰਝੂਆਂ ਨੇ ਜਲ-ਤਰੌਂਕੇ ਦਿਤੇ ਹਨ ਜਿਵੇਂ ਬਨ ਫੁੱਲਾਂ ਨੂੰ ਫੁਲੇਰਾ ਜਲ-ਤਰੌਂਕੇ ਦੇਂਦਾ ਹੈ। ਹਾਂ ਇਨ੍ਹਾਂ ਨੂੰ ਨੈਣਾਂ ਦੇ ਨੀਰ ਦੇ ਤਰੌਂਕੇ ਦੇਕੇ ਲਿਆਏ ਸਨ ਤੇਰੇ ਤੱਕ ਇਨ੍ਹਾਂ ਦੇ ਪਿਆਰੇ, ਤੇ ਧਰ ਦਿਤੋ ਨੇ ਲਿਆਕੇ ਤੇਰੇ ਵਿਚ, ਕਿ ਤੇਰੇ ਸਦਾ ਵਗਦੇ ਜਲ ਕਿਣਕਿਆਂ ਦੀ ਧਾਰਾ ਵਿਚ ਇਹ ਠੰਢੇ ਰਹਿਣ। ਉਹ ਪਿਆਰ-ਅਥਰੂ ਤਾਂ ਫੇਰ ਸੁਕ ਜਾਣਗੇ ਕਿਸੇ ਦਿਨ, ਪਰ ਤੇਰੇ ਠੰਢੇ ਠੰਡੇ ਅਮਰੀ ਅੱਥਰੂਆਂ ਦਾ ਪ੍ਰਵਾਹ ਸਦਾ ਜਾਰੀ ਹੈ। ਟਿਕੇ ਰਹਿਣ ਇਹ ਸਦਾ ਤੇਰੇ ਠੰਢੇ ਠੰਢੇ ਜਲ-ਕਣਾਂ ਵਿਚ। ਸੁਣਿਆ ਈ ਨੀਰ ਵੇ! ਏਹ ਰਹਿਣਗੇ ਤੇਰੇ ਵਿਚ ਜਦ ਤਕ ਤੂੰ ਇਨ੍ਹਾਂ ਨੂੰ ਸੁਰਮਾ ਕਰਕੇ ਆਪਣੇ ਵਿਚ ਨਾ ਸਮਾ ਲਿਆ। ਹਾਂ, ਜਦ ਤਕ ਤੂੰ ਇਨ੍ਹਾਂ ਨੂੰ ਆਪਣੇ ਵਿਚ ਸਮਾਕੇ ਕਿਸੇ ਫੁੱਲ-ਕਿਆਰੀ ਵਿਚ ਲਿਜਾ ਕੇ ਜੀਉਂਦਿਆਂ ਨੈਨਿਹਾਲਾਂ ਦੇ ਚਰਨੀਂ ਲਾਕੇ ਉਨ੍ਹਾਂ ਦੇ ਜੀਉਂਦੇ ਰਗ ਰੇਸ਼ਿਆਂ ਵਿਚ ਪੁਚਾ ਕੇ ਫੇਰ ਜੀਵਨ ਹੁਲਾਰੇ ਵਿਚ ਨਾ ਪਾ ਦਿਤਾ। ਇਹ ਅਮਾਨਤ ਹਈ ਪਿਆਰ ਵਾਲਿਆਂ ਦੀ, ਨੀਰਾ! ਇਨ੍ਹਾਂ ਨੂੰ ਠੰਢਿਆਂ ਰੱਖੀਂ, ਭਲਾ ਹੋਵੀ ਤੇਰਾ ਹਾਂ! ਟਿਕਾਣੇ ਪੁਚਾਈਂ ਸਦਕੇ! ਦੇਖੋ ਕਿਵੇਂ ਪਿਆ ਹੈ ਨੈਂ ਦੇ ਸਦਾ ਤੁਰ ਰਹੇ ਨੀਰ ਵਿਚ ਇਹ ਅਜੀਵਨ ਦਾ ਆਖਰੀ ਚਿੰਨ੍ਹ-ਇਨਸਾਨ ਦੇ ਫੁੱਲ। ਪਰ ਦੇਖ ਮੇਰੇ ਮਨ! ਜੀਵਨ ਕੇਡਾ ਬੇਪਰਵਾਹ ਹੈ, ਮੱਛੀ ਬਣਕੇ ਵਿੱਚੇ ਫਿਰ ਰਿਹਾ ਹੈ, ਇਨਸਾਨ ਬਣ ਕੇ ਵਿੱਚੇ ਤਰ ਰਿਹਾ ਹੈ ਤੇ ਤੁਰ ਰਿਹਾ ਹੈ ਤੇ ਬੇਪਰਵਾਹ ਹੈ ਕਿ ਮੇਰੇ ਪੈਰਾਂ ਤਲੇ ਕੀ ਹੈ। ਹਾਂ ਕੁੰਡ ਵਿਚ ਜੀਉਂਦੇ ਇਨਸਾਨ ਫਿਰ ਰਹੇ ਹਨ ਪਰ ਓਹ ਨਹੀਂ ਦੇਖ ਰਹੇ ਕਿ ਪੈਰਾਂ ਤਲੇ ਪਿਆਰ-ਭਾਵਾਂ ਦੇ ਜਗਤ ਦੇ ਅਮੋਲਕ ਫੁੱਲ ਖਬਰੇ ਕਿਸੇ ਸੂਰੇ ਦੇ ਹਨ ਕਿ ਕਿਸੇ ਪੂਰੇ ਦੇ, ਕਿਸੇ ਗਿਆਨ ਦੇ ਕਿ ਕਿਸੇ ਧਿਆਨੀ ਦੇ, ਕਿਸੇ ਰਾਗੀ ਦੇ ਕਿ ਵਿਰਾਗੀ ਦੇ, ਕਿਸੇ ਰਾਗ ਵਿਚ ਦਾਨੇ ਦੇ ਕਿ ਕਿਸੇ ਸੰਗੀਤ ਵਿਚ ਸਿਆਨੇ ਦੇ, ਕਿਸੇ ਅਕਲਾਂ ਦੇ ਕੋਟ ਦੇ ਕਿ ਪੁੰਨਾਂ ਦੀ ਦੀਪੋਟ ਦੇ, ਕਿਸੇ ਸੰਤਦੇ ਕਿ ਮਹੰਤ ਦੇ, ਹਾਂ ਓਹ ਨਹੀਂ ਦੇਖ ਰਹੇ ਕਿ ਪੈਰਾਂ ਤਲੇ ਕੀ ਹੈ ਤੇ ਇਨ੍ਹਾਂ ਲਈ ਸਾਥੋਂ ਕਿਸ ਅਦਬ ਦੀ ਏਥੇ ਲੋੜ ਹੈ, ਕਿਸ ਸਹਿਮ ਭਰੀ ਵੀਚਾਰ ਦੀ ਨਾਲ ਲੋੜ ਹੈ ਤੇ ਕਿਸ ਸਤਿਕਾਰ ਦੀ ਲੋੜ ਹੈ ਇਨ੍ਹਾਂ ਵਾਸਤੇ। ਨਹੀਂ, ਜੀਵਨ ਬੇ ਪਰਵਾਹ ਹੈ, 'ਅਜੀਵਨ' ਤੋਂ ਤੇ ਜੀਵਨ ਨੂੰ ਨਹੀਂ ਵੀਚਾਰ ਫੁਰਦੀ ਕਿ ਇਕ ਦਿਨ ਮੇਰਾ ਅੰਤ ਬੀ ਇਹੋ ਅਜੀਵਨ ਹੋਣਾ ਹੈ। ਸੋ ਦੇਖੋ ਜੀ! ਜੀਵਨ ਤੇ ਅਜੀਵਨ ਏਥੇ ਜਿਸ ਬੇਪਰਵਾਹੀ ਵਿਚ ਕੁੱਛੜ ਚੜ੍ਹੇ ਅਜੀਵਨ ਹੋਣਾ ਹੈ। ਸੋ ਦੇਖੋ ਜੀ! ਜੀਵਨ ਤੇ ਅਜੀਵਨ ਏਥੇ ਜਿਸ ਬੇਪਰਵਾਹੀ ਵਿਚ ਕੁੱਛੜ ਚੜ੍ਹੇ ਲੋਰੀਆਂ ਲੈ ਰਹੇ ਹਨ। ਨੀਰ ਚਲ ਰਿਹਾ ਹੈ, ਹਾਂ ਤੁਰਿਆ ਜਾ ਤੁਰਿਆ ਜਾ, 'ਜੀਵਨ-ਅਜੀਵਨ' ਦੁਹਾਂ ਨੂੰ ਇੱਕੋ ਗੋਦੀ ਵਿਚ ਖਿਡਾਉਂਦਾ ਲੰਘਦਾ ਜਾਹ ਨੀਰ ਵੇ!

ਲੈ ਵੇ ਨੀਰਾ! ਹੁਣ ਹੋਰ ਆਯਾ ਈ ਰੰਗ ਤੇਰੇ ਉਤੇ, ਤਾਰ ਦਿੱਤੇ ਨੀ ਲੋਕਾਂ ਨੇ ਦੀਵੇ-ਜਗਦੇ ਦੀਵੇ-ਜਿਨ੍ਹਾਂ ਦੇ ਦੁਆਲੇ ਗਲਵਕੜੀ ਪਾਏ ਬੈਠੇ ਨੀ ਡਾਲੀਆਂ ਤੋਂ ਟੁੱਟੇ ਫੁਲ-ਗੁਲਾਬ ਤੇ ਚੰਬੇਲੀਆਂ ਹਾਂ ਤਰ ਪਏ ਨੀ ਦੋਵੇਂ ਡੋਨਿਆਂ ਦੀਆਂ ਨਾਉਕਾਂ ਵਿਚ ਬੈਠੇ ਤੇਰੀਆਂ ਸਦਾ ਥਰਕਦੀਆਂ ਛਾਤੀਆਂ ਉਤੇ ਡਾਲੀਆਂ ਤੋਂ ਟੁੱਟੇ ਫੁੱਲ ਤੇ ਜਗਦੇ ਦੀਵੇ ਦੋਵੇਂ ਜੀਵਨ ਤੇ ਅਜੀਵਨ। ਤੁਰਿਆ ਜਾ ਨੀਰ ਵੇ! ਤੇ ਲਈ ਜਾ ਏਹ ਬੇੜੀਆਂ ਨਾਲ ਨਾਲ। ਦੇਖ ਕੀਕੂੰ ਜਾਂਦੇ ਨੀ ਤੇਰੇ ਉਤੇ ਤਰਦੇ ਦੀਵੇ, ਚਮਕਦੇ, ਅੱਖ, ਮਟੱਕੇ ਮਾਰਦੇ, ਹਵਾ ਨਾਲ ਲਿਫਦੇ, ਉਚ-ਲਾਟੇ ਹੋ ਕੇ ਵਿਗਸਦੇ, ਸ਼ੋਖੀਆਂ ਕਰਦੇ, ਹਾਂ ਔਹ ਗਏ ਔਹ ਗਏ। ਦੂਰ ਤਾਂਈ ਜਾਂਦੇ ਦਿੱਸਦੇ ਹਨ, ਪਾਣੀਆਂ ਦਿਆਂ ਘੁੰਮਰਾ ਵਿਚ ਘੁੰਮਦੇ ਨਜ਼ਰ ਪੈਂਦੇ ਹਨ, ਕੋਈ ਨਿੰਮ੍ਹੇ ਹੋ ਰਹੇ ਹਨ, ਕੋਈ ਨਜ਼ਰੋਂ ਉਹਲੇ ਹੋ ਰਹੇ ਹਨ, ਕੋਈ ਡੁੱਬ ਰਹੇ ਹਨ, ਕੋਈ ਤਰ ਰਹੇ ਹਨ, ਪਰ ਸਾਰੇ ਅੰਤ ਬੁਝ ਜਾਂਦੇ ਹਨ ਤੇ ਤੇਰੇ ਵਿਚ ਹੀ ਅਜੀਵਨ ਦੀ ਗੋਦੀ ਸਮਾ ਜਾਂਦੇ ਹਨ।

ਵਗਦੀ ਨਦੀ ਦੇ ਕਿਨਾਰੇ, ਇਨ੍ਹਾਂ ਵੀਚਾਰਾਂ ਵਿਚ ਜੋ ਥਰਹਰ ਲਾ ਰਹੀਆਂ ਹਨ ਦਿਲ ਨੂੰ ਉਹ ਗੱਭਰੂ ਖੜਾ ਹੈਸੀ ਕਿ ਕਿਸੇ ਲੰਘਦੇ ਦਾ ਮੋਢਾ ਉਸਦੇ ਮੋਢੇ ਨੂੰ ਵੱਜਾ। ਦਿਲ ਤਰੰਗਾਂ ਦਾ ਪ੍ਰਵਾਹ ਜਿਸ ਰੌਂ ਵਿਚ ਜਾ ਰਿਹਾ ਸੀ ਓਧਰੋਂ ਮੋੜਾ ਖਾ ਗਿਆ। ਮੋਢਾ ਵਜਦਿਆਂ ਹੀ ਕਹਿੰਦਾ ਹੈ, ਹੈਂ......ਦਿਲਾ ਤੂੰ ਆਯਾ ਸੈਂ ਸੰਤਾਂ ਨੂੰ ਮਿਲਣ ਤੇ ਉਨ੍ਹਾਂ ਨੂੰ ਖੁਸ਼ੀਆਂ ਭਰੇ ਗੁਰਪੁਰਬ ਦੇ ਸਮੇਂ ਤੇ ਸੱਦਾ ਦੇਣ, ਤੂੰ ਕਿਸ ਉਦਾਸੀ ਦੀ ਬੇੜੀ ਚੜ੍ਹ ਗਿਓਂ। ਵਾਹ ਵਾਹ ਮਨ ਦੀ ਨੈਯਾ! ਤੂੰ ਬੀ ਗੰਗਾ ਵਾਂਙੂ ਸਦਾ ਵਗਦੀ ਰਹਿੰਦੀ ਹੈਂ, ਤੈਨੂੰ ਬੀ ਕੌਣ ਅਟਕਾਵੇ। ਚੱਲ ਹੁਣ ਜ਼ਰਾ ਪਾਸਾ

ਮੋੜ। ਇਉਂ ਕਹਿ ਕੇ ਆਪਣੇ ਹੀ ਮਨ ਨੂੰ, ਗੱਭਰੂ ਨੇ ਪਾਸਾ ਪਰਤਿਆ ਤੇ ਟੁਰ ਪਿਆ। ਇਕ ਨੂਰੀ ਚਿੱਟੇ ਦਾਹੜੇ ਵਾਲਾ ਸੰਤ ਦਿੱਸ ਪਿਆ, ਸੋਚ-ਓਸੁ ਕਿ ਇਹ ਸੰਤ ਜਾਪਦਾ ਹੈ, ਇਸਨੂੰ ਪਤਾ ਹੋਸੀ, ਚੱਲੋ ਪੁੱਛੀਏ। ਅੱਗੇ ਹੋ ਕੇ ਅਦਬ ਨਾਲ ਫਤੇ ਬੁਲਾਈਓਸੁ, ਸ੍ਰੀ ਜੀਓ! ਆਪ ਜੋਗ ਪਤਾ ਹੋਵੇ ਸੰਤ ਬਿਮਲਾ ਸਿੰਘ ਜੀ ਦਾ। ਮੈਂ ਸਵੇਰੇ ਦਾ ਆਇਆ ਪੁੱਛ ਪੁੱਛ ਟੋਲ ਟੋਲ ਹਾਰਿਆ ਹਾਂ ਕੋਈ ਥਹੁ ਨਹੀਂ ਦੇਂਦਾ ਉਹਨਾਂ ਦਾ। ਭਲਾ ਜੇ ਸ੍ਰੀ ਜੀ ਨੂੰ ਪਤਾ ਹੋਵੇ?

ਸੰਤ (ਮੁਸਕ੍ਰਾ) ਕੇ - ਭਾਈ ਖਾਲਸਾ! ਓਹ ਸੰਤ ਏਥੇ ਨਹੀਂ ਰਿਹਾ ਕਰਦੇ, ਨਾ ਉਹ ਰਿਖੀਕੇਸ਼ ਕਦੇ ਆ ਕੇ ਟਿਕਦੇ ਹਨ, ਓਹ ਮੌਜ ਦੇ ਗਗਨਾਂ ਦੇ ਪੰਛੀ ਹਨ, ਏਥੇ ਤੈਨੂੰ ਕੌਣ ਪਤਾ ਦੱਸਦਾ ਉਨ੍ਹਾਂ ਦਾ ਓਹ ਹਨ ਅੱਜਕਲ੍ਹ ਬਨ ਵਿਚ, ਜਿਸ ਨੂੰ ਬਨ ਆਖਦੇ ਹਨ, ਮੋਤੀ ਚੂਰ ਦਾ ਜੰਗਲ.....ਜੰਗਲ ਵਿਚ।

ਸਿੰਘ ਗੱਭਰੂ ਮਿਹਰ ਕੀਤੀ ਨੇ, ਕਿਸ ਮੁਖ ਧੰਨ ਕਹਾਂ। ਮਿਹਰ ਕਰਕੇ ਜੰਗਲ ਦਾ ਪਤਾ ਬੀ ਦੱਸ ਦਿਓ ਜੇ ਤਾਂ ਉਹ ਬਨ ਨੇੜੇ ਹੈ ਤੇ ਓਸ ਵਿਚ ਉਨ੍ਹਾਂ ਦਾ ਕੋਈ ਥਹੁ ਟਿਕਾਣਾ ਬੀ ਪਤਾ ਹੈ ਤਾਂ ਮੈਂ ਭਾਲ ਕਰ ਲਵਾਂ ਤੇ ਜੇ ਪਹੁੰਚੋਂ ਦੂਰ ਹੈ ਤਾਂ ਫੇਰ ਵੱਸ ਕੁਛ ਨਹੀਂ।

ਸੰਤ - ਬੰਨ ਸ਼ੁਰੂ ਤਾਂ ਨੇੜਿਓਂ ਹੀ ਹੋ ਜਾਂਦਾ ਹੈ ਤੇ ਉਹ ਹੋਣਗੇ ਬੀ ਬਨ ਦੇ ਉਰਲੇ ਹਿੱਸੇ ਵਿਚ, ਪਰ ਐਸੇ ਵੇਲੇ ਜਾਣਾ ਤੇ ਲੱਭਣਾ ਮਾੜਾ ਹੈ। ਬਨ ਵਿਚ ਬਨ ਪਸ਼ੂ ਹੁੰਦੇ ਹਨ ਤੇ ਇਨ੍ਹਾਂ ਬਨਾਂ ਵਿਚ ਗੁਲਦਾਰ ਬੀ ਹੁੰਦਾ ਹੈ ਤੇ ਹੋਰ ਜੀਵ ਬੀ। ਹੁਣ ਵੇਲਾ ਹੈ ਆਰਾਮ ਦਾ, ਤੁਸੀਂ ਆਓ ਮੇਰੇ ਨਾਲ, ਜਿੱਥੇ ਹੈ ਮੇਰਾ ਡੇਰਾ ਓਥੇ ਚੱਲੋ। ਪਰਦੇਸੀ ਹੋ, ਜਗ੍ਹਾ ਦੇ ਜਾਣੂ ਨਹੀਂ ਹੋ, ਕਿੱਥੇ ਲੱਭੋ ਕੋਈ ਟਿਕਾਣਾ ਐਸ ਵੇਲੇ। ਦਿਨ ਤਾਂ ਲੰਘ ਗਿਆ ਢੂੰਡ ਭਾਲ ਵਿਚ, ਰਾਤ ਨੂੰ ਆਰਾਮ ਮੰਗਦੀ ਹੈ ਇਹ ਪੰਚ ਤੱਤ ਦੀ ਦੇਹੀ।

ਸਿੰਘ - ਮਿਹਰ ਜੀਉ ਆਪ ਅਤੀਤ ਸੰਤ ਹੋ, ਆਪ ਨੂੰ ਗ੍ਰਿਹਸਤੀ ਦੀ ਖੇਚਲ ਪਵੇ ਗਲ ਅਯੋਗ ਹੈ, ਮੈਂ ਰਾਤ ਬਿਤਾ ਲਵਾਂਗਾ ਕਿਸੇ ਨੁੱਕਰੇ ਖੂੰਜੇ ਇਸੇ ਵੱਡੇ ਪੌੜ ਥਣੀਕ ਥੜੇ ਦੀ। ਕ੍ਰਿਪਾ ਕਰਕੇ ਪਤਾ ਦੱਸ ਜਾਓ ਮੋਤੀ ਚੂਰ ਜੰਗਲ ਦਾ।

ਸੰਤ-ਪਤਾ ਤਾਂ ਸੌਖਾ ਹੈ। ਉਤਰ ਦਿਸ਼ਾ ਨੂੰ ਜੋ ਸੜਕ ਗਈ ਹੈ ਭੀਮਗੋਡੇ ਵਲ ਨੂੰ ਇਹੋ ਚਲੀ ਗਈ ਹੈ ਅੱਗੇ ਰਿਖੀਕੇਸ਼ ਨੂੰ, ਡੇਹਰਾਦੂਨ ਨੂੰ। ਇਸੇ ਸੜਕ ਤੇ ਇਕ ਕੋਹ ਜਾਣਾ ਹੈ। ਰੇਲ ਦਾ ਫਾਟਕ ਲੰਘਣਾ ਹੈ। ਅੱਗੇ ਆਵੇਗਾ, ਸੱਜੇ ਹੱਥ ਜੰਗਲ ਵਾਲੇ ਰੇਂਜਰ ਦਾ ਮਕਾਨ ਰਿਹਾਇਸ਼ੀ। ਇਥੋਂ ਕੁ ਵਾਰ ਖੱਬੇ ਪਾਸੇ ਨੂੰ ਨਿਕਲੇਗੀ। ਇਕ ਸੜਕ ਓਸ ਵੱਡੀ ਸੜਕ ਵਿਚੋਂ। ਇਧਰ ਇਸ ਖੱਬੇ ਪਾਸੇ ਦੀ ਸੜਕੇ ਪੈ ਜਾਣਾ। ਥੋੜ੍ਹੀ ਦੂਰ ਜਾ ਕੇ ਆਵੇਗਾ ਜੰਗਲ ਦਾ ਬੰਗਲਾ ਜੋ ਜੰਗਲ ਦੇ ਅਫਸਰਾਂ ਵਾਸਤੇ ਹੁੰਦਾ ਹੈ। ਮੇਰੀ ਜਾਚੇ ਸੰਤ ਹੁਣ ਪਹੁੰਚ ਗਏ ਹੋਣਗੇ ਉਸ ਬੰਗਲੇ। ਅਸਲ ਵਿਚ ਸੰਤ ਸਨ ਕੁਛ ਚਿਰ ਤੋਂ ਟਿਕੇ ਹੋਏ ਪਾਉਂਦੇ ਸਾਹਿਬ, ਜਮਨਾ ਦੇ ਕਿਨਾਰੇ ਜੋ ਐਥੋਂ 60 ਸਤਰ ਕੋਹ ਹੋਸੀ, ਹਾਂ, ਕੋਈ ਸੱਤਰ ਅੱਸੀ ਮੀਲ। ਜੰਗਲਾਂ ਦੇ ਵੱਡੇ ਅਫਸਰ ਇਕ ਬਨਾਰਸੀ ਹਿੰਦੂ ਹਨ, ਸਤਿਸੰਗ ਦੇ ਸ਼ੁਕੀਨ। ਉਹ ਟਿਕੇ ਹੋਏ ਸਨ, ਪਾਉਂਦੇ ਸਾਹਿਬ ਦੇ ਸਾਮ੍ਹਣੇ ਜਮਨਾ ਤੋਂ ਉਰਾਰ ਬਨ ਵਿਚ ਤੰਬੂ ਲਾ ਕੇ, ਸੂਹ ਪੈ ਗਈ ਓਨੇ ਸੰਤਾਂ ਦੀ ਪਵਿੱਤਰਤਾ ਤੇ ਕਰਨੀ ਦੀ। ਕਿਸ਼ਤੀ ਤਾਂ ਉਥੇ ਹੁੰਦੀ ਨਹੀਂ, ਪਰ ਉਹ ਆਪ ਤਾਰੂ ਸੀ ਤਕੜਾ। ਸੋ ਸਰਨਾਈ ਦੀ ਮਦਦ ਨਾਲ ਤਰਕੇ ਚਲਾ ਗਿਆ ਪਾਰ। ਸੰਤਾਂ ਨਾਲ ਬਚਨ ਬਿਲਾਸ ਕਰਕੇ ਮੋਹਿਤ ਹੋ ਗਿਆ। ਸੋ ਪਿਆਰ ਬੇਨਤੀਆਂ ਕਰਕੇ ਉਨ੍ਹਾਂ ਨੂੰ ਲੈ ਆਇਆ ਸੀ ਨਾਲ ਉਰਾਰ। ਓਹ ਬੀ ਏਕਾਂਤ ਦੇ ਪਿਆਰੇ ਹਨ ਤੁਰ ਪਏ ਬਨੋ ਬਨ ਉਸ ਦੇ ਨਾਲ। ਸੋ ਜਮਨਾ ਤੋਂ ਲੈ ਕੇ ਏਥੋਂ ਤਾਈਂ ਬਨਾਂ ਵਿਚ ਫਿਰਦੇ, ਠਹਿਰਦੇ, ਸਤਿਸੰਗ ਦਾ ਉਸ ਨੂੰ ਰੰਗ ਲਾਉਂਦੇ ਸੰਤ ਆ ਪਹੁੰਚੇ ਹਨ ਓਸ ਬੰਗਲੇ ਜਿਸਦਾ ਮੈਂ ਪਤਾ ਦਿਤਾ ਹੈ ਤੁਸਾਂ ਨੂੰ। ਆਓ ਹੁਣ ਚੱਲੋ ਮੇਰੇ ਨਾਲ, ਭਾਈ! ਗੁਰੂ ਕੇ ਸਿੱਖ ਹੋ, ਸੰਤ ਬੀ ਗੁਰੂ ਕੇ ਹਨ। ਆਓ ਚਲੋ ਰਾਤ ਕੱਠੇ ਰਹਾਂਗੇ, ਵਾਹਿਗੁਰੂ ਦੇ ਗੁਣ ਗਾਵਾਂਗੇ। ਤੁਸੀਂ ਸਤਿਸੰਗੀ ਹੋ ਜੋ ਐਸੇ ਤਿਆਗੀ ਵਿਰਾਗੀ ਤੇ ਪਰਉਪਕਾਰੀ ਸੰਤ ਦੇ ਜਾਣੂ ਹੋ, ਆਓ ਚੱਲੀਏ।

## ੨

ਸੰਤਾਂ ਦਾ ਪਿਆਰ ਵੇਖ ਕੇ ਗੱਭਰੂ ਉਸ ਪਿਆਰ ਦਾ ਅਨਾਦਰ ਨਾ ਕਰ ਸਕਿਆ, ਸਤਿ ਬਚਨ ਕਹਿ ਨਾਲ ਟੁਰ ਪਿਆ। ਸੰਤਾਂ ਦੇ ਡੇਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਸੀ। ਗੱਭਰੂ ਨੇ ਜਾ ਕੇ ਦਰਸ਼ਨ ਕੀਤਾ। ਅਦਬ ਨਾਲ ਭੇਟਾ ਧਰ ਕੇ ਮੱਥਾ ਟੇਕਿਆ ਤੇ ਫੇਰ ਸੰਤਾਂ ਦੀ ਦੱਸੀ ਥਾਂਵੇਂ ਕੁਛ ਦੇਰ ਟਿਕ ਗਿਆ। ਫੇਰ ਇਕ ਸੇਵਕ ਪ੍ਰਸਾਦਿ ਲੈ ਆਇਆ, ਦੋਹਾਂ ਨੇ ਛਕਿਆ ਤੇ ਫੇਰ ਕੁਛ ਵਾਰਤਾਲਾਪ ਛਿੜ ਪਈ।

ਸੰਤ-ਤੁਸੀਂ ਪੜ੍ਹੇ ਲਿਖੇ ਜਾਪਦੇ ਹੋ। ਅੱਜਕਲ੍ਹ ਪੱਛੋ ਦੀ ਵਿਦਯਾ ਪਾ ਕੇ ਲੋਕੀ ਬਹੁਤਾ ਬਾਹਰ ਮੁਖੀ ਪ੍ਰਾਪਤੀ ਵਿਚ ਪੈ ਜਾਂਦੇ ਹਨ। ਸਾਡਾ ਇਹ ਨਹੀਂ ਤਾਤਪਰਜ ਕਿ ਸਾਡੇ ਵਾਂਙ ਸਾਰੇ ਅਤੀਤ ਹੋ ਜਾਣ ਪਰ ਕੁਛ ਅੱਗੇ ਦਾ

ਤੋਸ਼ਾ ਬੀ ਚਾਹੀਦਾ ਹੈ ਬਨਾਉਣਾ, ਨਿਰੀ ਇਕਵਾਸੀ ਰੋਟੀ ਪਕਾਈਏ ਤਾਂ ਕੱਚੀ ਰਹਿ ਜਾਂਦੀ ਹੈ ਜਾਂ ਸੜ ਜਾਂਦੀ ਹੈ। ਦੁਇ ਪੱਖ ਮਹਾਰਾਜ ਜੀ ਨੇ ਰੱਖਣੇ ਲਿਖੇ ਹਨ, ਅਸੀਂ ਜੋ ਗੁਰੂ ਘਰ ਦੇ ਅਤੀਤ ਸੰਤ ਬੀ ਹਾਂ, ਜਗਤ ਉਪਕਾਰ ਵਿਚ ਲਗ ਜਾਂਦੇ ਹਾਂ ਤਾਂ ਮਾਨੋਂ ਦੂਸਰਾ ਪੱਖ ਪੂਰਾ ਕਰ ਲੈਂਦੇ ਹਾਂ। ਕਿਉਂ ਸਿੰਘ ਜੀ! ਦੂਸਰੇ ਦਾ ਭਲਾ ਕਰਨਾ ਇਹ ਭੀ ਗ੍ਰਿਹਸਤ ਹੀ ਹੈ ਨਾ-ਜਗਤ ਨਾਲ ਫੇਰ ਜੁਵਾਹ ਪਾ ਲਿਆ। ਇਹ ਕਹਿ ਕੇ ਸੰਤ ਹੱਸ ਪਏ ਤੇ ਫੇਰ ਬੋਲੇ, ਹਾਂ ਸਿੰਘ ਜੀ ਆਪ ਨੂੰ ਕਿਵੇਂ ਸ਼ੌਕ ਇਸ ਅੰਤਰਮੁਖੀ ਦਾ ਲਗ ਗਿਆ। ਅੱਜ ਹਰਦੁਆਰ ਦੇ ਹੇਠਲੇ ਥੜੇ ਤੇ ਖੜੋ ਕੇ ਜੋ ਆਪ ਨੇ ਆਪਣੇ ਮਨ ਵਿਚ ਫੁਰੇ ਫੁਰਨੇ ਸੁਣਾਏ ਹਨ, ਓਹ ਤਾਂ ਡਾਢੇ ਡੂੰਘੇ ਭਾਵਾਂ ਵਾਲੇ ਹਨ। ਐਉਂ ਜਾਪਦਾ ਹੈ, ਸਾਡੀ ਬੋਲੀ ਵਿਚ, ਕਿ ਆਪ ਨੂੰ ਵੈਰਾਗ ਹੋ ਰਿਹਾ ਹੈ ਤੇ ਵੀਚਾਰ ਬੀ ਫੁਰ ਰਹੀ ਹੈ ਸਤੋਗੁਣੀ। ਇਹ ਕਿੰਵ ਹੋਇਆ ਹੈ?

ਸੁਜਾਨ ਸਿੰਘ - ਜੀਓ ਮੇਰੇ ਕਰਮ ਤਾਂ ਭਲੇ ਨਹੀਂ ਸਨ, ਪਰ ਅਕਸਮਾਤ ਮੈਨੂੰ ਗੁਰਬਾਨੀ ਦੇ ਪਾਠ ਦਾ ਸ਼ੌਕ ਪੈ ਗਿਆ ਤੇ ਬਾਣੀ ਨੇ ਮੈਨੂੰ ਦੱਸਿਆ ਕਿ ਅਸੀਂ ਮਨੁੱਖ ਹਾਂ ਤੇ ਸਾਡਾ ਆਚਰਣ ਉੱਚਾ ਲੋੜੀਏ। ਫਿਰ ਇਕ ਸਾਲ ਸੰਤ ਬਿਮਲਾ ਸਿੰਘ ਜੀ ਦੀ ਮੈਂ ਗੁਰਪੁਰਬ ਸਮੇਂ ਕਥਾ ਸੁਣੀ ਤੇ ਕੁਛ ਵਾਰਤਾਲਾਪ ਬੀ ਕੀਤੀ ਸੀ, ਤਦੋਂ ਜੀ ਕਰਦਾ ਸੀ ਕਿ ਸੰਤਾਂ ਦਾ ਇਕਾਂਤ ਦਰਸ਼ਨ ਕਰਾਂ। ਪਰ ਤੁਸੀਂ ਜਾਣਦੇ ਹੋ ਅਸੀਂ ਨੌਕਰ ਪੇਸ਼ਾ ਲੋਕ ਹਾਂ, ਛੁੱਟੀਆਂ ਮਿਲਣੀਆਂ ਆਪਣੇ ਵੱਸ ਨਹੀਂ ਹੁੰਦੀਆਂ। ਨਾਲੇ ਸੰਤ ਰਮਤੇ ਹਨ, ਉਨ੍ਹਾਂ ਦਾ ਥਹੁ ਪਤਾ ਛੇਤੀ ਛੇਤੀ ਨਹੀਂ ਲੱਭਦਾ। ਹੁਣ ਮੈਨੂੰ ਪਤਾ ਲੱਗਾ ਸੀ ਕਿ ਸੰਤ ਹਰਿਦੁਆਰ ਹਨ, ਮੈਨੂੰ ਛੁੱਟੀਆਂ ਬੀ ਸਨ ਤੇ ਰੇਲ ਦੇ ਕਿਰਾਏ ਬੀ ਰਿਐਤਵੰਦੇ ਸਨ, ਇਸ ਕਰਕੇ ਆਇਆ ਸਾਂ ਜੋ ਕੁਛ ਲਾਭ ਉਠਾਵਾਂ, ਨਾਲੇ ਸੰਤ ਨੇ ਆਗਯਾ ਕੀਤੀ ਸੀ ਕਿ ਸੰਤਾਂ ਨੂੰ ਗੁਰਪੁਰਬ ਤੇ ਦਰਸ਼ਨ ਦੇਣ ਵਾਸਤੇ ਬਿਨੈ ਕਰਨੀ।

ਸੰਤ - ਭਾਈ ਧੰਨ ਭਾਗ ਹਨ, ਏਸ ਸਮੇਂ ਵਿਚ ਜੋ ਪੱਛਮੀ ਵਿਦਿਆ ਪਾ ਲਵੇ ਤੇ ਫੇਰ ਉਸ ਨੂੰ ਗੁਰਬਾਨੀ ਦਾ ਰੌ ਬੀ ਪਵੇ, ਧੰਨ ਭਾਗ ਹਨ, ਉਸ ਦੇ ਜਿਸ ਨੂੰ ਸੋਝੀ ਆਵੇ ਕਿ ਮੈਂ 'ਵੱਡਿਆਂ' ਤਾਂ ਬਣਨਾ ਹੈ ਪਰ ਆਪਣੇ ਆਪ ਨੂੰ 'ਚੰਗਿਆਂ' ਬੀ ਬਨਾਉਣਾ ਹੈ। ਅਸੀਂ ਅਤੀਤ ਹੋ ਕੇ ਤਾਂ ਇਹੋ ਕਹਾਂਗੇ ਕਿ ਗ੍ਰਿਹਸਤ ਜੰਜਾਲ ਹੈ, ਪਰ ਸਾਡਾ ਸਤਿਗੁਰਾਂ ਨੇ ਗ੍ਰਿਹਸਤ ਬੀ ਪ੍ਰਵਾਨ ਕੀਤਾ ਹੈ। ਸੋ ਗ੍ਰਿਹਸਤ ਵਿਚ ਜੋ ਚੰਗਾ ਰਹੇ ਤੇ ਅੰਤਰ ਮੁਖ ਬੀ ਹੋਵੇ ਸੋ ਬਹੁਤ ਹੀ ਭਲਾ ਹੈ। ਸਾਧ ਨਾਮ ਕਰਮਾਂ ਦਾ ਹੈ, ਸੱਚਾ ਬਚਨ ਏਹੋ ਹੈ।

ਇਸ ਤਰ੍ਹਾਂ ਬਚਨ ਬਿਲਾਸ ਕਰਕੇ ਦੁਇ ਸੌਂ ਗਏ।

੩

ਅੱਜ ਫੇਰ ਸਵੇਰੇ ਹੀ ਉਹੋ ਗੱਭਰੂ ਖੜਾ ਹੈ ਉਥੇ ਹੀ ਗੰਗਾ ਕਿਨਾਰੇ ਜਿੱਥੇ ਖੜ੍ਹਾ ਸੀ ਓਹ ਕਲ ਆਥਣ ਵੇਲੇ। ਨਦੀ ਵਹਿ ਰਹੀ ਹੈ ਓਸੇ ਤਰ੍ਹਾਂ ਕਿ ਜਿਸ ਤਰ੍ਹਾਂ ਕੱਲ ਸੰਝਾਂ ਵੇਲੇ ਵਹਿ ਰਹੀ ਸੀ। ਉਹ ਪਾਣੀ ਕਿੱਥੇ ਗਿਆ ਜੋ ਕੱਲ ਸ਼ਾਮਾਂ ਵੇਲੇ ਏਸ ਟਿਕਾਣੇ ਸੀ? ਉਹ ਆਇਆ ਤੇ ਤੁਰਦਾ ਲੰਘ ਗਿਆ, ਹਾ, ਉਹ ਚਲਾ ਗਿਆ, ਚਲਾ ਗਿਆ ਦੂਰ ਪਰ ਇਥੇ ਪਾਣੀ ਹੈ ਉਸੇ ਤਰ੍ਹਾਂ ਭਰਪੂਰ। ਪੌੜਾਂ ਤੇ ਖੜੇ ਹਨ ਮਨੁੱਖ ਤ੍ਰੀਮਤਾਂ ਜਿਵੇਂ ਖੜ੍ਹੇ ਸਨ ਕੱਲ ਤ੍ਰਿਕਾਲਾਂ ਵੇਲੇ, ਹਾਂ ਪੌੜ ਹਨ ਭਰੇ ਜੀਕੂੰ ਭਰੇ ਸਨ ਕੱਲ ਸੰਧਯਾ ਵੇਲੇ, ਪਰ ਕੀ ਏਹ ਸਾਰੇ ਓਹੋ ਹਨ ਜੋ ਸਨ ਕਲ ਸਾਮਾਂ ਨੂੰ ਏਥੇ? ਨਹੀਂ, ਉਹ ਤਾਂ ਲੰਘ ਗਏ, ਤੁਰ ਗਏ ਦੂਰ, ਪਰ ਉਹ ਥਾਂ ਹੈ ਉਸੇ ਤਰ੍ਹਾਂ ਭਰਪੂਰ। ਹਾਂ ਚਲ ਰਿਹਾ ਹੈ ਜਲ ਪ੍ਰਵਾਹ-ਸਦਾ ਭਰਪੂਰ ਪਰ ਸਦਾ ਸਖਣਾ। ਜੋ ਕੱਲ ਸਨ ਅੱਜ ਨਹੀਂ ਹਨ। ਜੋ ਪਰਸੋਂ ਸਨ ਕੱਲ ਨਹੀਂ ਸਨ ਜੋ ਤਰਸੋਂ ਸਨ ਸੋ ਪਰਸੋਂ ਨਹੀਂ ਸਨ। ਪਰ ਦੇਖੋ ਜੀਵਨ ਪ੍ਰਵਾਹ ਚਲ ਰਿਹਾ ਹੈ, ਕਲ ਪਰਸੋਂ ਤਰਸੋਂ ਵਾਂਙ ਨਕਾ ਨਕ ਭਰਪੂਰ। ਏਹ ਸਨ ਸੋਚਾਂ ਜੋ ਫੁਰ ਰਹੀਆਂ ਸਨ ਕੱਲ ਵਾਲੇ ਉਸੇ ਗੱਭਰੂ ਨੂੰ ਖੜਿਆਂ ਉਸੇ ਥਾਂ।

ਹੁਣ ਚੜ੍ਹ ਪਿਆ ਸੂਰਜ। ਆ ਪਈਆਂ ਜੀਵਨ ਬਖਸ਼ ਕਿਰਨਾਂ ਪਾਣੀਆਂ ਦੇ ਤਰੰਗਾਂ ਉਤੇ। ਹੋ ਪਿਆ ਮਾਨੋ ਝਿਲਮਿਲ ਝਿਲਮਿਲ ਕਰਦਾ ਸੁਨਹਿਰੀ ਝਾਲ ਦਾ ਨਾਚ। ਹਾਂ ਕਿਰਨਾਂ ਆ ਪਈਆਂ ਹਨ ਨ੍ਹਾਤੇ ਤੇ ਨ੍ਹਾਉਂਦਿਆਂ ਦੇ ਚਿਹਰਿਆਂ ਉਤੇ ਤੇ ਲਗ ਗਏ ਹਨ ਚਿਹਰਿਆਂ ਨੂੰ ਜੀਵਨ ਬਖਸ਼ ਰੰਗ ਇਨ੍ਹਾਂ ਜੀਵਨ ਦਾਤੀਆਂ ਕਰਨਾਂ ਦੇ। ਚਮਕ ਉਠੇ ਸੁਨਹਿਰੀ ਚਾਨੇ ਜਲ ਵਿਚ ਸਦਾ ਨ੍ਹਾਤੀਆਂ ਤੇ ਸਦਾ ਅਣਨ੍ਹਾਤੀਆਂ ਮੱਛੀਆਂ ਦੇ। ਪਰ ਹਾਂ, ਨਹੀਂ ਕੋਈ ਜੀਵਨ ਰੌ ਰੁਮਕੀ ਉਹਨਾਂ ਸੁੰਦਰੀਆਂ ਤੇ ਸੁੰਦਰਾਂ ਦੇ ਫੁੱਲਾਂ ਵਿਚ ਜੋ ਲੇਟੇ ਪਏ ਹਨ ਨਦੀ ਦੇ ਤਲ ਉਤੇ ਨਿਰਜਿੰਦ ਹੋ ਕੇ। ਹਾਂ ਜਿੱਥੇ ਆ ਕੇ ਲੇਟਣਾ ਹੈ ਕਦੇ ਉਨ੍ਹਾਂ ਨੇ ਜੋ ਹੁਣ ਨਹਾ ਰਹੇ ਹਨ, ਅਠਖੇਲੀਆਂ ਕਰ ਰਹੇ ਹਨ ਚਮਕਦੇ ਪਾਣੀਆਂ ਵਿਚ, ਪਰ ਨਹੀਂ ਬੁਝ ਰਹੇ ਕਿ ਏਸ ਕੁੰਡ ਵਿਚ ਅਸੀਂ ਜੋ ਤਰੇ ਤੇ ਤੁਰ ਫਿਰ ਰਹੇ ਹਾਂ ਕੀ ਕਰ ਰਹੇ ਹਾਂ। ਹਾਂ, ਓਹ ਨਹੀਂ ਜਾਣਦੇ ਕਿ ਅਸੀਂ ਇਕ ਕਦਮ ਪਾਤਸ਼ਾਹ ਦੇ ਸਿਰ ਤੋਂ ਚੁੱਕਦੇ ਹਾਂ ਤਾਂ ਦੂਸਰਾ ਵਜ਼ੀਰ ਦੇ ਸਿਰ ਤੇ ਧਰਦੇ ਹਾਂ। ਇਕ ਪੈਰ ਹੀਰ ਵਰਗੀ ਕਿਸੇ ਪ੍ਰੇਮ ਕੁੱਠੀ ਦੀ ਛਾਤੀ ਤੋਂ ਚੁਕਦੇ ਹਾਂ ਤਾਂ ਦੂਸਰਾ ਕਿਸੇ ਰਾਂਝੇ ਵਰਗੇ ਨੈਣਾਂ ਦੇ ਘਾਇਲ ਦੀ ਛਾਤੀ ਤੇ ਧਰਦੇ ਹਾਂ। ਹਾਂ, ਜੇ ਸਾਡਾ

ਇਕ ਪੱਬ ਹੈ ਕਿਸੇ ਕਾਲੀਦਾਸ ਵਰਗੇ ਦੀਆਂ ਪਸਲੀਆਂ ਤੇ ਤਾਂ ਦੂਸਰਾ ਕਾਲੀਨਾਥ ਵਰਗੇ ਦੀਆਂ ਬੀਨਕਾਰ ਉਂਗਲੀਆਂ ਤੇ ਹੈ। ਜੀਵਨ ਕਿਵੇਂ ਅਜੀਵਨ (ਮੌਤ) ਤੋਂ ਬੇਪਰਵਾਹ ਹੈ ਤੇ ਅਜੀਵਨ ਕਿਵੇਂ ਜੀਵਨ ਤੋਂ ਮਦਹੋਸ਼ੀ ਵਿਚ ਹੈ. ਫੇਰ ਦੁਇ ਕੀਕੂੰ ਇਕ ਦੂਏ ਨੂੰ ਚੰਬੜੇ ਟੁਰ ਰਹੇ ਹਨ।

ਵੀਚਾਰਾਂ ਸਨ ਇਸ ਤਰ੍ਹਾਂ ਦੀਆਂ, ਜੋ ਫੇਰ ਫੁਰ ਰਹੀਆਂ ਸਨ ਓਸੇ ਗੱਭਰੂ ਨੂੰ ਅੱਜ ਸਵੇਰੇ ਗੰਗਾ ਕਿਨਾਰੇ ਖੜ੍ਹੇ ਨੂੰ, ਜੋ ਕਲ ਆਥਣ ਮਗਰੋਂ ਏਥੇ ਖੜ੍ਹਿਆਂ ਇਹੋ ਜੇਹੀਆਂ ਵੀਚਾਰਾਂ ਦੇ ਤਰੰਗਾਂ ਵਿਚ ਰੁੜ੍ਹ ਰਿਹਾ ਸੀ। ਹਾਂ ਨਦੀ ਵਿਚ ਰੁੜ੍ਹ ਰਹੇ ਪਾਣੀਆਂ, ਫਉੱਲਾਂ, ਦੀਵਿਆਂ ਤੇ ਪੁਸ਼ਪਾ ਵਾਂਙੂ ਇਹ ਰੁੜ ਰਿਹਾ ਸੀ ਆਪਣੀ ਵੀਚਾਰ-ਗੰਗਾ ਵਿਚ। ਹਾਂ, ਇਸ ਵੀਚਾਰਸ਼ੀਲ ਬੰਦੇ ਨੂੰ ਫੁਰ ਰਹੇ ਸਨ ਵੀਚਾਰ ਡੂੰਘੇ। ਪਰ ਗਾਫਲ ਪਾਣੀ ਵਹਿ ਰਹੇ ਸਨ, ਗਾਫਲ ਕਿਰਨਾਂ ਨੱਚ ਰਹੀਆਂ ਸਨ ਪਾਣੀਆਂ ਦੇ ਉਤੇ, ਗਾਫਲ ਬੰਦੇ ਆਟੇ ਦੀਆਂ ਗੋਲੀਆਂ ਪਾ ਰਹੇ ਸਨ ਤੇ ਗਾਫਲ ਜਲ ਜੀਵ ਨਿਗਲ ਰਹੇ ਸਨ ਏਹ ਗੋਲੀਆਂ, ਗਾਫਲ ਬੰਦੇ ਨਹਾ ਰਹੇ ਸਨ, ਗਾਫਲ ਪੰਡੇ ਨੁਹਾ ਤੇ 'ਜੀਵਨ' ਤੋਂ 'ਅਜੀਵਨ' ਹੋਇਆਂ ਦਾ ਦਾਨ ਲੈ ਕੇ ਪ੍ਰਸੰਨ ਹੋ ਰਹੇ ਸਨ। ਵਾਹ ਬੇਪਰਵਾਹੀ ਕੁਦਰਤ ਦੇ ਪਰਵਾਹਾਂ ਦੀ ਤੇ ਬੇਗੁਮਰਾਹੀ ਜੀਵਨ ਵਾਲਿਆਂ ਦੀ ਜਿਨ੍ਹਾਂ ਨੂੰ ਦੇਖ ਦੇਖ ਕੇ ਇਕ ਵਿਚਾਰਸ਼ੀਲ ਬੰਦਾ ਰੁੜ੍ਹ ਰਿਹਾ ਸੀ ਆਪਣੇ ਹੀ ਮਨ ਦੇ ਵਹਿਣਾਂ ਵਿਚ, ਹਾਂ, ਉਹ ਵੇਖ ਰਿਹਾ ਸੀ ਤੇ ਵਾਚ ਰਿਹਾ ਸੀ ਜੀਵਨ ਅਜੀਵਨ ਦੀ ਪੋਥੀ। ਠੰਢਾ ਸਾਹ ਭਰਿਓਸੁ, ਉਫ ਉਫ ਕੀਤੀਓਸੁ, ਭਰਵੱਟਿਆਂ ਦੇ ਵਿਚਕਾਹੇ ਹੱਥ ਦੀ ਚੁਟਕੀ ਭਰੀਓਸੁ, ਬੁੱਲ੍ਹ ਟੁਕਿਓਸੁ ਤੇ ਮਨ ਵਿਚ ਹੀ ਮਨ ਨੂੰ ਆਖਿਓਸੁ; ਹਾਂ ਇਵੇਂ ਪਰਵਾਹ ਮਾਤ੍ਰ ਹੀ ਹੈ ਕਿ ਵਿਚੋਂ ਕੋਈ ਰਾਹ ਬੀ ਹੈ ਇਸ ਜਿੰਦੜੀ ਲਈ ਜਿੰਦੜੀ ਦੇ ਆਪਣੇ ਮੁੱਲ ਦਾ? ਫੇਰ ਘੜੀ ਕੱਢੀਓਸੁ, ਵਕਤ ਤੱਕਿਓਸੁ – ਹਾਂ ਚੱਲ ਰਹੀ ਹੈਂ ਤੂੰ ਬੀ ਜਲ ਪ੍ਰਵਾਹ ਵਾਙੂ, ਚਲ ਰਹੀ ਹੈਂ ਪਰ ਤੂੰ ਤਾਂ ਕੋਈ ਪਤਾ ਲਾ ਲਾ ਕੇ ਚਲਦੀ ਹੈਂ। ਚੱਲ ਬਈ ਮਨਾਂ, ਹੁਣ ਤੂੰ ਬੀ ਪਤਾ ਲਾ ਉਸ ਮੁਸ਼ਕਲ ਪਤਿਆਂ ਵਾਲੇ ਦਾ ਜਿਸਦੀ ਟੋਲ ਵਿਚ ਆਇਆ ਹੈਂ। ਮਨਾਂ! ਲਾ ਲੈ ਪਹਿਲੋਂ ਜਾਣ ਤੋਂ ਤੂੰ ਬੀ ਨੀਲੇ ਨੀਲੇ ਪਾਣੀਆਂ ਵਿਚ ਟੁੱਭਾ ਇੱਕ। ਪਰ ਨਹੀਂ, ਕੀਹ ਮੇਰੇ ਕਦਮ ਉਨ੍ਹਾਂ ਕੀਮਤੀ ਜਾਨਾਂ ਦੇ ਫੁਲਾਂ ਉਤੇ ਆਪਣੇ ਆਪ ਨੂੰ ਧਰਨ ਦੀ ਬੇਅਦਬੀ ਵਿਚ ਪਾ ਸਕਦੇ ਹਨ ਜੋ ਕਈਆਂ ਮੇਰੇ ਵਰਗਿਆਂ ਦੇ ਪਿਆਰੇ ਸਨ, ਦੁਲਾਰੇ ਸਨ, ਅੱਖਾਂ ਦੇ ਤਾਰੇ ਸਨ, ਡੂੰਘੇ ਭਾਵਾਂ ਨਾਲ ਸਤਿਕਾਰੇ ਸਨ, ਹਾਂ ਜਿਨ੍ਹਾਂ ਦੀਆਂ ਛਾਤੀਆਂ ਉਤੇ ਜੀਉਂਦਿਆਂ ਕੋਈ ਕਦਮ ਧਰਨ ਦਾ ਹੀਆ ਨਹੀਂ ਸੀ ਕਰ ਸਕਦਾ, ਅੱਜ ਉਨ੍ਹਾਂ ਦੀਆਂ ਬੇਬਸ ਪਈਆਂ ਪੱਸਲੀਆਂ ਤੇ ਮੈਂ ਪੈਰ ਧਰਾਂ? ਬੇਅਦਬੀ ਹੈ ਇਹ ਉਨ੍ਹਾਂ ਦੀ ਜਿਨ੍ਹਾਂ ਦੇ ਏਹ ਪਿਆਰੇ ਸਨ, ਬੇਅਦਬੀ ਹੈ ਉਨ੍ਹਾਂ ਦੀ ਜਿਨ੍ਹਾਂ ਦੇ ਏਹ ਫੁੱਲ ਹਨ ਤੇ ਬੇਅਦਬੀ ਹੈ ਇਹ ਉਸ ਉੱਚ-ਭਾਵ ਦੀ ਜੋ ਮਰ ਗਿਆਂ ਦੀ 'ਯਾਦ' ਨਾਲ ਉਹੋ ਸਤਿਕਾਰ ਦਾ ਰਿਸ਼ਤਾ ਰੱਖਦਾ ਹੈ ਜੋ ਜੀਉਂਦਿਆਂ ਦੇ ਵਜੂਦ ਨਾਲ ਰਖਦਾ ਹੈ।...ਲੋਕੀ ਧਰਦੇ ਹਨ, ਧਰਨ, ਪਰ ਹਾਂ ਹੇ ਮੇਰੇ ਸਰੀਰ! ਘੱਟ ਤੋਂ ਘੱਟ ਤੂੰ ਤਾਂ ਨਾ ਕਦਮ ਧਰ ਅਜੀਵਨ ਹੋਏ ਜੀਵਨ ਉੱਤੇ, ਜਿਸ ਨੂੰ ਜੀਵਨ-ਅਜੀਵਨ ਦੀ ਢੋਲ ਚੁਹੱਕਲੀ ਵਾਲੀ ਜੱਫੀ ਦਾ ਪ੍ਰਤੱਖ ਨਕਸ਼ਾ ਦਿੱਸ ਰਿਹਾ ਹੈ। ਇਉਂ ਕਹਿ ਕੇ ਫੇਰ ਤੱਕਿਓਸੁ ਵਗ ਰਹੇ ਪਾਣੀਆਂ ਦੀ ਨਿਰਮਲ ਨੀਲੀ ਰੌ ਵਲ ਜੋ ਸੁਨਿਹਿਰੀ ਹੋ ਚਮਕ ਰਹੀ ਸੀ ਸੂਰਜ ਕਿਰਨਾਂ ਨਾਲ ਤੇ ਇਕ ਆਹ ਖਿੱਚ ਕੇ ਉੱਚੀ ਆਖਿਓਸੁ-ਹਾਂ ਮੇਰੇ ਨੈਣਾਂ ਤਲੇ ਹੈ ਉਹ ਗੰਗਾ, ਜਿਸ ਨੂੰ ਤੱਕਿਆ ਸੀ ਏਥੇ ਸ਼ਿਵ ਨੇ ਤੇ ਨਾਉਂ ਦਿਤਾ ਸੀ ਇਸਨੂੰ ਆਪਣੇ ਨਾਉਂ ਉਤੇ ਹਰਿਦੁਆਰ, ਹਾਂ ਇਸੇ ਗੰਗਾ ਤੇ ਨਜ਼ਰ ਪਈ ਸੀ ਭਗੀਰਥ ਦੀ ਜਿਸਨੇ ਕਹਿੰਦੇ ਹਨ ਕਿ ਲਿਆਂਦੀ ਸੀ ਗੰਗਾ ਸਿਵ ਦੀ ਸ਼ਕਤੀ ਨਾਲ। ਇਸੇ ਨੂੰ ਡਿੱਠਾ ਸੀ 'ਦੱਖ ਪਰਜਾਪਤੀ' ਤੇ ਉਸਦੀ ਸੋਹਣੀ ਧੀ ਸ੍ਰੀ 'ਸਤੀ' ਨੇ ਹਾਂ ਇਸੇ ਗੰਗਾ ਤੇ ਦ੍ਰਿਸਟਿ ਪਈ ਸੀ ਲੱਛਮਣ ਦੀ ਜਦੋਂ ਉਹ ਗਿਆ ਸੀ ਲਛਮਣ ਝੂਲੇ ਰਹਿਣ ਵਾਸਤੇ, ਇਸੇ ਗੰਗਾ ਤੇ ਨਜ਼ਰ ਪਈ ਸੀ ਸ੍ਰੀ ਰਾਮ ਦੀ, ਸ੍ਰੀ ਸੀਤਾ ਦੀ ਸ੍ਰੀ ਕ੍ਰਿਸ਼ਨ ਦੀ, ਇਸੇ ਗੰਗਾ ਨੂੰ ਡਿੱਠਾ ਸੀ ਭਰਥਰੀ ਨੇ ਰਾਜ ਤਿਆਗੀਆਂ ਵੈਰਾਗੀਆਂ ਤਪੀਆਂ ਨੇ, ਜਿਸ ਨੂੰ ਵੇਖ ਰਹੇ ਹਨ ਅੱਜ ਮੇਰੇ ਨੈਣ, ਪਰ ਕੁਦਰਤ ਦੇ ਜਗਤ ਪ੍ਰਬੰਧ ਦੀ ਮਸਖਰੀ ਦੇਖੋ! ਗੰਗਾ ਤਾਂ ਸਭਨਾਂ ਨੇ ਉਹੋ ਵੇਖੀ, ਕਿੰਤੂ ਪਾਣੀ ਹੋਰਦੇ ਹੋਰ ਵੇਖੇ। ਕਿੱਥੇ ਹੈ ਅੱਜ ਓਹ ਜਲ ਜਿਸ ਵਿਚ ਨ੍ਹਾਉਂਦੀ ਸੀ ਪਰਜਾਪਤ ਦੱਖ ਦੀ ਧੀ 'ਸਤੀ' ਤੇ ਕਿੱਥੇ ਹੈ ਉਹ ਨੀਰ ਜਿਸ ਨੂੰ ਵੇਖ ਕੇ ਭਰਥਰੀ ਨੇ ਨੈਣ ਠੰਢੇ ਕੀਤੇ ਸਨ। ਉਹ ਪਾਣੀ ਵਹਿ ਗਏ, ਚਲੇ ਗਏ, ਪਰ ਨੀਰ ਹੈ ਭਰਪੂਰ ਉਸੇ ਤਰ੍ਹਾਂ ਤੇ ਓਵੇਂ ਹੀ ਵਹਿ ਰਿਹਾ ਹੈ। ਮੈਂ ਬੀ ਦੇਖ ਰਿਹਾ ਹਾਂ ਗੰਗਾ ਤੇ ਗੰਗਾ ਦਾ ਨੀਰ, ਉਹੋ ਕਿ ਹੋ? ਕੌਣ ਕਹੇ? ਪਰ ਵਹਿ ਰਹੀ ਹੈ ਨੈਂ, ਜਲ ਹੈ ਭਰਪੂਰ, ਜਲ ਦਾ ਕਿਣਕਾ ਕਿਣਕਾ ਬਦਲ ਰਿਹਾ ਹੈ ਪਲੇ ਪਲੇ-ਵਿਚਲਾ ਅੱਗੇ ਤਿਲਕ ਰਿਹਾ ਹੈ ਤੇ ਥਾਂ ਦੇ ਰਿਹਾ ਹੈ ਹੋਰ ਨਵੇਂ ਆ ਰਹੇ ਨੂੰ। ਖਿਨ ਖਿਨ ਵਿਖੇ ਕਿਣਕਾ ਕਿਣਕਾ ਬਦਲ ਰਿਹਾ ਹੈ। ਪਰ ਉਹੋ ਹੈ ਗੰਗਾ, ਉਹੋ ਹੈ ਜਲ ਪ੍ਰਵਾਹ, ਵਾਹ ਵਾਹ ਇਨਸਾਨ ਤੇ ਵਾਹ ਵਾਹ ਇਨਸਾਨ ਦੇ ਭੁਲੇਵੇ।

ਇਉਂ ਦੇ ਮਨੋਵਾਦ ਕਰਦਾ ਟੁਰ ਗਿਆ ਗੱਭਰੂ ਉਤਰ ਦਾਉ ਨੂੰ ਤੇ ਇਕ ਟਾਂਗਾ ਕਿਰਾਏ ਕਰਕੇ ਉਸ ਤੇ ਜਾ ਪਹੁੰਚਾ ਰੇਲ ਦਾ ਫਾਟਕ ਲੰਘ ਕੇ ਜੰਗਲੀ ਹਾਕਮ ਦੇ ਘਰ ਕੋਲ। ਉਥੋਂ ਉਹ ਪਰਤਿਆ ਖੱਬੇ ਦਾਉ ਨੂੰ ਤੇ ਕੁਝ ਦੂਰ ਜਾ ਕੇ ਪਹੁੰਚ ਗਿਆ ਜੰਗਲ ਵਾਲੇ ਬੰਗਲੇ।

ਚਪੜਾਸੀ ਨੂੰ ਵੇਖਿਓਸੁ ਖੜਾ ਹੈ ਬਾਹਰ, ਰਤਾ ਕੁ ਝਿਕ ਆਈ, ਫੁਰਨਾ ਫੁਰਿਓਸੁ ਸੰਤ ਕਿੱਥੇ ਆ ਲੁਕੇ ਹਨ ਮਾਇਆ ਧਾਰੀਆਂ ਦੇ ਉਹਲੇ? ਗੰਗਾ ਦੇ ਪਰਵਾਹ ਵਾਂਙੂ ਸੰਤ ਚਾਹਿਯੇ ਵਿਚਰਨ ਖੁੱਲ੍ਹੇ। ਪਰ ਦੂਜੀ ਪਲ ਸੋਚਿਓਸੁ- ਇਨ੍ਹਾਂ ਦਾ ਭਲਾ ਕੌਣ ਕਰੇ? ਸੰਤ ਹੋਵੇ ਨਿਰਚਾਹ ਤੇ ਪੂਰਾ, ਫੇਰ ਕਿਤੇ ਪਿਆ ਵਿਚਰੇ, ਪਰ ਹੈਣ ਵਿਰਲੇ। ਫੇਰ ਹੰਮਾ ਬੰਨ੍ਹ ਕੇ ਅੱਗੇ ਵਧਿਆ ਤੇ ਚਪੜਾਸੀ ਨੂੰ ਕਹਿਣ ਲੱਗਾ ਅਫਸਰ ਜੰਗਲਾਤ ਏਸੇ ਬੰਗਲੇ ਵਿਚ ਹਨ? ਉਸ ਨੇ ਜ਼ਰਾ ਭਵਾਂ ਖਿੱਚ ਕੇ ਕਿਹਾ ਹਾਂ। ਤਾਂ ਸੁਜਾਨ ਸਿੰਘ ਨੇ ਆਖਿਆ, ਸੰਤ ਬਿਮਲਾ ਸਿੰਘ ਜੀ ਬੀ ਇਥੇ ਹੀ ਹੈਨ? ਤਦ ਭਵਾਂ ਦਾ ਵੱਟ ਲਾਹ ਕੇ ਚਪੜਾਸੀ ਨੇ ਕਿਹਾ 'ਜੀ ਹਾਂ।'

ਸੁਜਾਨ ਸਿੰਘ-ਫੇਰ ਮੈਂ ਸੰਤਾਂ ਦੇ ਦਰਸ਼ਨ ਕਰਨੇ ਹਨ, ਕਿਵੇਂ ਹੋ ਸਕਣ? ਵੀਰਾ? ਕੋਈ ਰਾਹ ਉਪਰਾਲਾ ਦੱਸ ਦੇ।

ਚਪੜਾਸੀ - ਮੈਂ ਸਾਹਿਬ ਜੀ ਖਬਰ ਕਰਦਾ ਹਾਂ, ਉਹ ਦੱਸਣਗੇ (ਇਹ ਕਹਿ ਕੇ ਅੰਦਰ ਚਲਾ ਗਿਆ)।

ਪਲਕੁ ਮਗਰੋਂ ਜੰਗਲ ਦੇ ਅਫਸਰ ਸਾਹਿਬ ਬਾਹਰ ਆ ਗਏ ਤੇ ਆਖਣ ਲੱਗੇ ਆਓ ਜੀ, ਸਿੰਘ ਜੀ! ਜੀਉ ਆਇਆਂ ਨੂੰ! ਸੰਤਾਂ ਨੂੰ ਮਿਲਣਾ ਹੈ, ਕਦੇ ਅੱਗੇ ਬੀ ਮਿਲੇ ਹੋ?

ਸੁਜਾਨ ਸਿੰਘ - ਜੀ ਹਾਂ ਅੱਗੇ ਮੈਂ ਕਥਾ ਸੁਣੀ ਹੈ ਤੇ ਕੁਛ ਥੋੜ੍ਹੀ ਗੱਲਬਾਤ ਬੀ ਕੀਤੀ ਹੈ।

ਅਫਸਰ - ਸੰਤ ਕੱਲ ਤਕ ਤਾਂ ਇਥੇ ਸਨ, ਅੱਜ ਉਪਰ ਨੂੰ ਗਏ ਹਨ। ਇਥੋਂ ਅੰਦਰ ਵਾਰ, ਥੋੜ੍ਹੀ ਦੂਰ, ਕੋਇਲ ਪੁਰ ਦੀ ਜੰਗਲ ਦੀ ਚੌਕੀ ਤੋਂ ਮੀਲ ਕੁ ਅੱਗੇ ਇਕ ਥਾਉਂ ਪਹਾੜ ਦੀ ਵੱਖੀ ਵਲ ਨੂੰ ਹੈ, ਓਥੇ ਗਏ ਹਨ ਸੰਤ। ਤੰਬੂ ਲਗਾ ਹੈ, ਸੰਤ ਉਥੇ ਦੋ ਚਾਰ ਦਿਨ ਟਿਕਣਗੇ। ਤੁਸਾਨੂੰ ਕਾਹਲ ਹੋਵੇ ਤਾਂ ਓਥੇ ਚਲੇ ਜਾਓ ਮੈਂ ਪ੍ਰਬੰਧ ਕਰ ਦੇਂਦਾ ਹਾਂ। ਨਹੀਂ ਤਾਂ ਦੋ ਦਿਨ ਠਹਿਰੋ ਮੇਰੇ ਕੋਲ ਇਹ ਆਪ ਦਾ ਘਰ ਹੈ।

ਸੁਜਾਨ ਸਿੰਘ - ਆਪ ਦੇ ਪਿਆਰ ਤੋਂ ਕੁਰਬਾਨ। ਸੰਤਾਂ ਦੀ ਮਿਹਰ ਦਾ ਸਦਕਾ ਆਪ ਇਕ ਗਰੀਬ ਨੂੰ ਆਦਰ ਨਾਲ ਮਿਲੇ ਹੋ। ਮਿਹਰ ਕਰੋ ਤਾਂ ਪਤਾ ਦੱਸ ਦਿਓ ਜੋ ਮੈਂ ਦਰਸ਼ਨ ਮੇਲੇ ਹੁਣੇ ਜਾ ਕਰਾਂ। ਮੇਰੀ ਛੁੱਟੀ ਥੋੜ੍ਹੀ ਹੈ ਤੇ ਪਿੱਛੇ ਛੇਤੀ ਪਰਤਨਾ ਹੈ। ਅਫਸਰ ਨੇ ਕਿਹਾ, ਸਤਿ ਬਚਨ ਤੇ ਨਾਲ ਇਕ ਚਪੜਾਸੀ ਦੇ ਕੇ ਉਸਨੂੰ ਕਿਹਾ ਕਿ ਇਨ੍ਹਾਂ ਨੂੰ ਨਾਲ ਲੈ ਜਾਓ ਸੰਤਾਂ ਪਾਸ। ਸੋ ਦੁਇ ਉਥੋਂ ਟੁਰ ਪਏ ਟਾਂਗੇ ਉਤੇ। ਚੌਂਕੀ ਤਕ ਤਾਂ ਟਾਂਗਾ ਗਿਆ। ਪਰ ਉਥੋਂ ਅੱਗੇ ਜੰਗਲ ਦੀ ਸੜਕੇ ਸੜਕੇ ਨਹੀਂ ਸੀ ਜਾਣਾ, ਪਰ ਇਕ ਪਾਸੇ ਛੋਟਾ ਰਾਹ ਸੀ, ਜੰਗਲ ਦੇ ਘਨੇ ਪਾਸੇ, ਸੋ ਪੈਦਲ ਹੋ ਲਏ ਤੇ ਕੁਛ ਸਮੇਂ ਬਾਅਦ ਪੁੱਜ ਗਏ। ਇਕ ਸੋਹਣੇ ਥਾਂ ਤੰਬੂ ਲਗਾ ਸੀ ਤੇ ਥੋੜ੍ਹੀ ਦੂਰ ਇਕ ਬ੍ਰਿੱਛ ਦੀ ਛਾਵੇਂ ਸੁੱਕੇ ਘਾਹ ਤੇ ਆਸਣ ਲਾਈ ਸੰਤ ਬੈਠੇ ਸਨ।

੪

ਸੰਤ - ਆਓ ਭਾਈ ਸਿੰਘਾ! ਕਿੱਥੇ ਆ ਗਿਆ ਹੈਂ, ਗੁਰੂ ਕੇ ਪਿਆਰਿਆ! ਬਨ ਪੰਛੀਆਂ ਦੇ ਦੇਸ ਤੂੰ ਜੰਗਲਾਂ ਬਨਾਂ ਵਿਚ? ਆਓ ਜੀਉ ਆਇਆਂ ਨੂੰ (ਹੌਲੇ ਜਿਹੇ) ਆਗਤੇ ਸ੍ਵਾਗਤੰ ਸਾਰੰ।

ਸੁਜਾਨ ਸਿੰਘ - ਖਿਮਾ ਕਰਨੀ, ਆਪ ਜੀ ਦੇ ਇਕਾਂਤ ਨਿਵਾਸ ਵਿਚ ਬੀ ਅਸੀਂ ਮਾਇਆਵੀ ਜੀਵ ਆ ਵਿਘਨ ਪਾਉਂਦੇ ਹਾਂ।

ਸੰਤ - ਭਾਈ, ਆਓ ਜੀਉ ਆਏ ਨੂੰ, ਏਹ ਸਰੀਰ ਗੁਰੂ ਕਾ ਹੈ। ਗੁਰੂ ਕੀਆਂ ਸੰਗਤਾਂ ਨੂੰ ਸੌਂਪ ਦਿਤਾ ਹੈ, ਵਿਘਨ ਕਾਹਦਾ। ਗੁਰੂ ਕੇ ਪਿਆਰੇ ਆਏ, ਭਾਗ ਹੋਇਆ।

ਸੁਜਾਨ ਸਿੰਘ (ਕੰਬ ਕੇ) ਧੰਨ ਹੋ ਆਪ, ਧੰਨ ਆਪ ਦੀ ਆਪਾਵਾਰ ਕੁਰਬਾਨੀ। ਪਰ ਅਸੀਂ ਲੋਕ ਸ੍ਵਾਰਥੀ ਹਾਂ, ਸ੍ਵਾਰਥਾਂ ਵਿਚ ਅੰਨ੍ਹੇ ਹੋਏ ਰਹਿੰਦੇ ਹਾਂ। ਆਪ ਜੈਸੇ ਤਿਆਗ ਮੂਰਤੀਆਂ ਦੀ ਕਦਰ ਨਹੀਂ ਪਾਉਂਦੇ। ਆਪ ਉਪਕਾਰ ਕਰਦੇ ਹੋ ਨਿਰਵਾਸ ਰਹਿ ਕੇ ਤੇ ਅਸੀਂ ਸਗੋਂ ਦਿੱਕ ਕਰ ਦੇਂਦੇ ਹਾਂ ਆਪ ਜੀ ਨੂੰ ਇਕਾਂਤਾਂ ਵਿਚ ਬੀ, ਖਿਮਾ ਕਰਨੀ।

ਸੰਤ - ਨਹੀਂ ਭਾਈ! ਜੇ ਕਿਸੇ ਸਰੀਰ ਨੂੰ ਕੁਛ ਲਾਭ ਹੋ ਜਾਵੇ ਤਾਂ ਸਾਨੂੰ ਸੁਖ ਹੈ, ਹਾਂ ਜੋ ਕਰਦੇ ਨਹੀਂ ਤੇ ਨਿਰਾ ਪੁੱਛਦੇ ਹਨ, ਓਹ ਦੁਵੱਲੀ ਵਕਤ ਤੇ ਸਤਯਾ ਗੁਆਉਂਦੇ ਹਨ। ਜੋ ਸੁਣਦੇ ਹਨ, ਸਮਝਦੇ ਹਨ ਤੇ ਕਰਦੇ ਹਨ ਉਹੋ ਤਾਂ ਗਯਾਨ ਪ੍ਰਣਾਲੀ ਦੀ ਲੜੀ ਦੀਆਂ ਸੰਗਲੀਆਂ ਬਣਦੇ ਹਨ। ਆਓ! ਕੁਛ ਜਲ ਛਕੋ, ਦੁੱਧ ਛਕੋ।

ਸੁਜਾਨ ਸਿੰਘ - ਮੈਂ ਹਰਦੁਆਰੋਂ ਦੁੱਧ ਪੀ ਕੇ ਤੇ ਕੁਛ ਖਾ ਕੇ ਟੁਰਿਆ ਸਾਂ। ਮੈਂ ਆਪ ਦਾ ਬਹੁਤ ਸਮਾਂ ਨਹੀਂ ਗੁਆਉਣਾ, ਦੋ ਚਾਰ ਗੱਲਾਂ ਕਰਨੀਆਂ ਤੇ ਰਾਹ ਪੁੱਛਣਾ ਹੈ।

ਸੰਤ - ਪੁੱਛੋ, ਜੀ ਸਦਕੇ ਪੁੱਛੋ।

***'ਚਲਦਾ'***

# ਗੁਰਦੁਆਰਾ ਰਾੜਾ ਸਾਹਿਬ ਲੰਗਰਾਂ ਦੇ ਸੱਚਖੰਡ ਵਾਸੀ ਸ਼੍ਰੀ ਮਾਨ ਜੀ ਦੀ ਜੀਵਨ ਚਾਲੀ ਜੁਬਾਨੀ ਸੰਤ ਹਰਨੇਕ ਸਿੰਘ ਜੀ ਲੰਗਰਾਂ ਵਾਲੇ

ਵਾਹਿਗੁਰੂ ਨਿਰੰਕਾਰ ਪ੍ਰਮੇਸ਼ਰ ਨੇ ਅਨੇਕਾਂ ਯੁੱਗਾਂ 'ਚ ਸੰਸਾਰ ਦੀ ਰਚਨਾ ਰਚੀ ਹੈ। ਸੇਵਾ ਸੰਭਾਲ ਵਾਸਤੇ 24 ਅਵਤਾਰ, ਬ੍ਰਹਮਾ, ਵਿਸ਼ਨੂੰ, ਮਹੇਸ਼ ਆਦਿ ਅਨੇਕਾਂ ਨਾਂ ਹੋਏ ਨੇ। ਇਸ ਜੁਗ ਵਿਚ 'ਵਾਹਿਗੁਰੂ' ਨਾਮ ਹੈ। ਸੰਸਾਰ ਵਿਚ ਸੇਵਾ ਵਾਸਤੇ ਪ੍ਰਮੇਸ਼ਰ ਆਪ ਭਗਤਾਂ, ਰਿਸ਼ੀਆਂ, ਮੁਨੀਆਂ, ਦੇਵਤਾ ਨੂੰ ਤਿੰਨਾਂ ਜੁਗਾਂ ਵਿਚ ਭੇਜਦਾ ਆਇਆ ਹੈ। ਇਸ ਜੁਗ ਵਿਚ ਦਸਾਂ ਪਾਤਸ਼ਾਹੀਆਂ, ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਪੰਜ ਪਿਆਰਿਆਂ ਵਲੋਂ ਸੇਵਾ ਚੱਲੀਆਂ। ਪੰਜ ਪਿਆਰਿਆਂ ਤੋਂ ਸੰਪਰਦਾਵਾਂ ਚੱਲੀਆਂ। ਗੁਰੂ ਗੋਬਿੰਦ ਸਿੰਘ ਜੀ ਦੀ ਆਗਿਆ ਨਾਲ ਸੇਵਾ ਕਰਦੀਆਂ। ਭਾਈ ਦਇਆ ਸਿੰਘ ਜੀ ਦੀ ਸੰਪਰਦਾ ਵਿਚ ਕਈ ਮਹਾਂਪੁਰਸ਼ਾਂ ਨੇ ਸੇਵਾ ਸੰਭਾਲੀ ਜਿਵੇਂ ਕਿ ਬਾਬਾ ਸਾਹਿਬ ਸਿੰਘ ਜੀ ਬੇਦੀ ਮਹਾਰਾਜ ਜੀ ਦੀ 12 ਮਿਸਲਾਂ ਸੇਵਾ ਕਰਦੀਆਂ ਆਈਆਂ। ਬਾਬਾ ਬੀਰ ਸਿੰਘ ਜੀ, ਬਾਬਾ ਖੁਦਾ ਸਿੰਘ ਜੀ, ਬਾਬਾ ਮਹਾਰਾਜ ਸਿੰਘ ਜੀ, ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ, ਸੰਤ ਅਤਰ ਸਿੰਘ ਜੀ ਰੇਰੂ ਸਾਹਿਬ, ਸੰਤ ਅਤਰ ਸਿੰਘ ਜੀ ਮਸਤੂਆਣਾ ਸਾਹਿਬ ਆਦਿ ਅਨੇਕਾਂ ਮਹਾਂਪੁਰਸ਼ ਸੇਵਾ ਕਰਦੇ ਆਏ। ਬਾਬਾ ਚੰਦਾ ਸਿੰਘ ਜੀ ਕਟੂਵਾਲੇ ਮਹਾਰਾਜ ਜੀ, ਬਾਬਾ ਜਵਾਲਾ ਸਿੰਘ ਜੀ ਹਰਖੋਵਾਲ, ਬਾਬਾ ਹਰਨਾਮ ਸਿੰਘ ਜੀ ਉਜੈਨ ਵਾਲੇ ਮਹਾਂਪੁਰਖਾਂ ਨੇ ਸੇਵਾ ਕੀਤੀ। ਲੰਗਰਾਂ 'ਚੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਅਨੇਕਾਂ ਹੀ ਲੰਗਰ ਚਲਦੇ ਜਿਨ੍ਹਾਂ ਵਿਚੋਂ ਭਾਈ ਨੰਦ ਲਾਲ ਜੀ ਨੂੰ ਇਕ ਨੰਬਰ 'ਚ ਮਾਣ-ਸਤਿਕਾਰ ਮਿਲਿਆ। ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਬਾਬਾ ਨਿਧਾਨ ਸਿੰਘ ਜੀ, ਬਾਬਾ ਮਿਤ ਸਿੰਘ ਜੀ ਸੌ ਨੰਬਰਾਂ ਨਾਲ ਪਾਸ ਹੋਏ, ਪੂਰਾ ਮਾਣ-ਸਤਿਕਾਰ ਮਿਲਿਆ, ਹੋਤੀ ਮਰਦਾਨ ਦੀ ਲੰਗਰ ਦੀ ਸੰਪਰਦਾ ਵਿਚ ਰਾੜਾ ਸਾਹਿਬ ਵਿਚ ਇਸ ਸਮੇਂ ਦੇ ਸ੍ਰੀ ਮਾਨ ਪੂਰਨ ਬ੍ਰਹਮਗਿਆਨੀ, ਵੈਰਾਗੀ, ਪ੍ਰਮੇਸ਼ਰ ਸਰੂਪ ਸਤਿਕਾਰਯੋਗ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਨੇ ਲੰਗਰ ਦੀ ਸਾਰੀ ਸੇਵਾ ਸੰਭਾਲ ਕੀਤੀ।

ਜ਼ਿਲਾ ਲੁਧਿਆਣਾ ਵਿਚ ਦੋਰਾਹਾ ਅਤੇ ਅਹਿਮਦਗੜ੍ਹ ਦੇ ਵਿਚ ਗੁਰਦੁਆਰਾ ਕਰਮਸਰ ਰਾੜਾ ਸਾਹਿਬ ਬਠਿੰਡਾ ਨਹਿਰ ਤੇ ਸਥਿਤ ਹੈ ਜਿਸ ਦੀ ਮਹਿਮਾ –

*"ਕਰਮਸਰ ਅਸਥਾਨ ਹੈ ਸੰਤ ਜੀ ਦਾ,*
*ਨਹਿਰ ਸਾਮ੍ਹਣੇ ਵੀਰਨੋ ਜਾਂਵਦੀ ਹੈ।*
*ਖੁਸ਼ਬੂ ਭਰੇ ਦਰਖਤ ਨੇ ਬਾਗ ਅੰਦਰ,*
*ਪੰਗਤ ਭੌਰਿਆਂ ਦੀ ਗੂੰਜਾਂ ਪਾਂਵਦੀ ਹੈ।*
*ਪਿਛਲੇ ਪਾਸੇ ਗੁਰਦੁਆਰੇ ਦੇ ਦਿਸੇ ਭੋਰਾ,*
*ਫੁੱਲਵਾੜੀ ਵੀ ਖਿੱਚ ਸੁਹਾਂਵਦੀ ਹੈ।*
*ਲੱਗੇ ਫੁੱਲ ਗੁਲਾਬ ਨੂੰ ਖਿੜਨ ਕਲੀਆਂ,*
*ਨਰਗਸ ਆਪਣੀ ਟਹਿਕ ਦਿਖਾਂਵਦੀ ਹੈ।*
*ਰਾਤ ਰਾਣੀ ਗੁਲਦੌਦੀ ਨੂੰ ਫੁੱਲ ਟਹਿਕਣ,*
*'ਦਿਨਪਤੀ' ਦੀ ਮਹਿਕ ਵੀ ਆਂਵਦੀ ਹੈ।*
*ਸੇਵਕ ਵਸਦੇ ਭੌਰੇ ਦੇ ਚਾਰ ਪਾਸੇ,*
*ਸੰਗਤ ਵਾਹਿਗੁਰੂ ਨਾਮ ਧਿਆਂਵਦੀ ਹੈ।*
*ਲੰਗਰ ਗੁਰੂ ਕਾ ਚੱਲਦਾ ਪਹਿਰ ਅੱਠੇ,*
*ਭੁੱਖੀ ਜਿੰਦੜੀ ਕੋਈ ਨ ਜਾਂਵਦੀ ਹੈ*
*ਭਗਤ ਆ ਜਾਵੇ ਕੋਈ ਰਾਮ ਪਿਆਰਾ,*
*ਸੰਗਤ ਸਭ ਬਲਿਹਾਰਨੇ ਜਾਂਵਦੀ ਹੈ।*
*ਕਲਮ ਨਹੀਂ ਲਿਖ ਸਕਦੀ ਉਸਤਤੀ ਨੂੰ,*
*ਸੰਤ ਪੁਰੀ ਬੈਕੁੰਠ ਸਦਾਂਵਦੀ ਹੈ।*
*ਬੈਕੁੰਠ ਨਗਰ ਹੈ ਜਹਾਂ ਨੇ ਸੰਤ ਵਸਦੇ,*
*ਬਾਣੀ ਗੁਰਾਂ ਦੀ ਆਪ ਫੁਰਮਾਂਵਦੀ ਹੈ।*
*(ਗਿਆਨੀ ਮੋਹਨ ਸਿੰਘ ਜੀ 'ਆਜ਼ਾਦ')*

ਇਸ ਤਪੋਬਨ ਵਿਚ ਅੱਠੇ ਪਹਿਰ ਲੰਗਰ ਅਤੁੱਟ ਵਰਤਦਾ ਹੈ। ਜਿਥੇ ਗੁਰਬਾਣੀ, ਵਾਹਿਗੁਰੂ ਨਾਮ ਦਾ ਭੰਡਾਰਾ ਸਵੇਰੇ ਇਕ ਵਜੇ ਤੋਂ ਕਥਾ ਕੀਰਤਨ ਚਲਦਾ ਹੈ, ਉਥੇ ਲੰਗਰ ਵਿਚ ਵੀ ਦੁੱਧ-ਚਾਹ, ਲੱਸੀ, ਪ੍ਰਸ਼ਾਦਾ, ਸਾਰੇ ਪਦਾਰਥ 24 ਘੰਟੇ ਅਤੁੱਟ ਵਰਤਦੇ ਹਨ। ਲੰਗਰ ਵਿਚ ਸੇਵਾ ਕਰਨ ਵਾਲੇ ਸੇਵਾਦਾਰਾਂ ਦੀਆਂ ਡਿਊਟੀਆਂ ਵੱਖ-ਵੱਖ ਹੁੰਦੀਆਂ। ਲੰਗਰ ਦੀ ਸਾਰੀ ਸੇਵਾ ਸੰਭਾਲ ਸਤਿਕਾਰਯੋਗ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਕਰਦੇ। ਵੱਡੇ ਸੰਤ ਈਸ਼ਰ ਸਿੰਘ ਜੀ ਮਹਾਰਾਜ ਕਥਾ ਕੀਰਤਨ ਕਰਦੇ-ਕਰਾਉਂਦੇ। ਲੰਗਰ ਵਿਚ ਦੋਵੇਂ ਮਹਾਂਪੁਰਸ਼ਾਂ ਦੇ ਲਾਏ ਹੋਏ ਸੰਤ ਨਰਾਇਣ ਸਿੰਘ ਜੀ ਨੇ ਵੀ ਸੇਵਾ ਨਿਭਾਈ ਸੰਤ ਮਹਾਰਾਜ ਜੀ ਦਾ ਹੁਕਮ, ਅਨੇਕ ਪ੍ਰਕਾਰ ਦੇ ਪਦਾਰਥ ਬਣਾਉ, ਕਿਸੇ ਦੀ ਵੀ ਤੋਟਿ ਨਾ ਆਵੇ। ਗੁਰੂ ਨਾਨਕ ਦੇਵ ਜੀ ਦੇ ਹੁਕਮ ਅਨੁਸਾਰ – ਮਨ ਨੀਵਾਂ ਮਤਿ ਉਚੀ ਰੱਖ ਕਰਕੇ ਲੰਗਰ ਅੱਠ ਪਹਿਰ ਖੁਲ੍ਹਾ ਰੱਖਣਾ ਹੈ, ਕੋਈ ਵੀ ਨਿਰਾਸ਼ ਹੋ ਕਰਕੇ ਨਾ ਮੁੜੇ। ਇਸ ਹੁਕਮ ਅਨੁਸਾਰ ਪੂਰੇ ਨੰਬਰਾਂ 'ਚ ਕਿਸੇ ਨੂੰ ਸੇਵਾ ਪ੍ਰਾਪਤ ਨਹੀਂ ਸੀ ਹੋਈ। ਬੇਅੰਤਰ ਲੰਗਰਾਂ ਦੀਆਂ ਸੇਵਾ ਬਦਲੀਆਂ। ਸੰਤ ਮਹਾਰਾਜ ਜੀ ਦਾ ਖਿਆਲ ਸੀ ਕਿ ਅੱਠੇ ਪਹਿਰ ਲੰਗਰ ਅਤੁੱਟ ਵਰਤੇ।

ਇਸ ਸੇਵਾ ਲਈ ਸ੍ਰੀ ਮਾਨ ਸੰਤ ਬਾਬਾ ਬਲਵੰਤ ਸਿੰਘ ਜੀ ਮਹਾਰਾਜ ਦਾ ਜਨਮ ਮਾਤਾ ਇੰਦਰ ਕੌਰ ਜੀ ਦੀ ਕੁੱਖੋਂ ਪਿਤਾ ਸ. ਸੁੰਦਰ ਸਿੰਘ ਜੀ ਗ੍ਰਹਿ ਪਿੰਡ ਭਲਵਾਨ ਜ਼ਿਲਾ ਸੰਗਰੂਰ 'ਚ ਹੋਇਆ। 50-60 ਸਾਲ ਸਾਧੂਆਂ ਦੀ ਸੇਵਾ ਵਿਚ ਰਹੇ, ਸੱਚ ਤੇ ਪਹਿਰਾ ਦੇ ਕੇ

ਬਾਲ ਬ੍ਰਹਮ ਜਤੀ, ਬ੍ਰਹਮਚਾਰੀ ਰਹੇ। 50-60 ਸਾਲਾਂ ਬਾਅਦ ਸੰਤ ਮਹਾਰਾਜ ਜੀ ਦੀ ਸੰਗਤ ਹੋਈ। ਸੰਤ ਮਹਾਰਾਜ ਜੀ ਦਾ ਹੁਕਮ ਹੋਇਆ ਕਿ ਪਹਿਲਾਂ ਮਾਤਾ ਪਿਤਾ ਦੀ ਸੇਵਾ ਕਰੋ ਫੇਰ ਸਾਧੂ ਬਣਨਾ। ਮਾਤਾ ਪਿਤਾ ਦੀ ਪੂਰੀ ਸੇਵਾ ਨਿਭਾ ਕੇ ਆਪ ਜੀ ਫਿਰ ਤਪੋਬਨ - ਰਾੜਾ ਸਾਹਿਬ ਵਿਖੇ ਸਤਿਕਾਰਯੋਗ ਸੰਤ ਈਸ਼ਰ ਸਿੰਘ ਜੀ ਅਤੇ ਸਤਿਕਾਰਯੋਗ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਜੀ ਦੀ ਸਰਨ ਵਿਚ ਪੱਕੇ ਤੌਰ ਤੇ ਹੀ ਆ ਗਏ। ਇਥੇ ਆਪ ਜੀ ਭੋਰਾ ਸਾਹਿਬ ਵਿਚ ਬਗੀਚੀ ਦੀ ਸੇਵਾ ਵਿਚ ਲੀਨ ਹੋ ਗਏ ਅਤੇ ਫਿਰ ਸੰਤ ਮਹਾਰਾਜ ਜੀ ਦੇ ਹੁਕਮ ਅਨੁਸਾਰ 24 ਘੰਟੇ ਚੱਲਣ ਵਾਲੇ ਲੰਗਰ ਵਿਚ ਆਪ ਜੀ ਦੀ ਡਿਊਟੀ ਲੱਗ ਗਈ। ਆਪ ਜੀ ਨੂੰ ਗੁਰੂ ਦੇ ਲੰਗਰਾਂ ਦਾ ਸ੍ਰੀ ਮਾਨ ਜੀ ਥਾਪ ਦਿਤਾ। ਮੁੜ ਕੇ ਫਿਰ ਆਪ ਜੀ ਕਿਸੇ ਰਿਸ਼ਤੇਦਾਰ ਕੋਲ ਨਹੀਂ ਗਏ, ਘਰ ਨਹੀਂ ਗਏ। 30-40 ਸਾਲ ਆਪ ਜੀ ਗੁਰ ਕੇ ਲੰਗਰ ਦੀ ਅਣਥੱਕ ਅਤੇ ਬੇਮਿਸਾਲ ਸੇਵਾ ਨਿਭਾਈ। ਕਈ ਯਾਤਰੂ ਦਿਨੇ ਆਉਣੇ, ਕਈ ਰਾਤ ਨੂੰ ਆਉਣੇ, ਆਪ ਜੀ ਨੇ ਸਭ ਨੂੰ ਪ੍ਰਸ਼ਾਦਾ ਛਕਾਉਣਾ, ਦਿਨੇ ਰਾਤ ਸੇਵਾ ਵਿਚ ਲੀਨ ਰਹਿਣਾ। ਸਦਾ ਹੀ ਮਨ ਵਿਚ ਇਹ ਖਿਆਲ ਰਹਿਣਾ ਕਿ ਮੇਰਾ ਗੁਰੂ ਨਾਨਕ ਆਇਆ ਹੈ।

*ਤੁਲਸੀ ਇਸ ਸੰਸਾਰ ਮਹਿ ਸਭ ਸੋ ਮਿਲਿਐ ਧਾਇ॥*
*ਨਾ ਜਾਣੇ ਕਿਸ ਰੂਪ ਮੈ ਨਾਰਾਇਣ ਮਿਲ ਹੈ ਆਇ॥*

ਸੰਤ ਮਹਾਰਾਜ ਜੀ ਦੇ ਹੁਕਮ ਅਨੁਸਾਰ ਗੁਰੂ ਗ੍ਰੰਥ ਸਾਹਿਬ ਜੀ ਕੋਲੋਂ ਆਪ ਜੀ ਨੇ ਮੰਗ ਮੰਗੀ ਕਿ ਮਹਾਰਾਜ, ਮੋਹ ਮਾਇਆ ਤੋਂ ਬਚਾਇਉ, ਸੇਵਾ ਥਾਇ ਪਾਇਉ। ਦੋਵੇਂ ਮਹਾਂਪੁਰਸ਼ਾਂ ਦੀ - ਵੱਡੇ ਸੰਤ ਜੀ ਮਹਾਰਾਜ ਅਤੇ ਛੋਟੇ ਸੰਤ ਜੀ ਮਹਾਰਾਜ ਜੀ ਦੀ ਆਗਿਆ ਵਿਚ ਰਹਿ ਕੇ ਆਪ ਜੀ ਨੇ ਲੰਗਰਾਂ ਦੀ ਉਹ ਸੇਵਾ ਨਿਭਾਈ ਜਿਸ ਦੀ ਮਿਸਾਲਵੀ ਦੁਨੀਆਂ ਦੇ ਕੋਨੇ 'ਚੋਂ ਮਿਲਣੀ ਮੁਸ਼ਕਿਲ ਹੈ।

ਵੱਡੇ ਸੰਤ ਜੀ ਮਹਾਰਾਜ (ਸੰਤ ਈਸ਼ਰ ਸਿੰਘ ਜੀ) ਭੌਰੇ ਵਿਚ ਰਹਿ ਕੇ ਸਿਮਰਨ-ਬੰਦਗੀ ਕਰਦੇ। ਛੋਟੇ ਸੰਤ ਜੀ ਮਹਾਰਾਜ ਨਹਿਰ ਕੰਨੀ, ਖੇਤੀ ਦਾ ਅਤੇ ਹੋਰ ਸਾਰਾ ਪ੍ਰਬੰਧ ਸਾਂਭਦੇ। ਉਨ੍ਹਾਂ ਦਾ ਸਰੀਰ ਬਿਰਦ ਸੀ। ਬਾਬਾ ਜੀ ਦਾ ਵੀ ਸਰੀਰ ਬਿਰਦ ਸੀ। ਵੱਡੇ ਸੰਤ ਜੀ ਮਹਾਰਾਜ ਹਾਜ਼ਮੇ ਵਿਚ ਕੁਝ ਨੁਕਸ ਹੋਣ ਕਾਰਨ ਗਊ ਦਾ ਦੁੱਧ ਛਕਦੇ। ਰਾੜਾ ਸਾਹਿਬ ਦੇ ਬਾਹਰਲੇ ਪਾਸੇ ਇਕ ਕਿਲੋਮੀਟਰ ਤੇ ਗਊਆਂ ਵਾਸਤੇ ਗਊਸ਼ਾਲਾ ਹੈ ਜਿਸ ਵਿਚ ਸੰਤ ਧੰਨਾ ਸਿੰਘ ਜੀ ਜੋ ਕਿ ਯਾਤਰਾ ਕਰਦੇ-ਕਰਦੇ ਇਥੇ ਆਏ ਅਤੇ ਸੰਤ ਮਹਾਰਾਜ ਜੀ ਦੇ ਹੁਕਮ ਅਨੁਸਾਰ ਗਊਸ਼ਾਲਾ ਵਿਚ ਸੇਵਾ ਕਰਦੇ। ਹੋਰ ਵੀ ਕਈ ਸੰਤ ਸੇਵਾ ਕਰਦੇ। ਉਹਦੀ ਬੇਨਤੀ ਸੀ ਕਿ ਜਿਹੜੀਆਂ ਗਊਆਂ ਦੀ ਸੇਵਾ ਮੈਂ ਕਰਦਾ ਹਾਂ, ਉਨ੍ਹਾਂ ਦਾ ਹੀ ਦੁੱਧ ਵੱਡੇ ਮਹਾਰਾਜ ਜੀ ਲਈ ਜਾਵੇ। ਉਸ ਨੇ ਸ੍ਰੀ ਮਾਨ ਜੀ ਪਾਸ ਬੇਨਤੀ ਕੀਤੀ ਕਿ ਆਪ ਜੀ ਇਕ ਕਿਲੋਮੀਟਰ ਤੇ ਗਊਸ਼ਾਲਾ ਤੋਂ ਗਊ ਦਾ ਦੁੱਧ ਵੱਡੇ ਸੰਤ ਜੀ ਮਹਾਰਾਜ ਲਈ ਲੈ ਜਾਇਆ ਕਰੋ।

ਸ੍ਰੀ ਮਾਨ ਜੀ ਸਭ ਦਾ ਰੱਬ ਦਾ ਹੁਕਮ ਮੰਨ ਕੇ ਸਭ ਦਾ ਹੁਕਮ ਮੰਨਦੇ ਸੀ, ਸਾਰਿਆਂ ਨੂੰ ਪਿਆਰ ਕਰਦੇ ਸੀ ਜਿਵੇਂ ਕਿ ਭਾਈ ਗੁਰਦਾਸ ਜੀ ਫੁਰਮਾਨ ਕਰਦੇ ਹਨ -

*ਹੁਕਮੀ ਬੰਦਾ ਹੋਇਕੈ ਸਾਹਿਬ ਦੇ ਹੁਕਮੈ ਵਿਚ ਰਹਿਣਾ।*
*ਹੁਕਮੈ ਅੰਦਰ ਸਭ ਕੋ ਸਭਨਾ ਆਵਟਣ ਹੈ ਸਹਿਣਾ।*
*ਦਿਲ ਦਰਯਾਉ ਸਮਾਉ ਕਰ ਗਰਬ ਗਵਾਇ ਗ਼੍ਰੀਬੀ ਵਹਿਣਾ।*
*ਵੀਹ ਇਕੀਹ ਉਲੰਘ ਕੈ ਸਾਧ ਸੰਗਤਿ ਸਿੰਘਾਸਣ ਬਹਿਣਾ।*
*ਸ਼ਬਦ ਸੁਰਤ ਲਿਵਲੀਣ ਹੋਇ ਅਨਭਉ ਅਘੜ ਘੜਾਏ ਗਹਿਣਾ।*
*ਸਿਦਕ ਸਬੂਰੀ ਸਾਬਤਾ ਸ਼ਾਕਰ ਸ਼ੁਕਰ ਨ ਦੇਣਾ ਲਹਿਣਾ।*
*ਨੀਰ ਨ ਡੁਬਣ ਅਗ ਨ ਦਹਿਣਾ॥*

*(ਭਾਈ ਗੁਰਦਾਸ ਵਾਰ 18)*

ਐਸੇ ਗੁਣਾਂ ਦੇ ਧਾਰਨੀ ਸ੍ਰੀ ਮਾਨ ਬਾਬਾ ਜੀ ਮਹਾਰਾਜ ਨੇ ਸਵੇਰੇ ਇਕ ਵਜੇ ਜਾਮ-ਜਾਮਨੀ ਉਠ ਕੇ ਸਰੋਵਰ ਤੇ ਇਸ਼ਨਾਨ ਕਰਨਾ ਅਤੇ ਫੇਰ ਇਕ ਕਿਲੋਮੀਟਰ ਤੇ ਖੂਹ ਤੇ ਗਊਸ਼ਾਲਾ ਵਿਚ ਜਾਣਾ, ਗਊ ਦਾ ਦੁੱਧ ਚੋਣਾ, ਫੇਰ ਲੰਗਰ ਵਿਚ ਲਿਆ ਕੇ ਤੱਤਾ ਕਰਕੇ ਵੱਡੇ ਸੰਤ ਜੀ ਮਹਾਰਾਜ ਜੀ ਦੇ ਲਾਂਗਰੀ ਬਾਬਾ ਤੇਜਾ ਸਿੰਘ ਜੀ ਮਹਾਰਾਜ ਨੂੰ ਆਪ ਦੇਣ ਜਾਂਦੇ। ਸੇਵਾ ਤਾਂ ਇਨ੍ਹਾਂ ਦੀ ਧੁਰ ਤੋਂ ਹੀ ਮੱਥੇ ਲਿਖੀ ਹੋਈ ਸੀ। ਇਹ ਸਭ ਭਾਈ ਹਰਨੇਕ ਸਿੰਘ ਜੀ (ਵੱਡੇ ਸੰਤ ਜੀ ਮਹਾਰਾਜ ਜੀ ਦੇ ਜਨਮ ਨਗਰ ਆਲੋਵਾਲ ਸਾਹਿਬ ਵਾਲੇ) ਜੋ ਅਰਜ ਕਰ ਰਹੇ ਹਾਂ - ਇਹ ਸਭ ਅੱਖੋਂ ਦੇਖੀ ਹੈ।

ਛੋਟੇ ਸੰਤ ਜੀ ਮਹਾਰਾਜ ਮੱਝ ਦਾ ਦੁੱਧ ਛਕਦੇ ਹੁੰਦੇ। ਫੇਰ (ਸ੍ਰੀ ਮਾਨ ਜੀ) ਆਪ ਜੀ ਨੇ ਉਨ੍ਹਾਂ ਵਾਸਤੇ ਦੁੱਧ ਚੋਣਾਂ, ਤੱਤਾ ਕਰਨਾ ਅਤੇ ਫੇਰ ਭਾਈ ਸ਼ੇਰ ਸਿੰਘ ਜੀ ਨੂੰ ਆਪ ਦੇ ਕੇ ਆਉਣਾ। ਉਸ ਤੋਂ ਉਪਰੰਤ, ਆ ਕਰਕੇ ਦੂਸਰੀਆਂ ਮੱਝਾਂ ਦੀ ਧਾਰ ਚੋਣਾ। ਇਤਨਾ ਪਿਆਰ ਕਿ ਕਦੇ ਕਿਸੇ ਹੋਰ ਸਿੱਖ ਨੂੰ ਵੀ ਮੱਝ ਤੇ ਡੰਡਾ ਨਹੀਂ ਮਾਰਨ ਦੇਣਾ। ਸਾਰੇ ਜੀਵਾਂ ਨੂੰ ਹੀ, ਸਭਨਾਂ ਨੂੰ ਹੀ ਪਿਆਰ ਕਰਨਾ, ਉਸ ਪ੍ਰਮੇਸ਼ਰ ਦਾ ਹੀ ਨੂਰ ਦੇਖਣਾ। ਜਿਵੇਂ ਕਿ ਭਾਈ ਨੰਦ ਲਾਲ ਜੀ ਦਾ ਕਥਨ ਹੈ -

***ਹਰ ਕੁਜਾ ਦੀਦੇਮ ਅਨਵਰਿ ਖੁਦਾ।***
***ਬਸਕਿ ਅਜ ਸੁਹਬਤਿ ਬਰਜ਼ੁਗਾਂ ਸ਼ੁਦ-ਜਜ਼ਬ।***

ਧਾਰ 'ਚੋਂ ਕਰਕੇ ਆਪ ਜੀ ਨੇ ਚਾਹ ਬਨਾਉਣੀ ਅਤੇ ਸੰਗਤ ਵਿਚ ਵਰਤਾਉਣੀ। ਗੁਰਦੁਆਰਾ ਸਾਹਿਬ ਆਸਾ ਜੀ ਦੀ ਵਾਰ ਦੇ ਭੋਗ ਉਪਰੰਤ ਅਰਦਾਸ ਹੋਣੀ ਅਤੇ ਹੁਕਮਨਾਮੇ ਤੋਂ ਬਾਅਦ ਲੰਗਰ ਦੀ ਘੰਟੀ ਵਜਣੀ। ਫੇਰ ਸਾਰੀ ਸੰਗਤ ਨੇ ਲੰਗਰ ਛਕਣਾ। ਇਤਨੇ ਸਮੇਂ ਦੇ ਅੰਦਰ ਹੀ ਸ੍ਰੀ ਮਾਨ ਬਾਬਾ ਜੀ ਨੇ ਆਪ ਦੁੱਧ ਰਿੜਕਣਾ, ਲੱਸੀ ਤਿਆਰ ਕਰਨੀ। ਹੋਰ ਕੁਝ ਲਾਂਗਰੀ ਮਿੱਸਾ ਪ੍ਰਸ਼ਾਦਾ ਤਿਆਰ ਕਰਦੇ ਜੋ ਕਿ ਚੋਪੜ ਕੇ ਛੇ ਵਜੇ ਲੰਗਰ, ਸਲੋਕ - ਜਿਨੀ ਗੁਰੂ ਮਨਾਇਆ ਰੱਜ ਰੱਜ ਸੇਈ ਖਾਏ, ਪੜ੍ਹ

ਕੇ ਵਰਤਾਇਆ ਜਾਂਦਾ। ਉਸ ਤੋਂ ਬਾਅਦ ਫੇਰ ਭੱਠੀਆਂ ਲਾਉਣੀਆਂ ਅਤੇ ਨਾਲ ਹੀ ਸਾਰੇ ਲੰਗਰ ਦਾ ਪ੍ਰਬੰਧ ਕਰਨਾ।

ਸੰਤ ਮਹਾਰਾਜ ਜੀ ਆਗਿਆ ਵਿਚ ਰਹਿ ਕੇ ਸੇਵਾ ਕਰਨੀ। ਸਾਰੀ ਹੀ ਪ੍ਰਕਾਰ ਦੀ ਸੇਵਾ ਨਿਭਾਉਂਦੇ। ਕੁਝ ਸੇਵਾਦਾਰਾਂ ਨੇ, ਮਾਈਆਂ ਨੇ ਗਾਲਾਂ ਕੱਢਣੀਆਂ ਜਿਨ੍ਹਾਂ ਤੋਂ ਆਪ ਜੀ ਦੀ ਵਡਿਆਈ ਹਜ਼ਮ ਨਾ ਹੋਣੀ, ਉਨ੍ਹਾਂ ਨੇ ਆਪ ਜੀ ਦਾ ਅਪਮਾਨ ਵੀ ਕਰਨਾ। ਪਰ ਸ੍ਰੀ ਮਾਨ ਬਾਬਾ ਜੀ ਨੇ ਕਦੇ ਵੀ ਗੁੱਸਾ ਨਹੀਂ ਕੀਤਾ -

*ਖੋਦ ਖਾਦ ਧਰਤੀ ਸਹੇ ਕਾਟ ਕੂਟ ਬਨਰਾਇ॥*
*ਬੋਲ ਕਬੋਲ ਸਾਧੂ ਸਹੇ ਔਰ ਪੈ ਸਹਿਆ ਨ ਜਾਇ॥*

ਉਨ੍ਹਾਂ ਨੂੰ ਵੀ ਪਿਆਰ ਹੀ ਕਰਦੇ। ਮਨ ਪੂਰਨ ਸ਼ਾਂਤ ਰਹਿੰਦਾ, ਕਿਸੇ ਪ੍ਰਕਾਰ ਸਰਾਪ ਆਦਿ ਦਾ ਬਚਨ ਨਾ ਕਰਦੇ, ਕੇਵਲ ਪਿਆਰ ਹੀ ਵੰਡਦੇ।

*ਯਥਾ - ਚੰਦਨ ਜਿਨ ਜੀਅ ਗਰਬ ਕਰ ਹੌਂਹੀ ਸੀਤਲ ਅੰਗ।*
*ਤੋ ਤੇ ਸੀਤਲ ਸੌ ਗੁਨਾ ਸੰਤਨ ਕਾ ਸਤਸੰਗਿ।*

ਆਪਣੀ ਸੇਵਾ ਵਿਚ ਲੱਗੇ ਰਹਿੰਦੇ। ਲੋਹ ਤੇ ਪ੍ਰਸ਼ਾਦੇ ਤਿਆਰ ਕਰਦੇ। ਸਾਰਿਆਂ ਨੂੰ 'ਹਾਂ ਜੀ' ਕਹਿੰਦੇ। ਸਾਰਿਆਂ ਨੂੰ ਹੀ ਜੀ ਆਇਆਂ ਕਹਿੰਦੇ। ਦੁਪਹਿਰ 12 ਵਜੇ ਫੇਰ ਲੰਗਰ 'ਚ ਘੰਟੀ ਵਜਦੀ, ਪ੍ਰਸ਼ਾਦਾ ਅਰਦਾਸ ਕਰਕੇ ਵਰਤਾਉਂਦੇ। ਕਿਤਨੇ ਹੀ ਪ੍ਰਕਾਰ ਦੇ ਭੋਜਨ ਸਬਜ਼ੀਆਂ ਦਾਲਾਂ, ਚੌਲ, ਪ੍ਰਸ਼ਾਦਿ, ਖੀਰ, ਚਾਹ, ਦੁੱਧ, ਲੱਸੀ ਆਦਿ 24 ਘੰਟੇ ਹੀ ਲੰਗਰ ਅਤੁੱਟ ਵਰਤਦਾ। ਸ਼ਾਮ ਨੂੰ ਵੀ ਚਾਹ ਦੀ ਘੰਟੀ ਵੱਜਣੀ, ਚਾਹ ਵਰਤਾਉਣੀ। ਫੇਰ ਸ਼ਾਮ ਦਾ ਪ੍ਰਸ਼ਾਦਾ-ਪਾਣੀ ਤਿਆਰ ਕਰਨਾ। ਸ਼ਾਮੀ ਰਹਿਰਾਸ ਸਾਹਿਬ ਦੇ ਪਾਠ ਉਪਰੰਤ 6 ਵਜੇ ਘੰਟੀ ਵਜਣੀ ਤੇ ਫੇਰ ਲੰਗਰ ਵਰਤਾਉਣਾ ਜਿਸ ਤੋਂ ਬਾਅਦ ਗੁਰਦੁਆਰਾ ਸਾਹਿਬ ਵਿਖੇ ਕੀਰਤਨ ਅਤੇ ਫੇਰ ਕਥਾ ਹੋਣੀ।

ਆਪ ਜੀ ਦਿਨ ਵਿਚ ਇਕ ਵਾਰ ਛੋਟੇ ਸੰਤ ਜੀ ਮਹਾਰਾਜ ਕੋਲ ਜਾਂਦੇ, ਉਨ੍ਹਾਂ ਨੂੰ ਪ੍ਰਸ਼ਾਦਾ ਛਕਾਉਂਦੇ ਅਤੇ ਆਗਿਆ ਲੈ ਆਉਂਦੇ। ਦਿਨ ਵਿਚ ਇਕ ਵਾਰ ਗੁਰਦੁਆਰਾ ਸਾਹਿਬ ਜਾਂਦੇ ਅਤੇ ਇਕ ਦੋ ਦਿਨਾਂ ਬਾਅਦ ਵੱਡੇ ਸੰਤ ਜੀ ਮਹਾਰਾਜ ਕੋਲ ਵੀ ਜਾ ਕੇ ਆਗਿਆ ਲੈ ਆਉਂਦੇ। ਦੋਨਾਂ ਮਹਾਰਾਜ ਜੀਆਂ ਦੀ ਆਗਿਆ ਮੰਨੀ। ਕੁਝ ਸੇਵਾਦਾਰਾਂ ਦੇ ਖਿਆਲ ਜੁਦਾ ਹੁੰਦੇ। ਆਪ ਜੀ ਨੇ ਹਰ ਗੱਲ ਹਜਮ ਕਰ ਲੈਣੀ, ਕੇਵਲ ਚੰਗੀ ਗੱਲ ਹੀ ਦੱਸਣੀ।

ਆਪ ਜੀ ਨੇ ਵੱਡੇ ਸੰਤ ਜੀ ਮਹਾਰਾਜ ਅਤੇ ਛੋਟੇ ਸੰਤ ਜੀ ਮਹਾਰਾਜ - ਦੋਨਾਂ ਦੀ ਹੀ ਸੇਵਾ ਕੀਤੀ, ਆਗਿਆ ਮੰਨੀ। ਅਕਾਲ ਪੁਰਖ ਦੀ ਖੁਸ਼ੀ ਇਤਨੀ ਪ੍ਰਾਪਤ ਹੋਈ ਜੋ ਕਿ ਹੋਰ ਕਿਸੇ ਵੀ ਲੰਗਰ ਦੇ ਸੇਵਾਦਾਰ ਨੂੰ ਨਹੀਂ ਹੋਣੀ। ਆਪ ਜੀ ਰਾਤ ਦੇ 11 ਵਜੇ ਤੱਕ ਲੰਗਰ ਵਰਤਾਉਂਦੇ ਰਹਿੰਦੇ। ਫੇਰ ਪਾਣੀ ਗਰਮ ਹੋਣ ਵਾਸਤੇ ਰੱਖ ਦੇਣਾ ਅਤੇ ਹਰ ਵਕਤ ਉਡੀਕ ਵਿਚ ਰਹਿਣਾ ਕਿ ਕੋਈ ਲੰਗਰ ਛਕਣ ਵਾਸਤੇ ਆਏਗਾ। ਰਾਤ ਨੂੰ ਕਈ ਯਾਤਰੂ ਆ ਜਾਂਦੇ। ਆਪ ਜੀ ਨੂੰ ਸ੍ਰੀ ਗੁਰੂ ਨਾਨਕ ਜੀ ਦਾ ਸਰੂਪ ਸਮਝ ਕੇ ਆਪ ਉਨ੍ਹਾਂ ਦੀ ਸੇਵਾ ਕਰਨੀ, ਲੰਗਰ ਛਕਾਉਣਾ। ਫੇਰ ਭੱਠੀਆਂ ਕੋਲ ਪੀੜੀ ਤੇ ਹੀ ਬੈਠ ਜਾਣਾ ਅਤੇ ਦਰਵਾਜਾ ਰਾਤ ਨੂੰ ਖੁੱਲਾ ਰੱਖਣਾ ਕਿ ਕੋਈ ਲੰਗਰ ਛਕਣ ਆ ਜਾਵੇਗਾ। ਉਥੇ ਹੀ ਸਾਰੀ ਰਾਤ ਸਮਾਧੀ ਸਥਿਤ ਰਹਿਣਾ। ਪੀੜੀ ਤੇ ਹੀ ਬਿੰਦ'ਕ - ਨਾਮ ਮਾਤਰ ਥੋੜ੍ਹੀ ਦੇਰ ਲਈ ਨੀਂਦ ਆ ਜਾਣੀ 2-4 ਮਿੰਟ। ਸਦਾ ਹੀ ਉਸ ਪਿਆਰੇ ਦੇ ਪਿਆਰ ਵਿਚ ਹੀ ਲੀਨ ਰਹਿਣਾ ਅਤੇ ਫੇਰ ਇਕ ਵਜੇ ਉਠ ਕੇ ਇਸ਼ਨਾਨ ਕਰਨਾ। ਸੇਵਾ ਵਿਚ ਆਪ ਜੀ ਇਤਨੇ ਮਗਨ ਸਨ ਕਿ ਇਕ ਵਾਰੀ ਆਪ ਜੀ ਦੇ ਪੈਰ ਵਿਚ ਇਕ ਅਜਿਹੀ ਤਕਲੀਫ ਆਈ ਕਿ ਆਪ ਤੁਰਨ ਤੋਂ ਅਸਮਰਥ ਸਨ ਪਰ ਆਪ ਜੀ ਨੇ ਲਗਾਤਾਰ ਲੰਗਰ ਜੀ ਸੇਵਾ ਜਾਰੀ ਰੱਖੀ। ਅਖੀਰ ਸੰਗਤਾਂ ਨੇ ਆਪ ਜੀ ਦੇ ਚਰਨਾਂ ਦੀ ਸੋਜ ਦਾ ਦੁਖ ਦੇਖ ਕੇ ਛੋਟੇ ਸੰਤ ਜੀ ਮਹਾਰਾਜ ਨੂੰ ਬੇਨਤੀ ਕੀਤੀ ਕਿ ਉਹ ਇਨ੍ਹਾਂ ਨੂੰ ਆਰਾਮ ਕਰਨ ਲਈ ਕਹਿਣ। ਸੰਤ ਜੀ ਮਹਾਰਾਜ ਦਾ ਹੁਕਮ ਮੰਨ ਕੇ ਆਪ ਜੀ ਕੁਝ ਦਿਨ ਆਰਾਮ ਕਰਨ ਤੋਂ ਬਾਅਦ ਦੁਬਾਰਾ ਫਿਰ ਲੰਗਰ ਦੀ ਸੇਵਾ ਵਿਚ ਜੁਟ ਗਏ।

ਆਪ ਜੀ ਨੇ ਜੋ ਆਦਿ ਜੁਗਾਦਿ ਤੋਂ ਚਲੀ ਆ ਰਹੀ ਸਾਧੂਪਣੇ ਦੀ ਮਰਿਆਦਾ ਹੈ - ਉਹ ਨਿਭਾਈ। ਅਣਥੱਕ ਸੇਵਾ ਕੀਤੀ, ਪਿਆਰ ਵੰਡਿਆ। ਆਪ ਜੀ ਸੁਭਾਅ ਦੇ ਬਹੁਤ ਹੀ ਮਿੱਠ-ਬੋਲੜੇ, ਸਭ ਨੂੰ ਹਾਂ ਜੀ ਕਹਿਣਾ, ਕਦੇ ਕਿਸੇ ਨੂੰ ਨਾਹ ਨਹੀਂ ਕਰਨੀ। ਸ਼ਾਂਤੀ ਦੇ ਪੁੰਜ, ਜਿਨ੍ਹਾਂ ਦਾ ਦਰਸ਼ਨ ਕਰਕੇ ਹੀ ਸਭਨੂੰ ਠੰਡ ਪੈ ਜਾਂਦੀ। ਕੋਈ ਵੀ ਸ਼ਰਧਾਲੂ ਕਿਸੇ ਵੀ ਸਮੇਂ ਦਿਨ-ਰਾਤ ਕਦੇ ਵੀ ਉਨ੍ਹਾਂ ਨੂੰ ਜਾ ਕੇ ਮਿਲ ਸਕਦਾ। ਆਪ ਜੀ ਨੇ ਸਭਨਾਂ ਦੇ ਸਿਰ ਤੇ ਹੱਥ ਰੱਖ ਕੇ, ਪਿਆਰ ਨਾਲ ਬਚਨ ਸੁਣਨੇ ਕਰਨੇ ਅਤੇ ਸੰਗਤਾਂ ਨੂੰ ਸ੍ਰੀ ਸੁਖਮਨੀ ਸਾਹਿਬ ਦੇ ਪਾਠ, ਅਤੇ ਲੰਗਰ ਦੀ ਸੇਵਾ ਦਸਣੀ। ਜਿਸ ਨਾਲ ਸਾਰੀਆਂ ਹੀ ਆਸਾਂ ਪੂਰੀਆਂ ਹੋ ਜਾਣੀਆਂ, ਤਰੱਕੀਆਂ ਮਿਲਣੀਆਂ, ਪੁੱਤਰਾਂ ਦੀਆਂ ਦਾਤਾਂ ਮਿਲਣੀਆਂ, ਦੁਖ ਰੋਗ ਦੂਰ ਹੋ ਜਾਣੇ। ਆਪ ਜੀ ਨ ਸੰਗਤਾਂਦੇ ਫੁਰਨੇ ਪੂਰੇ ਕਰਨ ਲਈ ਜਦੋਂ ਪ੍ਰੇਮੀਆਂ ਦੇ ਘਰ ਜਾਣਾ ਤਾਂ ਪਹਿਲੀ ਧਾਰਨਾ ਇਹ ਹੀ ਪੜ੍ਹਿਆ ਕਰਦੇ -

***ਧਾਰਨਾ - ਲਾਲ ਰੰਗ ਲਗਿਆ,***
***ਜੀ ਤੇਰੇ ਨਾਮ ਦਾ।***
***ਧਾਰਨਾ - ਮਹਿਮਾ ਹਰਿ ਨਾਮ ਦੀ,***
***ਸੰਤਾਂ ਦੇ ਹਿਰਦੇ ਵਸਦੀ।***

ਆਪ ਜੀ ਨੇ ਸਦਾ ਹੀ ਸਾਰੀਆਂ ਸੰਗਤਾਂ ਨੂੰ ਪ੍ਰਭੂ ਦੇ ਨਾਮ ਨਾਲ ਅਤੇ ਸੇਵਾ ਨਾਲ ਹੀ ਜੋੜਨਾ।

(ਬਾਕੀ ਪੰਨਾ 37 ਤੇ)

# ਰਤਵਾੜਾ ਸਾਹਿਬ ਵਿਖੇ ਹੋਏ ਮਹਾਨ ਸੰਤ ਸੰਮੇਲਨ ਸਮੇਂ ਦੇ ਪ੍ਰਵਚਨ

ਮਿਤੀ 22 ਜਨਵਰੀ 9 ਮਾਘ ਨੂੰ ਸੰਤ ਬਾਬਾ ਬਲਵੰਤ ਸਿੰਘ ਜੀ ਰਾੜਾ ਸਾਹਿਬ ਵਾਲੇ ਆਪਣੇ ਪੰਜ ਭੂਤਕ ਸਰੀਰਕ ਚੋਲੇ ਦਾ ਪ੍ਰੀਤਿਆਗ ਕਰ ਗਏ ਹਨ ਉਨ੍ਹਾਂ ਦੀ ਸਿਮ੍ਰਤੀ ਅੰਦਰ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਮਹਾਨ ਸ਼ਰਧਾਂਜਲੀ ਸਮਾਗਮ ਵਿਚ ਹਜਾਰਾਂ ਹੀ ਸੰਗਤਾਂ ਨੇ ਸ਼ਰਧਾ ਦੇ ਫੁੱਲ ਭੇਂਟ ਕੀਤੇ ਇਸ ਮਹਾਨ ਸੰਤ ਸੰਮੇਲਨ ਸਮੇਂ ਅਨੇਕਾਂ ਹੀ ਮਹਾਂਪੁਰਸ਼ਾਂ ਨੇ ਆਪਣੇ ਰੁਝੇਵਿਆਂ ਵਿਚੋਂ ਸਮਾਂ ਕੱਢ ਕੇ ਸੰਗਤਾਂ ਨੂੰ ਆਪਣੇ ਦਰਸ਼ਨਾਂ ਪ੍ਰਵਚਨਾਂ ਦੁਆਰਾ ਨਿਹਾਲ ਕੀਤਾ ਅਤੇ ਇਸੇ ਦਿਨ ਹੀ ਗੁਰਦੁਆਰਾ ਰਤਵਾੜਾ ਸਾਹਿਬ ਦੀ ਪਾਵਨ ਭੂਮੀ ਉਪਰ ਪਰਮ ਪੂਜਯ ਸਤਿਕਾਰਯੋਗ ਬੀਜੀ ਦੀ ਆਗਿਆ ਅਨੁਸਾਰ ਸਰੋਵਰ ਦੀ ਕਾਰਸੇਵਾ ਸ਼ੁਰੂ ਕੀਤੀ ਗਈ ਹੈ। ਇਸ ਸਰੋਵਰ ਦਾ ਮਹੂਰਤ ਪੰਜਾ ਪਿਆਂਰਿਆਂ ਰਾਹੀਂ ਟੱਕ ਲਾ ਕੇ ਕੀਤਾ ਗਿਆ ਹੈ। 8 ਮਾਰਚ 2006 ਦੇ ਮਹਾਨ ਸੰਤ ਸੰਮੇਲਨ ਵਿਚ ਸੰਤ ਭੁਪਿੰਦਰ ਸਿੰਘ ਜੀ ਜਰਗ, ਸੰਤ ਸੁਰਿੰਦਰ ਸਿੰਘ ਗੁਰਦੁਆਰਾ ਧੰਨਾ ਭਗਤ, ਸੰਤ ਭੁਪਿੰਦਰ ਸਿੰਘ ਸੰਗਤਪੁਰਾ, ਸੰਤ ਹਰਨੇਕ ਸਿੰਘ ਲੰਗਰਾਂ ਵਾਲੇ, ਸੰਤ ਅਵਤਾਰ ਸਿੰਘ ਧੂਲਕੋਟ, ਸੰਤ ਗਿਆਨੀ ਗੁਰਚਰਨ ਸਿੰਘ ਮਰਦਾਪੁਰ, ਸੰਤ ਸੁਰਜਣ ਸਿੰਘ, ਸੰਤ ਕਲਵੰਤ ਸਿੰਘ , ਸੰਤ ਅਮਰ ਸਿੰਘ, ਸੰਤ ਧਰਮਪਾਲ ਸਿੰਘ, ਸੰਤ ਹਰਵਿੰਦਰ ਸਿੰਘ ਰਾੜਾ ਸਾਹਿਬ, ਸੰਤ ਪਰਮਿੰਦਰ ਸਿੰਘ ਸੰਧੂਆਂ, ਸੰਤ ਕੁਲਦੀਪ ਸਿੰਘ ਮਝਾਰੀ, ਸੰਤ ਗੁਰਦੇਵ ਸਿੰਘ ਕੱਲਰ ਮਾਣਕੁਪੁਰ, ਸਵਾਮੀ ਸਰੂਪਾ ਨੰਦ ਅੰਮ੍ਰਿਤਸਰ, ਸਵਾਮੀ ਪ੍ਰੀਤਮ ਹਰੀ ਅੰਮ੍ਰਿਤਸਰ, ਸੰਤ ਜੀਵਨ ਸਿੰਘ ਮਸੀਤਾਂ, ਸੰਤ ਭਗਵੰਤ ਸਿੰਘ ਭਿਖੀ, ਸੰਤ ਨਛੱਤਰ ਸਿੰਘ ਝਾਂਮਪੁਰ, ਸੰਤ ਮਨਜੀਤ ਸਿੰਘ ਛੰਨਾ, ਵੈਦ ਗਿਆਨੀ ਕੇਵਲ ਸਿੰਘ, ਸੰਤ ਗੁਰਪ੍ਰੀਤ ਸਿੰਘ ਨਥਲਪੁਰ, ਸੰਤ ਗੁਰਦੇਵ ਸਿੰਘ ਬਨੂੰੜ, ਸੰਤ ਹਰਜਿੰਦਰ ਸਿੰਘ ਦਭਲਾਨ, ਬਾਬਾ ਜੈ ਸਿੰਘ ਹਰਪਾਲਪੁਰ, ਸੰਤ ਸੋਹਣ ਸਿੰਘ ਸੂੰਕ, ਸੰਤ ਗੁਰਪਾਲ ਸਿੰਘ ਯੂ.ਪੀ., ਸੰਤ ਕਰਮ ਸਿੰਘ ਜੀ ਅਤੇ ਹੋਰ ਬਹੁਤ ਸਾਰੇ ਨਿਰਮਲੇ, ਉਦਾਸੀਨ ਸੰਪ੍ਰਦਾਇ ਦੇ ਮਹਾਂਪੁਰਸ਼ਾਂ ਨੇ ਸੰਗਤਾਂ ਨੂੰ ਦਰਸ਼ਨ ਦੀਦਾਰ ਅਤੇ ਆਪਣੇ ਕੀਰਤਨ ਪ੍ਰਵਚਨਾਂ ਦੁਆਰਾ ਨਿਹਾਲ ਕੀਤਾ। ਸੰਤ ਬਾਬਾ ਪ੍ਰਦੀਪ ਸਿੰਘ ਗਊਸ਼ਾਲਾ ਬਧਨੀ ਕਲਾਂ ਵਾਲੇ ਜੋ ਸਮੇਂ ਸਮੇਂ ਦੀਨ ਦੁਖੀਆਂ ਦਰਦਵੰਦਾਂ ਦੀ ਸੇਵਾ ਵਿਚ ਸਦਾ ਹੀ ਤੱਤਭਰ ਰਹਿੰਦੇ ਹਨ, ਉਨ੍ਹਾਂ ਨੇ ਵੀ ਆਪਣੇ ਰੁਝੇਵਿਆਂ ਵਿਚੋਂ ਸਮਾਂ ਕੱਢ ਕੇ ਦਰਸ਼ਨ ਦੇਣ ਦੀ ਕ੍ਰਿਪਾਲਤਾ ਕੀਤੀ। ਜਿਨ੍ਹਾਂ ਵਿਚੋਂ ਅਸੀਂ ਕੁਝ ਹੀ ਮਹਾਂਪੁਰਸ਼ਾਂ ਦੇ ਪ੍ਰਵਚਨ ਆਤਮ ਮਾਰਗ ਵਿਚ ਅੰਸ਼ ਮਾਤਰ ਛਾਪਣ ਦੀ ਕੋਸ਼ਿਸ਼ ਕਰ ਰਹੇ ਹਾਂ।

*ਅਦਾਰਾ ਆਤਮ ਮਾਰਗ*

## ਸੰਤ ਬਾਬਾ ਹਰਨੇਕ ਸਿੰਘ ਜੀ ਰਾੜਾ ਸਾਹਿਬ



ਸੰਤ ਬਾਬਾ ਹਰਨੇਕ ਸਿੰਘ ਜੀ ਰਾੜਾ ਸਾਹਿਬ

ਸਾਰੀਆਂ ਸੰਪਰਦਾਵਾਂ ਦੇ ਵਿਚ ਸੰਨਿਆਸੀ ਸੰਪਰਦਾਵਾਂ, ਸ੍ਰੀ ਰਾਮ ਚੰਦਰ ਤੋਂ ਬੇਅੰਤ ਸੰਪਰਦਾਵਾਂ ਚੱਲੀਆਂ, ਕ੍ਰਿਸ਼ਨ ਭਗਵਾਨ ਤੋਂ ਚੱਲੀਆਂ, ਸਤਿਜੁਗ 'ਚ ਨਾਰਾਇਣ ਅਵਤਾਰ ਤੋਂ ਸੰਪਰਦਾਵਾਂ ਚੱਲੀਆਂ ਜਿਨ੍ਹਾਂ ਨੇ ਕਮਾਈ ਕਰੀ, ਆਗਿਆ ਮੰਨੀ ਵਾਹਿਗੁਰੂ ਅਕਾਲ ਪੁਰਖ ਦੀ, ਉਸ ਦੇ ਨਾਮ ਅਨੇਕ ਹਨ ਪਰ ਹੈ ਉਹ ਇਕੋ ਹੀ। ਜਿਨ੍ਹਾਂ ਨੇ ਸੇਵਾਵਾਂ ਕਰੀਆਂ ਜਿਵੇਂ ਨਾਰਾਇਣ ਭਗਵਾਨ ਜੀ ਮਹਾਰਾਜ, ਬਾਵਨ ਅਵਤਾਰ, ਤ੍ਰੇਤੇ ਰਾਮ ਅਵਤਾਰ, ਸੱਤ ਰਿਸ਼ੀ, ਮਹਾਂਕਾਲ ਜੋ ਸੰਤ ਸੀ, ਜੈਨ ਨਗਰੀ, ਧਰਮ ਨਗਰੀ ਜਿਥੇ ਬੀਰ ਬਿਕਰਮਾ ਜੀ ਮਹਾਰਾਜ, ਕਲਜੁਗ 'ਚ ਸਤਿਜੁਗ ਵਰਤਾਇਆ, ਅੱਜ ਵੀ ਉਹ ਜਗ੍ਹਾ ਹੈ ਉਥੇ। ਦੁਨਿਆਵੀ ਬੰਦੇ ਨੂੰ ਉਥੇ ਰਹਿਣ ਦੀ ਆਗਿਆ ਨਹੀਂ ਹੈ। ਆਦਿ ਜੁਗਾਂ ਤੋਂ ਇਸ ਜੁਗ ਦੇ ਦੱਸੋ ਗੁਰੂ ਸਾਹਿਬਾਨ ਇਹ ਉਹ ਮਹਾਂਪੁਰਸ਼ ਨੇ ਜਿਨ੍ਹਾਂ ਨੇ ਬਹੁਤ ਸਾਰੀ ਵਿਦਿਆ ਪ੍ਰਾਪਤ ਕੀਤੀ ਹੈ ਮਹਾਂਪੁਰਸ਼ਾਂ ਦੇ ਪਾਸੋਂ। ਸੰਤ ਕਰਮ ਸਿੰਘ ਜੀ ਮਹਾਰਾਜ, ਉਦਾਸੀ ਸੰਪਰਦਾ ਦੇ, ਬਾਬਾ ਸ੍ਰੀ ਚੰਦ ਜੀ ਦੀ ਸੰਪਰਦਾ ਦੇ ਸੰਨਿਆਸੀ ਸੰਪਰਦਾ ਦੇ ਵਿਚ ਮੰਨੇ ਪ੍ਰਮੰਨੇ, ਇਨ੍ਹਾਂ ਨੂੰ ਕੌਣ ਨਹੀਂ ਜਾਣਦਾ ਹੈ। ਅੱਜ ਸਾਰੀਆਂ ਸੰਪਰਦਾਵਾਂ, ਸੰਸਥਾਵਾਂ ਵਲੋਂ ਇਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ



ਹਰਿਦੁਆਰ ਤੋਂ ਪਹੁੰਚੀ ਸੰਤ ਮੰਡਲੀ

ਸਾਹਿਬ ਮਹਾਰਾਜ ਦੇ ਬਾਰੇ ਜੋ ਹਿਰਦੇ ਦਾ ਵਲਵਲਾ, ਆਪਣਾ ਦੁਖ ਜ਼ਾਹਰ ਕੀਤਾ ਹੈ। ਸਾਨੂੰ ਖਾਲਸਾ ਪੰਥ ਨੂੰ ਵੀ ਇਹ ਸਾਰੀਆਂ ਸੰਪਰਦਾਵਾਂ ਵਲੋਂ ਅੱਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਗਿਆ 'ਚ ਰਹਿਣਾ ਚਾਹੀਦਾ ਹੈ, ਅੱਜ ਕਈ ਅਨੇਕਾਂ ਹੀ ਮਹਾਂਪੁਰਸ਼ ਹੋਏ ਨੇ, ਸਾਡੀ ਰਾੜਾ ਸਾਹਿਬ ਦੀ ਸੰਪਰਦਾ, ਭਾਈ ਦਇਆ ਸਿੰਘ ਜੀ ਦੀ ਸੰਪਰਦਾ, ਹੋਤੀ ਮਰਦਾਨ ਬਾਬਾ ਕਰਮ ਸਿੰਘ ਜੀ ਮਹਾਰਾਜ ਦੀ ਸੰਪਰਦਾ, ਜੋ ਬਾਬਾ ਜੀ ਨੇ ਪ੍ਰਵਚਨ ਕੀਤੇ ਨੇ ਅਸੀਂ ਅਤੀ ਰਿਣੀ ਹਾਂ ਇਨ੍ਹਾਂ ਦੇ। ਗੁਰੂ ਗ੍ਰੰਥ ਸਾਹਿਬ ਦਾ ਜੋ ਅੱਖਰ-ਅੱਖਰ ਪ੍ਰਕਾਸ਼ ਕੀਤਾ, ਗੁਰੂ ਗ੍ਰੰਥ ਸਾਹਿਬ ਦੇ ਵਿਚ। ਸੋਧ-ਸੋਧ ਕੇ ਦਰਜ ਕੀਤੀ ਭਾਈ ਗੁਰਦਾਸ ਜੀ ਨੇ। ਸਾਡੀ ਸਾਰੀ ਸੰਪਰਦਾ, ਮਹਾਂਪੁਰਸ਼ ਨੇ ਜੋ ਪ੍ਰਵਚਨ ਕੀਤੇ ਨੇ, ਸਾਡੇ ਅੰਦਰ ਇਕ ਜਾਗਰਤਾ ਲਿਆਂਦੀ ਹੈ ਇਨ੍ਹਾਂ ਨੇ। ਸਾਡੇ ਇਕ ਬਾਣ ਮਾਰਿਆ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਜੋ ਗੁਰਬਾਣੀ ਹੈ। ਕਿਸੇ ਸਮੇਂ ਸਵਾਲ ਉਠਾਇਆ ਸੀ ਕਿ ਕਈ ਜਗ੍ਹਾ ਸੰਤ ਸਮਾਗਮ ਹੋਏ, ਰਾੜਾ ਸਾਹਿਬ ਸੰਤ ਸਮਾਗਮ ਹੋਇਆ। ਸੰਤ ਬਾਬਾ ਜੀ ਨੂੰ ਅਗਵਾਈ ਜਥੇਦਾਰੀ ਮੰਨਿਆ ਗਿਆ। ਫਤਹਿ ਸਿੰਘ ਨੂੰ ਕਿਹਾ ਸੰਤ ਬਾਬਾ ਜੀ ਨੇ ਜੋ ਗੁਰੂ ਕਰ ਗਏ ਸੀ ਉਹ ਸਾਨੂੰ ਮਨਜ਼ੂਰ ਹੈ। ਅਸੀਂ ਤੁਹਾਡੇ ਨਾਲ ਸਹਿਮਤ ਨਹੀਂ ਹੋਵਾਂਗੇ। ਜੋ ਮਹਾਰਾਜ ਕਰ ਗਏ ਨੇ ਅਸੀਂ ਉਸ ਤੇ ਫੁੱਲ ਚੜ੍ਹਾਵਾਂਗੇ, ਚਾਹੇ ਕੁਛ ਵੀ। ਹੁਣ ਵੀ ਸਾਡੀ ਸੰਪਰਦਾ ਇਸੇ ਗੱਲ ਤੇ ਸਹਿਮਤ ਹੈ। ਭਾਈ ਬਲਜਿੰਦਰ ਸਿੰਘ ਨੇ ਕੰਪਿਊਟਰ ਦੇ ਵਿਚ ਇਹ ਖਜ਼ਾਨਾ ਸੰਭਾਲ ਦਿਤਾ ਹੈ, ਭਾਈ ਕਾਨ੍ਹ ਸਿੰਘ ਜੀ ਨੇ ਮਹਾਨ ਕੋਸ਼ ਗ੍ਰੰਥ ਤਿਆਰ ਕੀਤਾ ਇਸੇ ਤਰ੍ਹਾਂ ਸਾਡੀ ਸਾਰੀ ਸੰਪਰਦਾ ਅੱਜ ਬਾਬਾ ਕਰਮ ਸਿੰਘ ਜੀ ਨੇ ਜੋ ਉਦਾਸੀਨ ਸੰਪਰਦਾ, ਸਾਰੀਆਂ ਸੰਪਰਦਾ ਨੇ ਇਨ੍ਹਾਂ ਨੂੰ ਸ੍ਰੋਮਣੀ ਮੰਨਿਆ ਹੈ। ਅਸੀਂ ਇਨ੍ਹਾਂ ਦੇ ਰਿਣੀ ਹਾਂ, ਜਿਨ੍ਹਾਂ ਨੇ ਸਾਡੇ ਜਾਗਰਤਾ ਦਾ ਇਕ ਬਾਣ ਮਾਰਿਆ ਹੈ। ਸੰਤ ਬਾਬਾ ਕਰਮ ਸਿੰਘ ਜੀ ਨੇ ਜੋ ਸਾਨੂੰ ਰਾੜਾ ਸਾਹਿਬ ਦੀ ਸੰਪਰਦਾ ਨੂੰ, ਹੋਰ ਸੇਵਾਦਾਰਾਂ ਨੂੰ ਗੁਰਸਿੱਖ ਖਾਲਸਾ ਪੰਥ ਨੂੰ ਜਾਗਰਤਾ ਕਰਾਈ ਹੈ, ਇਹ ਸਾਰੀਆਂ ਸੰਪਰਦਾਵਾਂ ਜੋ ਹਜ਼ਾਰਾਂ ਜੁਗਾਂ ਤੋਂ ਚਲਦੀਆਂ ਆਉਂਦੀਆਂ ਨੇ, ਉਨ੍ਹਾਂ ਨੇ ਆਪਣਾ ਇਕ ਆਸ਼ਾ ਪ੍ਰਗਟ ਕੀਤਾ ਹੈ, ਸਾਨੂੰ ਜਗਾਇਆ। ਮਹਾਂਪੁਰਸ਼ ਸਾਰੀਆਂ ਸੰਪਰਦਾਵਾਂ ਵਿਚ ਮੰਨੇ ਪ੍ਰਮੰਨੇ, ਸਾਰੇ ਕੁੰਭਾਂ ਦੇ, 108 ਤੀਰਥ ਦੇ, ਸੰਤ ਬਾਬਾ ਭੂਰੀ ਵਾਲਿਆਂ ਨਾਲ ਇਨ੍ਹਾਂ ਨੇ ਬਹੁਤ ਨਜਦੀਕੀ ਰਹਿ ਕੇ ਤਿਆਗ ਵੈਰਾਗ ਵੀ ਦਿਖਾ ਦਿਤਾ ਹੈ।

ਸਤਿ ਸੰਤੋਖ ਦਇਆ, ਧਰਮ, ਤਿਆਗ, ਸੱਚ ਬੋਲਣਾ। ਇਤਨੀ ਕੁ ਅਰਜ਼ ਕਰਦਾ ਹੋਇਆ, ਜੋ ਗੁਰੂ ਗ੍ਰੰਥ ਸਾਹਿਬ ਮਹਾਰਾਜ ਦਾ ਆਸਰਾ ਲੈਂਦੇ ਹੋਏ, ਆਹ ਪਵਿੱਤਰ ਜਗ੍ਹਾਂ, ਜੋ ਮਹਾਂਪੁਰਸ਼ਾਂ ਨੇ ਸੇਵਾ ਬਖਸ਼ੀ, ਸੰਤ ਬਾਬਾ ਵਰਿਆਮ ਸਿੰਘ ਜੀ ਨੂੰ। ਦੱਸਾਂ ਗੁਰੂ ਸਾਹਿਬਾਨਾਂ ਨੇ ਸੇਵਾ ਨਿਭਾਈਆਂ, ਪੰਜਾਂ ਪਿਆਰਿਆਂ ਨੇ ਨਿਭਾਈਆਂ, ਅਨੇਕ ਪ੍ਰਕਾਰ ਦੀਆਂ ਸੇਵਾਵਾਂ ਨੇ, ਉਹ ਖਾਲਸਾ ਪੰਥ ਨਿਭਾ ਰਿਹਾ ਹੈ। ਸਤਿਗੁਰੂ ਸਾਡੇ ਤੇ ਕ੍ਰਿਪਾ ਕਰੇ, ਇਹ ਪਾਵਨ ਪਵਿੱਤਰ ਅਸਥਾਨ, ਗੁਰੂ ਨਾਨਕ ਦੇ ਹੁਕਮ ਅਨੁਸਾਰ, ਇਥੇ ਦੀ ਜਿਹੜੀ ਧੂੜੀ ਹੈ, ਮਾਂ ਪਿਉ ਦਾ ਦੇਣ ਨਹੀਂ ਦਿਤਾ ਜਾਂਦਾ, ਵਿਦਿਆ ਗੁਰੂ ਦਾ ਦੇਣ ਨਹੀਂ ਦਿਤਾ ਜਾਂਦਾ। ਜਿਹੜੇ ਮਹਾਂਪੁਰਸ਼ਾਂ ਨੇ ਸਾਨੂੰ ਅਕਾਲ ਪੁਰਖ ਦੇ





ਸਮਾਗਮ ਸਮੇਂ ਸੰਗਤਾਂ ਦਾ ਵਿਸ਼ਾਲ ਇਕੱਠ

ਲੜ ਲਾਇਆ ਹੈ, ਅੰਮ੍ਰਿਤ ਦੀ ਦਾਤ ਬਖਸ਼ਾਈ ਹੈ, ਟੁੱਟੀਆਂ ਗੰਢੀਆਂ ਨੇ ਵਿਛੜੇ ਮੇਲੇ ਨੇ, ਉਹ ਸੰਤ ਬਾਬਾ ਵਰਿਆਮ ਸਿੰਘ ਜੀ ਦਾ ਦੇਣ ਨਹੀਂ ਦੇ ਸਕਦੇ। ਇਵੇਂ ਜਿਵੇਂ ਆਹ ਜੋ ਧਰਤੀ ਹੈ ਇਹ ਪਵਿੱਤਰ ਹੈ, ਇਥੇ ਦਾ ਦੇਣ ਨਹੀਂ ਦੇ ਸਕਦੇ। ਕਿਉਂਕਿ ਇਹ ਉਨ੍ਹਾਂ ਨੇ ਅਕਾਲ ਪੁਰਖ ਦੇ ਹੁਕਮ ਅਨੁਸਾਰ, ਸਾਨੂੰ ਇਕ ਪੜਾਅ, ਤਪੋਬਣ, ਤਪ ਕਰਕੇ ਅਸਥਾਨ ਬਣਾਇਆ ਹੈ। ਭਾਵੇਂ ਅਸੀਂ ਸਤਿਗੁਰੂ ਦੀ ਕ੍ਰਿਪਾ ਦੁਆਰਾ, ਅਨੇਕਾਂ ਹੀ ਅਸਥਾਨ, ਅਨੇਕਾਂ ਹੀ ਬੁਰਿਆਈਆਂ ਪ੍ਰਾਪਤ ਕਰ ਲਈਏ ਪਰ ਜੋ ਉਨ੍ਹਾਂ ਨੇ ਅਕਾਲ ਪੁਰਖ ਨਾਲ ਜੋੜੇ ਨੇ, ਅੰਮ੍ਰਿਤ ਦੀ ਦਾਤ ਬਖਸ਼ਾਈ ਹੈ, ਉਨ੍ਹਾਂ ਵਾਸਤੇ ਪਹਿਲਾਂ ਪੰਜ ਤਖਤ ਨੇ, ਤੀਰਥ ਧਾਮ ਨੇ, ਉਸ ਤੋਂ ਹਟ ਕੇ ਰਾੜਾ ਸਾਹਿਬ ਹੈ, ਉਸ ਤੋਂ ਹਟ ਕੇ ਇਹ ਅਸਥਾਨ ਪਵਿੱਤਰ ਹੈ, ਭਾਈ ਇਸ ਜਗ੍ਹਾ ਨੂੰ, ਸਾਡਾ ਅੱਖਾਂ 'ਚੋਂ ਹੰਝੂ ਆਉਂਦੇ ਨੇ, ਜਿਨ੍ਹਾਂ ਨੇ ਲੰਗਰ ਦੀ ਸੇਵਾ ਚਾਰੇ ਕੁੰਟਾਂ 'ਚ, ਜਾਗਰਤਾ, ਉਚੇ ਝੰਡੇ ਝੁਲਾਏ ਨੇ। ਬਾਬਾ ਨਿਧਾਨ ਸਿੰਘ ਜੀ ਨੂੰ ਸੁਣਦੇ ਸੀ, ਬਾਬਾ ਜੀ ਭਾਈ ਨੰਦ ਲਾਲ ਜੀ ਦੀ ਸੇਵਾ ਲੰਗਰ, ਹੋਰ ਅਨੇਕ ਪ੍ਰਕਾਰ ਦੀਆਂ ਸੇਵਾਵਾਂ, ਭਾਣਾ ਮੰਨਣ ਦੀ ਸੇਵਾ, ਆਪ -

ਮਨ ਨੀਵਾਂ ਮਤਿ ਉਚੀ।

ਬਾਬਾ ਸ੍ਰੀ ਮਾਨ ਜੀ ਦੀ ਯਾਦ ਵਿਚ, ਗੁਰੂ ਪਿਆਰੇ ਜਥੇ ਬਾਬਾ ਸੰਤ ਵਰਿਆਮ ਸਿੰਘ ਜੀ ਦੀ ਸੰਪਰਦਾ, ਮਿੱਠੀ ਯਾਦ, ਨਿੱਘੀ ਮਨਾ ਰਹੀ ਹੈ। ਅਸੀਂ ਅਤੀ ਰਿਣੀ ਹਾਂ ਕਿਉਂ ਅੱਜ ਰਾੜਾ ਸਾਹਿਬ ਨੂੰ ਘਾਟਾ ਪਿਆ ਜਦੋਂ ਮਹਾਂਪੁਰਸ਼ ਗਏ, ਉਸ ਇਲਾਕੇ ਨੂੰ। ਛੋਟੇ ਮਹਾਂਪੁਰਸ਼ ਗਏ ਘਾਟਾ ਪਿਆ, ਉਹ ਘਾਟਾ ਸੰਗਤ ਨੇ ਪੂਰਾ ਕੀਤਾ। ਸਮਾਂ ਆਇਆ ਸੰਤ ਮਹਿੰਦਰ ਸਿੰਘ ਜੀ ਨੇ ਸਰੀਰ ਛੱਡਿਆ ਉਹ ਘਾਟਾ ਪਿਆ, ਫੇਰ ਘਾਟਾ ਪਿਆ, ਬਾਬੂ ਜੀ ਰਲਾ ਸਿੰਘ ਜੀ, ਇਹ ਨਾਲ ਹੀ ਆਏ ਸੀ, ਸਾਰੇ ਸਿੱਧ ਪੁਰਸ਼ ਸੀ। ਗੁਰੂ ਪਿਆਰੇ ਸੀ। ਫੇਰ ਭਗਤ ਜੀ ਹੁੰਦੇ, ਸ਼ੇਰ ਸਿੰਘ ਜੀ ਹੁੰਦੇ ਸੀ, ਉਜਾਗਰ ਸਿੰਘ ਗਿਆਨੀ ਜੀ ਹੁੰਦੇ ਸੀ, ਘਾਟੇ ਬਹੁਤ ਪਏ। ਇਵੇਂ ਜਿਵੇਂ ਅਸੀਂ ਸ੍ਰੀ ਮਾਨ ਜੀ ਮਹਾਰਾਜ ਦੇ ਪਿਆਰੇ, ਉਨ੍ਹਾਂ ਦਾ ਜੋ ਘਾਟਾ ਹੈ ਸਾਰੀਆਂ ਸੰਪਰਦਾਵਾਂ ਨੂੰ, ਸੰਤ ਬਾਬਾ ਤੇਜਾ ਸਿੰਘ ਜੀ ਜੋ ਭੋਰੇ ਵਿਚ 40 ਸਾਲ ਤੋਂ ਸੇਵਾਵਾਂ ਨਿਭਾਉਂਦੇ ਨੇ। ਉਨ੍ਹਾਂ ਦੇ ਨਾਲ ਜੁੜ ਕੇ ਗੁਰੂ ਮਰਿਆਦਾ ਅਨੁਸਾਰ ਸਹਿਮਤ ਹੋ ਕੇ, ਕਿਉਂਕਿ ਉਹ ਅੰਦਰ ਬੈਠੇ ਸੀ, ਬਾਬਾ ਜੀ ਬਾਹਰ ਬੋਝ ਚੁੱਕੀਂ ਬੈਠੇ ਸੀ। ਹੁਣ ਗੁਰੂ ਗ੍ਰੰਥ ਸਾਹਿਬ ਨੇ ਤੇ ਗੁਰੂ ਕੀ ਸੰਗਤ ਨੇ ਸਾਰਿਆਂ ਨੇ ਸਾਥ ਦੇਣਾ ਹੈ। ਉਥੇ ਵੀ ਸੇਵਾ ਚਲਦੀ ਹੈ, ਚੜ੍ਹਦੀ ਕਲਾ ਹੈ, ਅਕਾਲ ਪੁਰਖ ਦੀ ਕ੍ਰਿਪਾ ਹੈ। ਸਾਡੇ ਸਾਰੇ ਹੀ ਅਸਥਾਨ ਸ਼ੋਭਨੀਕ ਨੇ। ਕਿਉਂਕਿ ਉਥੋਂ ਹੀ ਸਾਰੇ ਅਸਥਾਨਾਂ ਦਾ ਭੰਡਾਰਾ ਲੈ ਕੇ ਸੰਤ ਮਹਾਰਾਜ ਸੰਤ ਈਸ਼ਰ ਸਿੰਘ ਜੀ, ਸੰਤ ਮਹਾਰਾਜ ਸੰਤ ਕਿਸ਼ਨ ਸਿੰਘ ਜੀ ਆਏ, ਜਿਹੜਾ ਅੱਜ ਵੀ ਤਪੋਬਨ ਬਣਿਆ ਹੋਇਆ ਹੈ। ਇਕ ਵਜੇ ਉਠ ਕੇ ਤਿੰਨ-ਚਾਰ ਸੌ ਬੰਦਾ ਇਸ਼ਨਾਨ ਕਰਦਾ ਹੈ, ਸਿਮਰਨ ਕਰਦਾ ਹੈ, ਇਕ ਵਜੇ ਦਾ ਉਠਣਾ ਹੀ ਇਤਨਾ ਪੁੰਨ ਹੈ ਜੈਸੇ ਸਵਾ ਮਣ ਸੋਨਾ ਦਾਨ ਕਰ ਦਿਤਾ। ਕਿਤਨੇ ਕਸ਼ਟ ਝਲਦੇ ਹੋਏ ਬਾਬਾ ਜੀ ਨੇ ਲੰਗਰ ਦੀ ਸੇਵਾ ਨਹੀਂ ਛੱਡੀ। ਆਪਾਂ ਵੀ ਉਨ੍ਹਾਂ ਦੇ ਚਲਾਏ ਪੂਰਨਿਆਂ ਤੇ, ਲਾਈਆਂ ਹੋਈਆਂ ਸੇਵਾਵਾਂ 'ਚ ਕਿਣਕਾ ਮਾਤਰ ਹਾਜ਼ਰੀਆਂ ਭਰਨੀਆਂ ਨੇ। ਇਹ ਬੇਨਤੀਆਂ ਕਰਦੇ ਹੋਏ, ਸਾਰੇ ਜਥੇਬੰਦੀਆਂ ਤੋਂ ਖਿਮਾ ਮੰਗਦੇ ਹਾਂ।

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।

## ਸੰਤ ਕੁਲਦੀਪ ਸਿੰਘ ਜੀ, ਮਝਾਰੀ ਵਾਲੇ

ਸਤਿਨਾਮ ਸ੍ਰੀ ਵਾਹਿਗੁਰੂ।

ਸ੍ਰੀ ਗੁਰੂ ਸਬਦਿ ਕਮਾਇ ਕੈ
ਜੀਤੇ ਪੰਚ ਬਿਕਾਰ॥
ਤਿਨ ਸੰਤਨ ਕਉ ਬੰਦਨਾ,
ਸਿਰ ਚਰਨਨ ਕਰਤਾਰ।

ਤੇਰੇ ਜਨ ਪਰਉਪਕਾਰੀ ਆਏ ਜੀਅ ਦਾਨ ਦੇਇ ਭਗਤੀ

ਧਾਰਨਾ - ਪਰਉਪਕਾਰੀ ਸੰਤਾਂ ਨੂੰ, ਮੇਰੀ ਨਮਸ਼ਕਾਰ ਲੱਖ ਵਾਰੀ।

ਪਰਮ ਸਤਿਕਾਰਯੋਗ, ਸਤਿਗੁਰਾਂ ਦੀ ਸਾਜੀ ਨਿਵਾਜੀ ਗੁਰੂ ਰੂਪ ਸਾਧਸੰਗਤ ਜੀਓ, ਆਓ ਹੋਰ ਤੱਤ ਬੇਤੇ ਪੂਰਨ ਮਹਾਂਪੁਰਖ ਜਿਨ੍ਹਾਂ ਦੇ ਪਰਥਾਇ ਗੁਰਬਾਣੀ ਕਹਿੰਦੀ ਹੈ।

***ਹਰਿ ਹਰਿ ਜਨ ਦੁਈ ਏਕ ਹੈ ਬਿਬ ਬਿਚਾਰ ਕਛੁ ਨਾਹਿ॥***



ਸੰਤ ਕੁਲਦੀਪ ਸਿੰਘ ਮਜਾਰੀ ਵਾਲੇ



ਸੰਤ ਬਾਬਾ ਗੁਰਦੇਵ ਸਿੰਘ ਬਨੂੰੜ

***ਜਲ ਤੇ ਉਪਜ ਤਰੰਗ ਜਿਉ ਜਲ ਹੀ ਬਿਖੈ ਸਮਾਹਿ॥***
***ਦਸਮ ਗ੍ਰੰਥ***

ਐਸੇ ਮਹਾਂਪੁਰਸ਼ ਸ੍ਰੀ ਮਾਨ ਸੰਤ ਬਾਬਾ ਬਲਵੰਤ ਸਿੰਘ ਜੀ, ਸ੍ਰੀ ਮਾਨ ਜੀ, ਜਿਨ੍ਹਾਂ ਦੀ ਯਾਦ ਨੂੰ ਅੱਜ ਤਾਜ਼ਾ ਕਰਦੇ ਹੋਏ, ਸਮੂੰਹ ਇਲਾਕੇ ਦੇ ਮਹਾਂਪੁਰਸ਼, ਰਤਵਾੜਾ ਸਾਹਿਬ ਦੇ ਮਹਾਂਪੁਰਖ, ਬਾਬਾ ਹਰਪਾਲ ਸਿੰਘ ਜੀ ਹੋਰਾਂ ਨੇ, ਬਾਬਾ ਗੁਰਪਾਲ ਸਿੰਘ ਜੀ ਫਗਵਾੜੇ ਤੋਂ, ਇਹ ਸਭ ਦਾ ਉਪਰਾਲਾ ਹੈ, ਦੂਰੋਂ-ਦੂਰੋਂ ਮਹਾਂਪੁਰਖ ਬੁਲਾ ਕੇ ਅੱਜ ਉਨ੍ਹਾਂ ਦੀ ਯਾਦ ਨੂੰ ਤਾਜ਼ਾ ਕਰ ਰਹੇ ਨੇ ਅਤੇ ਦੂਸਰਾ ਕਾਰਨ ਜੋ ਇਸ ਅਸਥਾਨ ਤੇ ਮਹਾਨ ਸਰੋਵਰ। ਇਸ ਅਸਥਾਨ ਤੇ ਆਇਆ ਹਰ ਇਕ ਜੀਵ, ਜਦੋਂ ਉਸ ਸਰੋਵਰ ਦੇ ਵਿਚ ਇਸ਼ਨਾਨ ਕਰੇਗਾ, ਸਾਧਸੰਗਤ ਜੀ! ਜਿਥੋਂ-ਜਿਥੋਂ ਦਾ ਜਲ ਉਸ ਸਰੋਵਰ ਵਿਚ ਪਾਇਆ ਜਾਏਗਾ, ਸਮਝ ਲਓ ਓਨੇ ਤੀਰਥਾਂ ਦੀ ਯਾਤਰਾ ਹੋ ਗਈ।

ਆਪਣੇ ਪਿਆਰੇ ਦੇ ਬਚਨਾਂ ਨੂੰ ਮਹਾਂਪੁਰਸ਼ ਬਾਬਾ ਗੁਰਪਾਲ ਸਿੰਘ ਜੀ ਦੱਸ ਰਹੇ ਸੀ, ਮਹਾਂਪੁਰਸ਼ ਬਾਬਾ ਬਲਵੰਤ ਸਿੰਘ ਜੀ ਮਹਾਰਾਜ ਨੂੰ ਬਚਨ ਕੀਤਾ ਸੀ ਸੰਤ ਮਹਾਰਾਜ ਈਸ਼ਰ ਸਿੰਘ ਜੀ ਮਹਾਰਾਜ ਨੇ, ਕੋਈ ਲੰਗਰ ਦੇ ਵਿਚੋਂ ਭੁੱਖਾ ਨਾ ਜਾਵੇ। ਅੱਜ ਉਨ੍ਹਾਂ ਦਾ ਜੀਵਨ ਪੜ੍ਹ ਲਓ। ਆਏ ਨੇ ਮਹਾਂਪੁਰਖ ਰਾੜਾ ਸਾਹਿਬ ਤੋਂ ਉਨ੍ਹਾਂ ਨੂੰ ਪਤਾ ਹੈ ਕਿ ਉਨ੍ਹਾਂ ਨੇ ਉਹ ਬਚਨ ਜਿਹੜੇ ਮਹਾਂਪੁਰਸ਼ਾਂ ਨੇ ਬਚਨ ਕਰ ਦਿਤੇ, ਸਾਰੀ ਜ਼ਿੰਦਗੀ ਉਨ੍ਹਾਂ ਬਚਨਾਂ ਤੇ ਲਾ ਦਿਤੀ।

ਧਾਰਨਾ - ਮੇਰੇ ਪਿਆਰੇ ਬਚਨ ਜਿਹੜੇ ਹੋਏ, ਕਮਾ ਲੈ ਜਿੰਦ ਜਾਨ ਵਾਰ ਕੇ।

ਸਾਧਸੰਗਤ ਜੀ ਜਿੰਨੇ ਵੀ ਸਾਧੂ ਆਏ, ਮਹਾਤਮਾ ਆਏ, ਹਰ ਕਿਸੇ ਨੇ ਕਿਸੇ ਨਾ ਕਿਸੇ ਮਹਾਂਪੁਰਸ਼ ਕੋਲ ਰਹਿ ਕੇ, ਉਹਦੇ ਚਰਨਾਂ ਦੀ ਮੌਜ ਮਾਣੀ ਹੈ।

ਸਾਧਸੰਗਤ ਜੀ! ਧੰਨ ਧੰਨ ਬਾਬਾ ਕੁੰਦਨ ਸਿੰਘ ਨਾਨਕਸਰ ਵਾਲੇ, ਬਚਨ ਕਰਿਆ ਕਰਦੇ ਸੀ ਕਿ ਜਿਹਨੇ ਸਾਧੂ ਦਾ ਬਚਨ ਕਮਾ ਲਿਆ, ਜਿਸ ਮਹਾਂਪੁਰਸ਼ ਕੋਲ ਰਹਿੰਦਿਆਂ ਹੋਇਆਂ, ਜੋ ਤੈਨੂੰ ਬਚਨ ਕਰ ਦਿਤਾ, ਜਿਹੜਾ ਬਚਨ ਤੇਰੀ ਝੋਲੀ ਵਿਚ ਪਿਆ, ਸਾਰੀ ਜ਼ਿੰਦਗੀ ਉਸ ਬਚਨ ਨੂੰ ਕਮਾ ਲਈਂ, ਧਰਮਰਾਜ ਤੈਨੂੰ ਹਿਸਾਬ ਨਹੀਂ ਪੁੱਛੇਗਾ। ਅੱਜ ਬਾਬਾ ਹਰਪਾਲ ਸਿੰਘ ਜੀ ਬਚਨ ਕਮਾ ਰਹੇ ਨੇ ਨਾ। ਇਕ ਨਹੀਂ ਬੇਅੰਤ ਮਹਾਂਪੁਰਸ਼, ਰਾੜਾ ਸਾਹਿਬ ਦੀ ਸੰਪਰਦਾ ਦੇ ਮਹਾਂਪੁਰਸ਼, ਹੋਰ ਟਕਸਾਲਾਂ ਦੇ ਮਹਾਂਪੁਰਸ਼ ਆਏ, ਅੱਜ ਜਿਨ੍ਹਾਂ ਦੀ ਯਾਦ ਵਿਚ ਬੈਠੇ ਹੋ, ਇਹ ਬਚਨ ਉਨ੍ਹਾਂ ਤੇ ਢੁਕਦੇ ਨੇ, ਜਿਨ੍ਹਾਂ ਨੇ ਦਿਨ ਰਾਤ ਇਕ ਕਰਕੇ ਉਨ੍ਹਾਂ ਪੂਰਨ ਮਹਾਂਪੁਰਸ਼ਾਂ ਦੇ ਦਰਸਾਏ ਰਸਤੇ ਨੂੰ ਪੂਰੀ ਤਰ੍ਹਾਂ ਦੇ ਨਾਲ ਆਪਣੇ ਜੀਵਨ ਵਿਚ ਅਮਲੀ ਤੌਰ ਤੇ ਅਪਣਾਇਆ ਸੀ।

ਉਨ੍ਹਾਂ ਦੀ ਪ੍ਰੀਤ ਨਿਭ ਗਈ, ਸਾਡੀ ਵੀ ਨਿਭ ਜਾਏ। ਸਤਿਗੁਰੂ ਕ੍ਰਿਪਾ ਕਰਨ -

ਧਾਰਨਾ - ਮੇਰੀ ਨਿਭ ਜਾਏ ਪਿਆਰੇ ਨਾਲ ਸਾਰੀ ਜ਼ਿੰਦਗੀ-ਸਾਰੀ ਜ਼ਿੰਦਗੀ।

ਭੁਲਾਂ ਚੁਕਾਂ ਦੀ ਖਿਮਾ।

ਵਾਹਿਗੁਰੂ ਜੀ ਕਾ ਖਾਲਸਾ

ਵਾਹਿਗੁਰੂ ਜੀ ਕੀ ਫਤਹਿ।

ਸੰਤ ਮਨਜੀਤ ਸਿੰਘ ਜੀ, ਮੁਲਾਂਪੁਰ

ਪਰਮ ਸਤਿਕਾਰਯੋਗ, ਗੁਰੂ ਸ਼ਬਦੇ ਅਵਤਾਰ, ਗੁਰਬਾਣੀ ਦੇ ਬੋਹਿਥ, ਕਲਜੁਗ ਦੇ ਤਾਰਕ, ਕ੍ਰੋੜਾਂ ਬ੍ਰਹਿਮੰਡਾਂ ਦੇ ਮਾਲਕ, ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਪਾਵਨ ਤੇ ਪਵਿੱਤਰ ਨਿੱਘੀ ਗੋਦ ਦੇ ਅੰਦਰ ਜੁੜ ਬੈਠੀ ਗੁਰੂ ਰੂਪ, ਗੁਰੂ ਖਾਲਸਾ, ਗੁਰੂ ਸਵਾਰੀ, ਗੁਰੂ ਪਿਆਰੀ ਸਾਧਸੰਗਤ, ਜਿਤਨੇ ਵੀ ਮਾਈ ਤੇ ਭਾਈ, ਮਹਾਂਪੁਰਸ਼ਾਂ ਦੀ ਮਿੱਠੀ ਯਾਦ ਦੇ ਅੰਦਰ, ਮਿੱਠੀ ਸ਼ਰਧਾਂਜਲੀ ਅਰਪਣ ਕਰਨ ਵਾਸਤੇ, ਪਾਵਨ ਪਵਿੱਤਰ ਅਸਥਾਨ ਗੁਰਦੁਆਰਾ ਰਤਵਾੜਾ ਸਾਹਿਬ ਵਿਖੇ ਪਹੁੰਚੇ ਹੋਂ। ਅੱਜ ਉਸ ਮਹਾਨ ਆਤਮਾ, ਸ੍ਰੀ ਮਾਨ ਸੰਤ ਬਾਬਾ ਬਲਵੰਤ



ਖੱਬੇ ਤੋਂ ਸੰਤ ਹਰਪਾਲ ਸਿੰਘ ਜੀ,ਸੰਤ ਭੁਪਿੰਦਰ ਸਿੰਘ ਜੀ, ਸੰਤ ਪੰਜਾਬ ਸਿੰਘ ਜੀ ਅਤੇ ਸੰਤ ਸੁਰਿੰਦਰ ਸਿੰਘ ਜੀ



ਸਵਾਮੀ ਪ੍ਰੀਤਮ ਹਰੀ ਅੰਮ੍ਰਿਤਸਰ

ਸਿੰਘ ਜੀ ਮਹਾਰਾਜ, ਰਾੜਾ ਸਾਹਿਬ ਵਾਲੇ ਜਿਨ੍ਹਾਂ ਨੇ ਪੂਰਨ ਬ੍ਰਹਮਗਿਆਨੀ, ਤੱਤ ਬੇਤੇ ਸ੍ਰੀ ਮਾਨ ਸੰਤ ਬਾਬਾ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਸੰਗਤ ਕੀਤੀ ਤੇ ਸੰਗਤ ਦੇ ਵਿਚ ਰਹਿ ਕੇ ਸਾਧਸੰਗਤ ਜੀ, ਸੇਵਾ ਤੇ ਸਿਮਰਨ ਦਾ ਜੋ ਮਹਾਨ ਕੁੰਭ, ਗੁਰੂ ਘਰ ਦੇ ਵਿਚ ਲੱਗਿਆ ਹੈ, ਸੇਵਾ ਮੰਗੀ ਅਤੇ ਮਹਾਂਪੁਰਸ਼ਾਂ ਦੇ ਚਰਨਾਂ ਵਿਚੋਂ ਸਿਮਰਨ ਮੰਗਿਆ। ਖੰਡੇ ਬਾਟੇ ਦਾ ਅੰਮ੍ਰਿਤ ਛਕਿਆ, ਖੰਡੇ ਬਾਟੇ ਦਾ ਅੰਮ੍ਰਿਤ ਛਕ ਸੇਵਾ ਤੇ ਸਿਮਰਨ ਮਹਾਂਪੁਰਸ਼ਾਂ ਦੇ ਚਰਨਾਂ 'ਚੋਂ ਮੰਗੀ। ਸਾਰੀ ਉਮਰ ਸੇਵਾ ਤੇ ਸਿਮਰਨ ਦੇ ਵਿਚ ਆਪਣਾ ਜੀਵਨ ਬਤੀਤ ਕਰ ਦਿਤਾ। ਸਾਧਸੰਗਤ ਜੀ! ਭੁੱਲੀਆਂ ਭਟਕੀਆਂ ਰੂਹਾਂ ਨੂੰ, ਜੋ ਟੁੱਟੇ ਹੋਏ ਜੀਵ ਸਨ, ਉਨ੍ਹਾਂ ਨੂੰ ਨਾਮ ਬਾਣੀ ਦਾ ਛੱਟਾ ਦੇ ਕੇ ਕੀਰਤਨ ਦੁਆਰਾ ਵੀ, ਦੇਖੋ ਕਿਤਨੀ ਉਮਰ ਸੀ, ਬਾਬਾ ਸ੍ਰੀ ਮਾਨ ਜੀ ਦੀ, ਐਨੀ ਬਿਰਧ ਉਮਰ ਦੇ ਵਿਚ ਵੀ, ਸਾਧਸੰਗਤ ਜੀ, ਉਚੀਆਂ ਧਾਰਨਾ ਦੇ ਵਿਚ ਕੀਰਤਨ ਕਰਕੇ, ਟੁੱਟੀਆਂ ਹੋਈਆਂ ਰੂਹਾਂ ਨੂੰ ਨਾਮ ਬਾਣੀ ਦੇ ਨਾਲ ਜੋੜਿਆ। ਉਨ੍ਹਾਂ ਨੇ ਮੰਗਿਆ ਕੀ, ਸੇਵਾ ਤੇ ਸਿਮਰਨ। ਇਹੀ ਗੁਰੂ ਘਰ ਦੇ ਵਿਚ ਦੋ ਚੀਜ਼ਾਂ ਮੁੱਖ ਹਨ। ਏਸੇ ਕਰਕੇ ਹੀ ਸਾਧਸੰਗਤ ਜੀ! ਉਨ੍ਹਾਂ ਦੀਆਂ ਯਾਦਾਂ ਮਨਾਈਆਂ ਜਾ ਰਹੀਆਂ ਨੇ। ਸਾਨੂੰ ਕੀ ਸਿਖਿਆ ਮਿਲਦੀ ਹੈ ਉਨ੍ਹਾਂ ਦੇ ਜੀਵਨ ਤੋਂ, ਅਸੀਂ ਇਥੋਂ ਕੁਝ ਸਿਖਿਆ ਲੈ ਕੇ ਜਾਣੀ ਹੈ। ਜਿਸ ਤਰ੍ਹਾਂ ਉਨ੍ਹਾਂ ਨੇ ਮਹਾਂਪੁਰਸ਼ਾਂ ਦੇ ਚਰਨਾਂ ਵਿਚ ਰਹਿ ਕੇ ਸੇਵਾ ਸਿਮਰਨ ਕਰਦਿਆਂ ਹੋਇਆਂ ਆਪਣਾ ਸਾਰਾ ਜੀਵਨ ਧੰਨ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਲੇਖੇ ਲਾ ਦਿਤਾ।

ਜਦੋਂ ਅਸੀਂ ਵੀ ਗੁਰੂ ਸਾਹਿਬ ਜੀ ਦੇ ਚਰਨਾਂ ਵਿਚੋਂ ਇਹ ਵਸਤੂ ਮੰਗਾਂਗੇ, ਸਾਡਾ ਵੀ ਜੀਵਨ ਤੇ ਲੋਕ ਸੁਖੀਆ ਤੇ ਪਰਲੋਕ ਸੁਹੇਲਾ ਬਣ ਜਾਏਗਾ। ਆਪ ਜੀ ਨੂੰ ਪਤਾ ਹੈ  ਕਿ ਮਹਾਨ ਉਦਮ ਤੇ ਉਪਰਾਲਾ ਸੰਤ ਮਾਤਾ ਬੀਬੀ ਰਣਜੀਤ ਕੌਰ ਜੀ, ਸੰਤ ਬਾਬਾ ਹਰਪਾਲ ਸਿੰਘ ਜੀ ਨੇ, ਕਿੱਡਾ ਵੱਡਾ ਉਦਮ ਉਪਰਾਲਾ ਕੀਤਾ ਹੈ, ਮਹਾਂਪੁਰਸ਼ਾਂ ਦੀ ਮਿੱਠੀ ਤੇ ਨਿੱਘੀ ਯਾਦ ਨੂੰ ਤੇ ਸ਼ਰਧਾਂਜਲੀ ਸਮਾਗਮ ਜੋ ਰਚਿਆ ਹੈ ਇਹ ਸਾਡੇ ਜੀਵਾਂ ਦੇ ਭਲੇ ਵਾਸਤੇ ਰਚਿਆ ਹੈ। ਬਾਣੀ ਕਹਿੰਦੇ ਹੈ -

ਮਹਾਂਪੁਰਸ਼ ਨਾ ਜਨਮ ਦੇ ਵਿਚ ਨੇ, ਨਾ ਮਰਨ ਦੇ ਵਿਚ ਨੇ। ਉਹ ਤਾਂ ਸਾਨੂੰ ਭੁੱਲੇ-ਭਟਕੇ ਜੀਵਾਂ ਨੂੰ ਨਾਮ ਦੇ ਨਾਲ ਜੋੜਨ ਵਾਸਤੇ, ਸੇਵਾ ਤੇ ਸਿਮਰਨ ਦੇ ਵਿਚ ਜੋੜਨ ਵਾਸਤੇ, ਇਥੋਂ ਪੂਰਨੇ ਪਾ ਕੇ ਜਾਂਦੇ ਹਨ। ਉਹ ਸਦਾ ਹੀ ਜੀਉਂਦੇ ਹਨ।

ਸਾਧੂ ਸਦਾ ਹੀ ਜੀਉਂਦੇ ਨੇ। ਆਓ ਸਾਧਸੰਗਤ ਜੀ! ਸਾਡਾ ਵੀ ਆਉਣਾ ਇਸ ਪਾਵਨ ਪਵਿੱਤਰ ਅਸਥਾਨ ਤੇ ਤਾਂ ਹੀ ਸਫਲ ਹੈ, ਜੇ ਅਸੀਂ ਉਨ੍ਹਾਂ ਦੇ ਪਾਏ ਹੋਏ ਪੂਰਨਿਆਂ ਦੇ ਉਤੇ ਚਲ ਕੇ, ਸੇਵਾ ਤੇ ਸਿਮਰਨ ਦੇ ਵਿਚ ਲਗ ਕੇ, ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ, ਗੁਰੂ ਵਾਲੇ ਬਣ ਕੇ ਆਪਣਾ ਜੀਵਨ ਬਤੀਤ ਕਰੀਏ।

**ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ।**

## ਸੰਤ ਨਛੱਤਰ ਸਿੰਘ ਜੀ

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।

ਸਤਿਕਾਰਯੋਗ ਸਾਧਸੰਗਤ ਜੀ! ਅੱਜ ਆਪਾਂ ਸਾਰੀਆਂ ਸੰਗਤਾਂ ਸ੍ਰੀ ਮਾਨ ਸੰਤ ਬਾਬਾ ਹਰਪਾਲ ਸਿੰਘ ਜੀ ਅਤੇ ਮਾਤਾ ਰਣਜੀਤ ਕੌਰ ਜੀ, ਸੰਗਤਾਂ ਦੇ ਸਹਿਯੋਗ ਦਾ ਸਦਕਾ ਰਤਵਾੜਾ ਸਾਹਿਬ ਦੀ ਪਵਿੱਤਰ ਧਰਤੀ ਤੇ ਸ੍ਰੀ ਮਾਨ ਸੰਤ ਬਾਬਾ ਬਲਵੰਤ ਸਿੰਘ ਜੀ ਮਹਾਰਾਜ, ਰਾੜਾ ਸਾਹਿਬ ਵਾਲਿਆਂ ਦੀ ਮਿੱਠੀ ਯਾਦ ਦੇ ਵਿਚ ਇਕੱਤਰ ਹੋਏ ਹਾਂ। ਸ੍ਰੀ ਮਾਨ ਸੰਤ ਬਾਬਾ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ, ਕਿਤੇ ਗਏ ਨਹੀਂ ਹਨ। ਹੁਣ ਵੀ ਹਨ। ਜਿਹੜੀਆਂ ਅੱਖਾਂ ਦੇਖਣ ਵਾਲੀਆਂ ਨੇ, ਉਹ ਦੇਖਦੀਆਂ ਨੇ। ਮਹਾਂਪੁਰਸ਼ ਕਿਤੇ ਜਾਂਦੇ ਨਹੀਂ ਹਨ।

ਭਗਵਾਨ ਕ੍ਰਿਸ਼ਨ ਗੀਤਾ ਦੇ ਵਿਚ ਕਹਿੰਦੇ ਨੇ ਕਿ 'ਨਾ ਹਨਅਤੇ ਹਨਿਆ ਮਾਨੇ ਸਰੀਰੇ' ਇਹ ਸਰੀਰਾਂ ਦੇ




ਸਮਾਗਮ ਦੌਰਾਨ ਭਾਈ ਗੁਰਵਿੰਦਰ ਸਿੰਘ ਜੀ ਦੁਆਰਾ ਹੋਮਿਓਪੈਥੀ ਦਾ ਫਰੀ ਮੈਡੀਕਲ ਕੈਂਪ



ਸੰਤ ਹਰਜਿੰਦਰ ਸਿੰਘ ਜੀ ਧਬਲਾਨ

ਮਰਨ ਦੇ ਨਾਲ ਮੌਤ ਹੁੰਦੀ ਹੀ ਨਹੀਂ। ਭਗਵਾਨ ਕ੍ਰਿਸ਼ਨ ਕਹਿੰਦੇ ਨੇ - 'ਨਨ ਦਹਿਤ ਪਾਵਕੈ' ਜੇ ਅੱਗ ਦੇ ਵਿਚ ਇਹ ਸਰੀਰ ਸੜ ਜਾਣ, ਆਤਮਾ ਸੜਦੀ ਨਹੀਂ ਹੈ। 'ਨਨ ਨਸ਼ੰਗਤ ਸ਼ਾਸ਼ਤਰੈਣ' ਜੇ ਇਹ ਸਸ਼ਤਰ ਸਰੀਰ ਨੂੰ ਕੱਟ ਦੇਣ, ਤਾਂ ਵੀ ਆਤਮਾ ਕੱਟੀ ਨਹੀਂ ਜਾਂਦੀ। ਸੋ ਮਹਾਂਪੁਰਸ਼ਾਂ ਨੇ ਇਹ ਗੱਲ ਪਛਾਣ ਲਈ, ਸਿਮਰਨ ਕਰਕੇ, ਧਿਆਨ ਕਰਕੇ। ਏਸ ਗੱਲ ਨੂੰ ਮਹਾਤਮਾ ਲੋਕ ਸਮਝ ਗਏ ਕਿ ਸਰੀਰ ਦੇ ਮਰਨ ਦੇ ਨਾਲ ਮੌਤ ਨਹੀਂ ਹੁੰਦੀ। ਸੋ ਮੈਂ ਸਾਰੀਆਂ ਸੰਗਤਾਂ ਨੂੰ ਕਹਿੰਦਾ ਹਾਂ ਕਿ ਤੁਹਾਡੇ ਅੰਦਰ ਵੀ ਆਤਮ ਤੱਤ ਹੈ, ਇਹ ਸਰੀਰ ਸਾਨੂੰ ਮਿਲਦੇ ਤੇ ਵਿਛੜਦੇ ਰਹਿੰਦੇ ਨੇ। ਤੁਹਾਡੇ ਅੰਦਰ ਵੀ ਓਹੀ ਤੱਤ ਹੈ, ਜਿਹੜਾ ਨਾ ਮਰਦਾ ਹੈ ਤੇ ਨਾ ਜਨਮ ਲੈਂਦਾ ਹੈ। ਜੇ ਤਾਂ ਆਤਮ ਤੱਤ ਨੂੰ ਮਨੁੱਖਾ ਜਨਮ ਪਾ ਕੇ ਪਛਾਣ ਗਏ, ਫੇਰ ਤਾਂ ਇਥੇ ਆਉਣਾ ਸਫਲ ਹੋ ਗਿਆ। ਸਾਧਸੰਗਤ ਜੀ! ਫੇਰ ਤਾਂ ਕੁਝ ਕਮਾਈ ਕਰਕੇ ਆਪਾਂ ਜਾ ਰਹੇ ਹਾਂ। ਜੇ ਇਸ ਆਤਮ ਤੱਤ ਨੂੰ ਨਾ ਜਾਣਿਆ, ਫੇਰ ਇਥੇ ਕੋਈ ਕਮਾਈ ਨਹੀਂ ਫੇਰ ਸਮਝ ਲਓ ਗਵਾਇਆ ਹੀ ਗਵਾਇਆ ਹੈ, ਭਾਵੇਂ ਕੁਝ ਵੀ ਕਰ ਲਓ।

ਸੋ ਦੂਜਾ ਵੱਡਾ ਪਰਉਪਕਾਰ, ਸੰਤ ਮਾਤਾ ਰਣਜੀਤ ਕੌਰ, ਬਾਬਾ ਹਰਪਾਲ ਸਿੰਘ ਜੀ ਤੇ ਸਾਧਸੰਗਤ ਅੰਮ੍ਰਿਤ ਸਰੋਵਰ ਦਾ ਟੱਕ ਪੰਜਾਂ ਪਿਆਰਿਆਂ ਨੇ ਲਾਇਆ ਹੈ। ਗੁਰੂ ਅਰਜਨ ਦੇਵ ਪਾਤਸ਼ਾਹ ਮਹਾਰਾਜ ਜੀ ਨੇ ਹਰਿਮੰਦਰ ਸਾਹਿਬ ਦੀ ਰਚਨਾ ਕੀਤੀ, ਕੀਹਦੇ ਵਾਸਤੇ ਸੰਗਤਾਂ ਦੇ ਭਲੇ ਦੇ ਵਾਸਤੇ। ਗੁਰੂ ਗ੍ਰੰਥ ਸਾਹਿਬ ਮਹਾਰਾਜ ਦੀ ਬਾਣੀ ਦਾ ਉਚਾਰਨ, ਇਹ ਵੀ ਸੰਗਤਾਂ ਦੇ ਭਲੇ ਵਾਸਤੇ ਤੇ ਅੰਮ੍ਰਿਤ ਸਰੋਵਰ ਦੀ ਰਚਨਾ ਕੀਤੀ। ਜਦੋਂ ਹਰਿਮੰਦਰ ਸਾਹਿਬ ਦੇ ਸਰੋਵਰ ਦੀ ਪੁਟਾਈ ਹੁੰਦੀ ਸੀ, ਐਸ ਤਰ੍ਹਾਂ ਦਸਦੇ ਨੇ ਕਿ ਭਗਵਾਨ ਵਿਸ਼ਨੂੰ ਆਪ ਆਏ, ਭਗਵਾਨ ਵਿਸ਼ਨੂੰ ਨੇ ਸਿਰ ਤੇ ਮਿੱਟੀ ਦੀਆਂ ਟੋਕਰੀਆਂ ਚੁੱਕ-ਚੁੱਕ ਕੇ ਪਾਈਆਂ। ਸਾਧਸੰਗਤ ਜੀ! ਐਨੀ ਸੇਵਾ ਰੱਬ ਨੇ ਵੀ ਆਣ ਕੇ ਕੀਤੀ।

ਇਸ ਤਰ੍ਹਾਂ ਕਰਕੇ ਸਾਨੂੰ ਵੀ ਏਸ ਮਹਾਨ ਕੁੰਭ ਦੇ ਵਿਚ ਸੇਵਾ ਕਰਨ ਦਾ, ਮਹਾਨ ਮੌਕਾ ਹੱਥ ਲੱਗਿਆ ਹੈ। ਆਓ, ਸ੍ਰੀ ਮਾਨ ਸੰਤ ਬਾਬਾ ਹਰਪਾਲ ਸਿੰਘ ਜੀ, ਸੰਤ ਮਾਤਾ ਰਣਜੀਤ ਕੌਰ ਜੀ, ਰਾੜਾ ਸਾਹਿਬ ਦੀ ਸੰਪਰਦਾ ਤੋਂ, ਹੋਰ ਵੀ ਅਨੇਕਾਂ ਸੰਪਰਦਾਵਾਂ ਦੇ ਮਹਾਂਪੁਰਖ ਪਹੁੰਚੇ ਨੇ। ਮਹਾਂਪੁਰਸ਼ਾਂ ਦੀ ਯਾਦ ਵਿਚ ਬੈਠਣ ਦਾ ਸੁਭਾਗ ਸਮਾਂ ਜੋ ਮਿਲਿਆ ਹੈ, ਮੁਲਵਾਨ ਇਹੀ ਹੈ। ਸਾਧਸੰਗਤ ਜੀ! ਅਸੀਂ ਆਪਣੇ ਰੂਪ ਨੂੰ ਪਛਾਣੀਏ। ਇਸ ਤਰ੍ਹਾਂ ਕਰਕੇ ਵੇਦਾਂ ਦਾ ਰਿਸ਼ੀ ਉਦਆਲਿਕ ਆਪਣੇ ਆਸਣ ਤੇ ਬੈਠਾ ਹੈ। ਅਚਾਨਕ ਸਵੇਤਕੇਤੂ ਆ ਗਿਆ। ਸਵੇਤ ਕੇਤੂ ਨੇ ਆਣ ਕੇ ਚਰਨਾਂ ਤੇ ਸਿਰ ਰੱਖਿਆ। ਮੱਥਾ ਟੇਕਿਆ, ਨਮਸਕਾਰ ਕੀਤੀ। ਸਵੇਤਕੇਤੂ ਪੁਛਦਾ ਮਹਾਰਾਜ! ਮੇਰੇ ਤੇ ਕ੍ਰਿਪਾ ਕਰੋ, ਮੇਰੇ ਤੇ ਰਹਿਮਤ ਕਰੋ ਤੇ ਉਹ ਪ੍ਰਮਾਤਮਾ ਜਿਹਨੂੰ ਦੁਨੀਆਂ ਲੱਭਦੀ ਹੈ, ਉਹ ਪ੍ਰਮਾਤਮਾ ਕਿੱਥੇ ਹੈ? ਰੱਬ ਕਿਥੇ ਹੈ? ਵੇਦਾਂ ਦੇ ਰਿਸ਼ੀ ਉਦਆਲਿਕ ਨੇ ਇਕ ਗੱਲ ਕਹਿ ਦਿਤੀ, ਚਾਰੇ ਵੇਦਾਂ ਦਾ ਨਿਚੋੜ, ਇਕੋ ਸ਼ਬਦ ਦੇ ਵਿਚ ਕਹਿ ਦਿਤਾ, 'ਤਤਵਮਸੀ' ਉਹ ਤੇਰੇ ਅੰਦਰ ਹੀ ਹੈ। ਤੂੰ ਆਪਣੇ ਅੰਦਰ ਨੂੰ ਜਾਣ। ਇਸ ਤਰ੍ਹਾਂ ਕਰਕੇ ਐਨਾ ਹੀ ਸਮਾਂ ਪ੍ਰਵਾਨ, ਹੋਈਆਂ ਭੁੱਲਾਂ ਦੀ ਖਿਮਾਂ।

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।

## ਸੰਤ ਪਰਮਿੰਦਰ ਸਿੰਘ ਜੀ

ਗੁਰੂ ਪਵਿੱਤਰ ਹਜ਼ੂਰੀ ਵਿਚ ਸਜ ਬੈਠੀ ਸਾਧਸੰਗਤ ਜੀ! ਜੋ ਜੋ ਵੀ ਸੰਗਤਾਂ ਅੰਮ੍ਰਿਤ ਵੇਲੇ ਤੋਂ ਲੈ ਕੇ ਪੂਰਨ ਮਹਾਂਪੁਰਸ਼ਾਂ ਦੀ ਮਹਾਨ ਪਾਵਨ ਯਾਦ ਦੇ ਵਿਚ ਪਹੁੰਚੇ ਹੋ। ਸੋ ਵੱਡੇ ਭਾਗਾਂ ਵਾਲੇ ਹੋ ਜਿਨ੍ਹਾਂ ਨੂੰ ਕਲੋ-ਕਾਲ ਦੇ ਭਿਆਨਕ ਸਮੇਂ ਦੇ ਅੰਦਰ, ਉਨ੍ਹਾਂ ਮਹਾਨ ਮਹਾਂਪੁਰਸ਼ਾਂ ਦੀ ਪਾਵਨ ਯਾਦ ਦੇ ਵਿਚ ਬੈਠਣ ਦਾ ਸੁਭਾਗ ਸਮਾਂ ਪ੍ਰਾਪਤ ਹੋਇਆ ਹੈ। ਸੋ ਅੰਮ੍ਰਿਤ ਵੇਲੇ ਤੋਂ ਹੀ ਲੈ ਕੇ, ਲੰਗਰ ਵਾਲੇ ਮਹਾਂਪੁਰਸ਼ਾਂ ਦੀ ਪਾਵਨ ਯਾਦ ਦੇ ਵਿਚ ਜੁੜੇ ਹੋ, ਸੋ ਸਮਾਂ ਬੜਾ ਘੱਟ ਹੈ, ਸਮਾਂ ਨਹੀਂ ਵਿਸਥਾਰ ਦੇ ਵਿਚ ਜਾਣ ਦਾ। ਇਕੋ ਹੀ ਬੇਨਤੀ ਕਰਨੀ ਹੈ ਕਿ ਮਹਾਂਪੁਰਸ਼ਾਂ ਨੇ ਵੱਡੇ ਸੰਤ ਮਹਾਰਾਜ ਜੀ ਦਾ ਪਾਵਨ ਬਚਨ ਮੰਨਿਆ



ਸੰਤ ਭੁਪਿੰਦਰ ਸਿੰਘ ਸੰਗਤਪੁਰੇ ਵਾਲੇ



ਸੰਤ ਭਗਵੰਤ ਸਿੰਘ ਜੀ ਸਿੱਧਸਰ ਭਿਖੀ ਵਾਲੇ

ਤੇ ਅੱਜ ਉਨ੍ਹਾਂ ਮਹਾਂਪੁਰਸ਼ਾਂ ਦੀ ਕੇਵਲ ਇੰਡੀਆਂ ਦੇ ਵਿਚ ਨਹੀਂ, ਜਿਥੋਂ ਤਕ ਰਾੜਾ ਸਾਹਿਬ ਦੀ ਧਰਤੀ ਨੂੰ ਨਮਸਕਾਰਾਂ ਲੋਕੀ ਕਰਦੀ ਨੇ। ਵਿਸ਼ਵ ਦੇ ਅੰਦਰ ਹੀ ਉਨ੍ਹਾਂ ਮਹਾਂਪੁਰਸ਼ਾਂ ਨੂੰ ਨਮਸਕਾਰਾਂ ਹੋ ਰਹੀਆਂ ਨੇ। ਕਿਉਂਕਿ ਕਾਰਨ ਕੀ ਹੈ, ਧੰਨ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੀ ਬਾਨੀ ਕਹਿੰਦੀ ਹੈ।

ਉਨ੍ਹਾਂ ਦੀਆਂ ਜੈ-ਜੈਕਾਰਾਂ ਇਸ ਧਰਤੀ ਦੇ ਉਤੇ ਹੋਣਗੀਆਂ, ਜਿਹੜੇ ਆਉਣ ਵਾਲੇ ਸਮੇਂ ਦੇ ਵਿਚ ਵੀ ਸਤਿਗੁਰਾਂ ਦਾ ਬਚਨ ਮੰਨਣਗੇ। ਭਾਵੇਂ ਮਹਾਂਪੁਰਸ਼ਾਂ ਨੇ ਬਚਨ ਮੰਨਿਆ ਹੈ, ਭਾਵੇਂ ਕਿਤੇ ਸਤਿਗੁਰਾਂ ਦਾ ਬਚਨ, ਆਪਣੇ ਵੱਡੇ ਮਹਾਂਪੁਰਸ਼ਾਂ ਦਾ ਬਚਨ ਆਪਾਂ ਮੰਨ ਲਈਏ। ਆਓ ਉਨ੍ਹਾਂ ਮਹਾਂਪੁਰਸ਼ਾਂ ਨੂੰ ਅੱਜ ਦੁਨੀਆਂ ਭਰ ਦੇ ਵਿਚ ਯਾਦ ਕੀਤਾ ਜਾ ਰਿਹਾ, ਕਿਉਂਕਿ ਸੰਤ ਮਹਾਰਾਜ ਜੀਆਂ ਨੇ ਵੱਡੇ ਮਹਾਂਪੁਰਸ਼ਾਂ ਪਾਵਨ ਬਚਨਾਂ ਦੀ ਕਮਾਈ ਕੀਤੀ ਹੈ। ਇਸ ਕਰਕੇ, ਉਨ੍ਹਾਂ ਮਹਾਂਪੁਰਸ਼ਾਂ ਨੂੰ ਸਾਧਸੰਗਤ ਜੀ! ਨਮਸਕਾਰ ਹੈ -

ਧਾਰਨਾ - ਤੈਨੂੰ ਯਾਦ ਕਰੇ ਜਗ ਸਾਰਾ, ਸਚਖੰਡ ਜਾਣ ਵਾਲਿਆ।

ਆਓ ਉਨ੍ਹਾਂ ਮਹਾਨ ਮਹਾਂਪੁਰਸ਼ਾਂ ਦੀ ਪਾਵਨ ਪਵਿੱਤਰ ਯਾਦ ਦੇ ਵਿਚ ਬੈਠੇ ਹੋਂ। ਅੰਮ੍ਰਿਤ ਛਕੋ, ਗੁਰੂ ਵਾਲੇ ਬਣੋ, ਬਹਿੰਦੇ, ਉਠਦੇ, ਤੁਰਦੇ ਫਿਰਦੇ, ਨਾਮ ਜਪੋ ਤਾਂ ਜੋ ਸਾਡਾ ਇਸ ਦੁਨੀਆਂ ਤੇ ਆਉਣਾ ਸੁਹੇਲਾ ਹੋ ਜਾਏ।

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ।

## ਸੰਤ ਸਰੂਪਾ ਨੰਦ ਜੀ

ਗੱਜ ਕੇ ਜੈਕਾਰਾ ਲਗਾਓ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੀ ਜੈ।

ਪਵਿੱਤਰ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਹਾਜ਼ਰੀ ਦੇ ਕੇ ਸਰਬ ਸੰਤਨ ਮਿਲ ਕੇ, ਸਾਧਸੰਗਤ ਮਿਲ ਕੇ ਸ੍ਰੀ ਬਾਬਾ ਹਰਪਾਲ ਸਿੰਘ ਜੀ ਦੀ ਸਹਿਯੋਗਤਾ ਵਿਚ, ਬ੍ਰਹਮਲੀਨ ਸ੍ਰੀ ਬਾਬਾ ਰਾੜਾ ਸਾਹਿਬ ਜੀ ਦਾ ਯਾਦ ਵਿਚ ਇਹ ਸੰਮੇਲਨ ਆਯੋਜਨ ਕੀਤਾ ਜਾ ਰਿਹਾ ਮੈਂ ਉਨ੍ਹਾਂ ਮਹਾਂਪੁਰਸ਼ਾਂ ਦੇ ਬਾਰੇ ਵਿਚ ਐਨਾ ਹੀ ਕਹਾਂਗਾ ਕਿ ਬਹੁਤ ਛੋਟੇ ਜਿਹੇ ਸਰੂਪ ਵਿਚ, ਇਸ ਅਸਥਾਨ ਕੇ ਬਾਰੇ ਮੇਂ, ਇਸ ਆਸ਼ਰਮ ਮੇਂ, ਇਸ ਦਰਬਾਰ ਮੇਂ ਅਤੇ ਇਨ੍ਹਾਂ ਗੁਰੂਆਂ ਨੇ ਸਾਨੂੰ ਕੀ ਦਿਤਾ ਹੈ, ਕਿਆ ਉਨ੍ਹਾਂ ਦਾ ਉਪਦੇਸ਼ ਹੈ ਬਸ ਅਸੀਂ ਉਨਾਂ ਹੀ ਸਮਝ ਲਈਏ ਉਸ ਬਾਰੇ ਹੀ ਮੈਂ ਥੋੜੀ ਵਿਚਾਰ ਕਰਾਂਗਾ, "ਇਕ ਕਾਲ ਹੁੰਦਾ ਹੈ ਇਕ ਅਕਾਲ ਹੁੰਦਾ ਹੈ, ਇਕ ਕਾਲ ਪੁਰਖ ਹੁੰਦਾ ਹੈ ਇਕ ਅਕਾਲ ਪੁਰਖ ਹੁੰਦਾ ਹੈ, ਕਾਲ ਪੁਰਖ ਉਸ ਨੂੰ ਕਹਿੰਦੇ ਹਨ ਜੋ ਕਾਲ ਵੱਲ ਨੂੰ ਜਾ ਰਿਹਾ ਹੋਵੇ, ਅਕਾਲ ਪੁਰਖ ਉਸ ਨੂੰ ਕਹਿੰਦੇ ਹਨ ਜਿਹੜਾ ਕਾਲ ਤੋਂ ਪਰ੍ਹੇ ਜਾ ਰਿਹਾ ਹੈ, ਜਿਸ ਦਾ ਕਾਲ ਵੀ ਕੁਝ ਨਹੀਂ ਵਿਗਾੜ ਸਕਦਾ, ਹੁਣ ਇਥੇ ਵਿਚਾਰ ਕਰਨ ਦੀ ਗੱਲ ਇਹ ਹੈ ਕਿ ਇਸ ਅਸਥਾਨ (ਰਤਵਾੜਾ ਸਾਹਿਬ) ਤੋਂ ਇਕ ਪਤ੍ਰਿਕਾ ਨਿਕਲਦੀ ਹੈ ਜਿਸ ਨਾਮ ਆਤਮ ਮਾਰਗ ਹੈ। ਹੁਣ ਆਤਮ ਮਾਰਗ ਪਤ੍ਰਿਕਾ ਤੁਸੀਂ ਜਾਣਦੇ ਹੋਵੋਂਗੇ ਆਤਮ ਕਾ ਅਰਥ ਕੀ ਹੈ ਅਤੇ ਮਾਰਗ ਦਾ ਅਰਥ ਕੀ ਹੈ। ਬਹੁਤ ਹੀ ਸਰਲ ਹੈ ਆਤਮ ਮੈਂ ਆਪ ਹਾਂ ਅਤੇ ਮਾਰਗ ਦਾ ਮਤਲਬ ਰਸਤਾ ਹੈ ਅਤੇ ਜਿਸ ਰਸਤੇ ਨੂੰ ਅਪਣਾ ਕੇ ਮੈਂ ਆਪਣੇ ਆਪੇ ਦੀ ਸਮਝ ਪਾ ਲਈ ਉਹ ਹੀ ਰਸਤਾ ਬਿਲਕੁਲ ਠੀਕ ਹੈ। ਕਿਉਂਕਿ ਜਿਸ ਰਸਤੇ ਨੂੰ ਅਪਣਾ ਕੇ ਮਹਾਂਪੁਰਸ਼ ਗਏ ਉਹ ਹੀ ਰਸਤਾ ਸਾਡੇ ਲਈ ਠੀਕ ਹੈ। ਇਸ ਲਈ ਜੋ ਆਤਮਾਂ ਨੂੰ ਜਾਣਦਾ ਹੈ ਉਸ ਦੇ ਸਭ ਬਿਘਨਾਂ ਦਾ ਨਾਸ ਹੋ ਜਾਂਦਾ ਹੈ। ਗੀਤਾ ਵਿਚ ਉਪਦੇਸ਼ ਹੈ ਜਿਸ ਵਿਅਕਤੀ ਨੇ ਆਪਣਾ ਆਪਾ ਚਿਨੀਆਂ ਫਿਰ ਉਸ ਦਾ ਕਾਲ ਕੁਝ ਨਹੀਂ ਬਿਗਾੜ ਸਕਦਾ ਅਤੇ ਸੱਚਾ ਰਸਤੇ ਆਪਣੇ ਆਪ ਨੂੰ ਜਾਨਣ ਦਾ ਹੀ ਹੈ। ਇਕ ਸਾਡੇ ਨਿਰਮਲ ਸਵਾਮੀ ਜੀ ਮਹਾਰਾਜ ਬ੍ਰਹਮਲੀਨ ਬਚਨ ਕਰਦੇ ਹੁੰਦੇ ਸੀ ਕਿ "ਜਮਾਨੇ ਮੈਂ ਉਸ ਨੇ ਬੜੀ ਬਾਤ ਕਰ ਲੀ,

ਆਪਨੇ ਸੇ ਜਿਸ ਨੇ ਮੁਲਾਕਾਤ ਕਰ ਲਈ।

ਅਤੇ ਇਕ ਗੱਲ ਦਾ ਧਿਆਨ ਰੱਖੋ ਕਿ ਕਾਲ ਦੀ ਕਿਥੋਂ ਤੱਕ ਸੀਮਾਂ ਹੈ ਅਤੇ ਕਿਥੋਂ ਅਕਾਲ ਹੈ। ਉਸ ਗੱਲ ਵਾਸਤੇ ਮੈਂ ਇਕ ਉਦਾਹਰਣ ਦੇ ਰਿਹਾ ਹਾਂ ਕਿ ਇਕ



ਸੰਤ ਭੁਪਿੰਦਰ ਸਿੰਘ ਜੀ ਜਰਗ



ਸੰਤ ਮਾਤਾ ਰਣਜੀਤ ਕੌਰ ਜੀ ਰਤਵਾੜਾ ਸਾਹਿਬ

ਬਾਜ ਪੰਛੀ ਝੀਲ (ਇੱਲ) ਉਹ ਇਕ ਮਾਸ ਦਾ ਟੁਕੜਾ ਲੈ ਕੇ ਅਸਮਾਨ ਵਿਚ ਉਡ ਰਹੀ ਸੀ, ਅਤੇ ਉਸ ਇੱਲ ਨੂੰ ਉਡਦੇ ਹੋਏ ਵੇਖ ਕੇ ਉਸ ਦੇ ਪਿਛੇ ਹਜਾਰਾਂ ਹੀ ਹੋਰ ਪੰਛੀ ਉਸ ਦੇ ਪਿਛੇ ਹਮਲਾ ਕਰਨ ਵਾਸਤੇ ਚਲ ਪਏ। ਇੱਲ ਸੋਚ ਰਹੀ ਸੀ ਕਿ ਮੇਰੇ ਪਿਛੇ ਪਹਿਲਾਂ ਤਾਂ ਐਨੀ ਗਿਣਤੀ ਵਿਚ ਪੰਛੀ ਕਦੇ ਨਹੀਂ ਆਏ ਸਨ ਅੱਜ ਕੀ ਗੱਲ ਹੈ ਕਿ ਇਹ ਮੇਰੇ ਪਿਛੇ ਇਹ ਸਾਰੇ ਝਪਟਾ ਮਾਰਨ ਕਿਉਂ ਆ ਰਹੇ ਹਨ? ਲਗਦਾ ਹੈ ਕਿ ਮੇਰੇ ਤੋਂ ਕੋਈ ਗਲਤੀ ਹੋ ਗਈ ਹੈ ਉਸ ਨੇ ਸੋਚਿਆ ਕਿ ਇਹ ਹੀ ਗਲਤੀ ਹੋ ਸਕਦੀ ਹੈ ਬਲਕਿ ਇਹ ਮੇਰੇ ਪਿਛੇ ਨਹੀਂ ਪਏ ਹੋਏ ਇਹ ਤਾਂ ਜੋ ਮੇਰੇ ਮੂੰਹ ਵਿਚ ਮਾਸ ਦਾ ਟੁਕੜਾ ਹੋਣ ਕਾਰਨ ਇਹ ਸਾਰੇ ਪੰਛੀ ਮੇਰੇ ਪਿਛੇ ਆ ਰਹੇ ਹਨ ਇਸ ਲਈ ਹੀ ਆ ਰਹੇ ਹਨ ਕਿ ਜੋ ਮੇਰੇ ਮੂੰਹ ਵਿਚ ਮਾਸ ਹੈ ਸਾਰਾ ਹੀ ਇਸ ਕਾਰਨ ਝਗੜਾ ਹੈ ਇਸ ਲਈ ਮੈਂ ਇਸ ਮਾਸ ਨੂੰ ਛੱਡ ਕੇ ਹੀ ਇਨ੍ਹਾਂ ਸ਼ਿਕਾਰੀ ਪੰਛੀਆਂ ਤੋਂ ਆਪਣਾ ਬਚਾ ਕਰ ਸਕਦੀ ਹਾਂ। ਇਸ ਲਈ ਜੋ ਇਲ ਮਾਸ ਚੁਕ ਕੇ ਲੈ ਜਾ ਰਹੀ ਸੀ ਉਸ ਨੂੰ ਛੱਡ ਦਿਤਾ ਅਤੇ ਅਰਾਮ ਨਾਲ ਬਿਨਾਂ ਕਿਸੇ ਦੁਖ ਤਖਲੀਫ ਦੇ ਆਪਣੇ ਰਸਤੇ ਨੂੰ ਚੱਲ ਪਈ ਇਹ ਜੋ ਮਾਸ ਦਾ ਲੋਥੜਾ ਪੰਜ ਤੱਤ ਦਾ ਸਰੀਰ ਹੈ ਇਹ ਕਾਲ ਦਾ ਭੋਜਨ ਹੈ। ਇਹ ਸਰੀਰ ਤੋਂ ਉਪਰ ਆਤਮਾ ਦਾ ਦੇਸ਼ ਹੈ ਜਿਸ ਨੂੰ ਮਹਾਂਪੁਰਸ਼ਾਂ ਨੇ ਆਪਣੇ ਅਨੁਭਵ ਤੋਂ ਸਮੇਂ ਸਮੇਂ ਆਤਮ ਮਾਰਗ ਮਾਸਿਕ ਪਤ੍ਰਿਕਾ ਵਿਚ ਮਹਾਨ ਫਿਲਾਸਫੀ ਨੂੰ ਸਾਡੀ ਬੋਲੀ ਵਿਚ ਪ੍ਰਕਾਸ਼ਿਤ ਕੀਤਾ ਹੈ ਇਸ ਲਈ ਆਪ ਸਾਰਿਆਂ ਨੂੰ ਬੇਨਤੀ ਹੈ ਕਿ ਇਸ ਆਤਮ ਮਾਰਗ ਦੇ ਪਾਂਧੀ ਬਣਨ ਵਾਸਤੇ ਆਤਮ ਮਾਰਗ ਮੈਗਜ਼ੀਨ ਦੇ ਜਰੂਰ ਹੀ ਮੈਂਬਰ ਆਪ ਬਣੋ ਅਤੇ ਹੋਰਨਾਂ ਨੂੰ ਬਣਾਉਣ ਦੀ ਕ੍ਰਿਪਾਲਤਾ ਕਰੋ ਜੀ।



ਸੰਤ ਗੁਰਦੇਵ ਸਿੰਘ ਕੱਲਰ ਮਾਣਕਪੁਰ


ੴ ਸਤਿਗੁਰ ਪ੍ਰਸਾਦਿ॥

**ਵਾਹਿਗੁਰ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ।**

**ਸੰਤ ਮਾਤਾ ਬੀਜੀ ਰਣਜੀਤ ਕੌਰ ਜੀ ਦੀ ਆਗਿਆ ਅਨੁਸਾਰ ਸੱਚਖੰਡ ਵਾਸੀ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਰਤਵਾੜਾ ਸਾਹਿਬ ਵਾਲਿਆਂ ਦੀ ਪਵਿੱਤਰ ਯਾਦ ਨੂੰ ਸਮਰਪਿਤ**

## ਚੌਥਾ ਮਹਾਨ ਰੂਹਾਨੀ ਸਤਿਸੰਗ ਸਮਾਗਮ

## ਸਥਾਨ - ਰੈਣਬੈਕਸੀ ਦੇ ਪਿਛੇ ਨਗਰ ਮੋਹਾਲੀ ਵਿਖੇ

## ਮਿਤੀ 5 ਅਪ੍ਰੈਲ ਤੋਂ 9 ਅਪ੍ਰੈਲ 2006 ਤੱਕ

**ਸਮਾਂ - ਰਾਤ 7.00 ਤੋਂ 10.00 ਵਜੇ ਤੱਕ**

**9 ਅਪ੍ਰੈਲ ਦਿਨ ਐਤਵਾਰ ਨੂੰ ਸਵੇਰੇ 10.00 ਵਜੇ ਸਹਿਜ ਪਾਠ ਦੇ ਭੋਗ ਪਾਏ ਜਾਣਗੇ।**

*ਸੰਪਰਕ ਨੰ. 98766-90202*

(ਪੰਨਾ 2 ਦੀ ਬਾਕੀ)

ਕਰਮ ਕਾਂਡਾਂ, ਊਚ-ਨੀਚ, ਜਾਤ ਪਾਤ ਦੀ ਨਫਰਤ ਤੋਂ ਮੁਕਤ ਹੋਇਆ। ਐਸੇ ਪਵਿੱਤਰ ਸਰੂਪ ਖਾਲਸਾ ਨੇ ਭਾਰਤ ਵਿਚ ਇਨਕਲਾਬ ਲਿਆਂਦਾ। ਇਕ ਹਜ਼ਾਰ ਸਾਲ ਤੋਂ ਚਲੀ ਆ ਰਹੀ ਭਾਰਤ ਦੀ ਗੁਲਾਮੀ ਦੀਆਂ ਜੜ੍ਹਾਂ ਕੱਟੀਆਂ। ਗੁਰੂ ਜੀ ਨੇ ਪੰਜ ਪਿਆਰਿਆਂ ਤੋਂ ਸੀਸ ਮੰਗੇ, ਮਰਨ ਦੀ ਜਾਚ ਸਿਖਾਈ ਤੇ ਆਤਮਿਕ ਸਦ ਜੀਵਨ ਬਖਸ਼ਿਆ। ਪਹਿਲਾਂ ਪਿਤਾ ਦੀ ਸ਼ਹਾਦਤ ਦਿਤੀ, ਫੇਰ ਚਾਰ ਸਾਹਿਬਜ਼ਾਦਿਆਂ ਦੀ, ਮਾਤਾ ਦੀ, ਪਰਿਵਾਰ ਦੀ ਤਾਕਿ ਅਜ਼ਾਦੀ ਦੇ ਇਸ ਸੰਗਰਾਮ ਵਿਚ ਖਾਲਸਾ ਬੇਖੌਫ ਹੋ ਕੇ ਜੂਝ ਸਕੇ। ਅਨੰਦਪੁਰ ਸਾਹਿਬ, ਚਮਕੌਰ ਦੀ ਗੜ੍ਹੀ ਅਤੇ ਖਦਰਾਣੇ ਦੀ ਢਾਬ ਤੇ ਲੱਖਾਂ ਦੀ ਗਿਣਤੀ ਵਿਚ ਮੁਗਲ ਜਰਵਾਣਿਆਂ ਨਾਲ ਗਿਣਤੀ ਵਿਚ ਘੱਟ ਹੁੰਦਾ ਵੀ ਖਾਲਸਾ ਬਹਾਦਰੀ ਨਾਲ ਜੂਝਿਆ, ਸ਼ਹੀਦੀਆਂ ਪਾਈਆਂ ਪਰ ਈਨ, ਹਾਰ ਨਹੀਂ ਮੰਨੀ। ਗੁਰੂ ਜੀ ਨੇ ਔਰੰਗਜ਼ੇਬ ਨੂੰ ਫਤਹਿ ਦੀਆਂ ਚਿੱਠੀਆਂ (ਜਫਰਨਾਮਾ) ਲਿਖੀਆਂ। ਖਾਲਸਾ ਸੌ ਸਾਲ ਜ਼ੁਲਮ ਵਿਰੁੱਧ ਆਜ਼ਾਦੀ ਲਈ ਜੂਝਦਾ ਰਿਹਾ ਤੇ ਅੰਤ ਮੁਗਲਾਂ ਨੂੰ ਦਰ ਖੈਬਰ ਤੋਂ ਪਾਰ ਤਕ ਭਜਾਉਣ ਵਿਚ ਸਫਲ ਹੋਇਆ।

ਪੰਜਾਬ ਵਿਚ ਪੰਜਾਬੀਆਂ ਦਾ ਰਾਜ ਕਾਇਮ ਹੋਇਆ ਤੇ ਲੋਕਾਂ ਨੇ ਹਜ਼ਾਰਾਂ ਸਾਲਾਂ ਪਿਛੋਂ ਆਜ਼ਾਦੀ ਦਾ ਰੰਗ ਮਾਣਿਆ।

ਖਾਲਸੇ ਦੇ ਆਦਰਸ਼ ਨੂੰ ਅੱਜ ਸੰਸਾਰ ਦੀਆਂ ਚੰਗੀਆਂ ਸਰਕਾਰਾਂ ਤੇ ਸਮਾਜ ਖੁਦ-ਬ-ਖੁਦ ਅਪਨਾ ਰਹੇ ਹਨ। ਖਾਲਸੇ ਨੂੰ ਜਗਤ-ਜੂਠ ਤੰਬਾਕੂ ਤੋਂ ਦੂਰ ਰੱਖਿਆ ਗਿਆ, ਸਾਰਾ ਸੰਸਾਰ ਇਸ ਦੇ ਸੇਵਨ ਕਾਰਨ ਪੈਦਾ ਹੋਈਆਂ ਬੀਮਾਰੀਆਂ ਨਾਲ ਜੂਝ ਰਿਹਾ ਹੈ ਤੇ ਹੁਣ ਕ੍ਰੋੜਾਂ ਰੁਪਿਆਂ ਦੇ ਪ੍ਰੋਜੈਕਟ ਬਣਾ ਕੇ ਇਸ ਲਾਹਨਤ ਤੋਂ ਬਚਣ ਦੇ ਉਪਰਾਲੇ ਹੋ ਰਹੇ ਹਨ। ਗੁਰੂ ਜੀ ਨੇ ਏਕਾ ਨਾਰੀ ਜਤੀ ਦੇ ਉਪਦੇਸ਼ ਹਿਤ 'ਪਰ ਨਾਰੀ ਕੀ ਸੇਜ ਹਉ ਸੁਪਨੈ ਭੀ ਨਾ ਜਈਓ' ਨੂੰ ਦ੍ਰਿੜ੍ਹ ਕਰਵਾਇਆ ਤੇ ਪਰਪੁਰਸ਼ ਪਰਨਾਰੀ ਨੂੰ ਬੱਜਰ ਕੁਰਹਿਤ ਗਰਦਾਨਿਆ। ਅੱਜ ਸੰਸਾਰ ਏਡਜ਼ ਤੋਂ ਬਚਣ ਲਈ ਕਿਵੇਂ ਮੁਹਿੰਮਾ ਚਲਾ ਰਿਹਾ। ਸਮਾਂ ਆਇਗਾ ਸਾਬਤ ਸੂਰਤ ਕੇਸ ਦਾਹੜੀ ਦੀ ਮਹਾਨਤਾ ਨੂੰ ਸਮਝਿਆ ਜਾਏਗਾ ਤੇ ਪੂਰਨ ਮਨੁੱਖ ਨੂੰ ਹੀ ਆਦਰਸ਼ ਮੰਨਿਆ ਜਾਵੇਗਾ। ਅੰਤਕਵਾਦ ਨੇ ਸਾਰਾ ਸੰਸਾਰ ਭੈ-ਭੀਤ ਕੀਤਾ ਹੋਇਆ ਹੈ। ਕੇਵਲ ਸੰਤ-ਸਿਪਾਹੀ ਬਣ ਕੇ ਇਸ ਨੂੰ ਰੋਕਿਆ ਤੇ ਕਤਮ ਕੀਤਾ ਜਾ ਸਕਦਾ ਹੈ। ਲੋੜ ਹੈ ਖਾਲਸੇ ਦੇ ਆਦਰਸ਼ ਸੰਸਾਰ ਭਰ ਵਿਚ ਪ੍ਰਚਾਰੇ ਜਾਣ ਤਾਕਿ ਮਨੁੱਖਤਾ ਦਾ ਉਧਾਰ ਹੋਵੇ। ਪਰਮ-ਮਨੁੱਖ, ਪੂਰਨ ਮਨੁੱਖ, ਨਿਰਮਲ ਮਨੁੱਖ ਦੀ ਘਾੜਤ ਹੀ ਮਨੁੱਖਤਾ ਦਾ ਭਵਿੱਖ ਹੈ।

(ਪੰਨਾ 28 ਦੀ ਬਾਕੀ)

ਇਹ ਸਤਿਕਾਰਯੋਗ ਸ੍ਰੀ ਮਾਨ ਬਾਬਾ ਜੀ ਜੋ ਕਿ ਮਹਾਰਾਜ ਜੀ ਦੇ ਪਿਆਰੇ, ਮਹਾਰਾਜ ਜੀ ਦਾ ਰੂਪ - ਜਿਵੇਂ ਕਿ ਧੰਨ-ਧੰਨ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਾਂਗਰੀ ਭਾਈ ਨੰਦ ਸਿੰਘ ਜੀ, ਜਿਵੇਂ ਕਿ ਹੋਰ - ਭਾਈ ਬਹਿਲੋ ਜੀ, ਭਾਈ ਮੰਝ ਜੀ, ਮਾਤਾ ਖੀਵੀ ਜੀ ਜਿਨ੍ਹਾਂ ਨੇ ਲੰਗਰ ਦੀ ਸੇਵਾ ਕੀਤੀ, ਬਾਬਾ ਨਿਧਾਨ ਸਿੰਘ ਜੀ (ਸਚਖੰਡ ਸ੍ਰੀ ਹਜੂਰ ਸਾਹਿਬ), ਬਾਬਾ ਮਿਤ ਸਿੰਘ ਜੀ (ਸਚਖੰਡ ਸ੍ਰੀ ਹਜ਼ੂਰ ਸਾਹਿਬ) ਜਿਨ੍ਹਾਂ ਨੇ ਲੰਗਰਾਂ ਦੀ ਸੇਵਾ ਨਿਭਾਈ। ਉਸੇ ਪ੍ਰਕਾਰ ਗੁਰੂ ਘਰ ਵਲੋਂ, ਹੋਤੀ ਮਰਦਾਨ ਵਲੋਂ, ਰੇਰੂ ਸਾਹਿਬ ਵਲੋਂ, ਰਾੜਾ ਸਾਹਿਬ ਵਲੋਂ ਇਹ ਮਾਣ ਸ੍ਰੀ ਮਾਨ ਸੰਤ ਬਾਬਾ ਬਲਵੰਤ ਸਿੰਘ ਜੀ ਮਹਾਰਾਜ ਨੂੰ ਪ੍ਰਾਪਤ ਹੋਇਆ ਜੋ ਕਿ ਸਭਨੇ ਹੀ ਦੇਖਿਆ ਹੈ -

*ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ॥*
*ਅੰਗ - 1371*

*ਜਿਨਾ ਨ ਵਿਸਰੈ ਨਾਮੁ ਸੇ ਕਿਨੇਹਿਆ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥ ਅੰਗ - 398*

ਇਹ ਸਭ ਮੇਰੀ (ਬਾਬਾ ਹਰਨੇਕ ਸਿੰਘ) ਬਾਬਾ ਸ੍ਰੀ (ਸ੍ਰੀ ਮਾਨ ਜੀ) ਨਾਲ ਰਹਿੰਦੇ ਹੋਏ ਦੀ ਅੱਖੀਂ-ਦੇਖੀ ਹੈ। ਇਨ੍ਹਾਂ ਦੀ ਸੇਵਾ ਸਿਖਿਆ ਲੈਂਦੇ ਹੋਏ ਦਾਸ (ਸੰਤ ਬਾਬਾ ਹਰਨੇਕ ਸਿੰਘ ਜੀ) ਗੁਰੂ ਤਖਤਾਂ ਦੀ ਸੇਵਾ ਨਿਭਾਉਂਦੇ ਹਨ ਜੋ ਕਿ ਸ੍ਰੀ ਫਤਹਿਗੜ੍ਹ ਸਾਹਿਬ - ਸ਼ਹੀਦੀ ਜੋੜ ਮੇਲੇ ਤੇ 15-20 ਦਿਨ-ਮਹੀਨਾ ਲੰਗਰਾਂ ਦੀ ਸੇਵਾ, ਹੌਲੇ ਮੁਹੱਲੇ ਤੇ ਸ਼ਹੀਦੀ ਬਾਗ 15 ਦਿਨ, ਦਸ਼ਹਿਰੇ ਤੇ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਕੁਰਕਸ਼ੇਤਰ ਵਿਖੇ 6 ਪਾਤਿਸ਼ਾਹੀਆਂ ਦੀ ਸੇਵਾ ਫੇਰ ਅੰਮ੍ਰਿਤਸਰ ਵਿਖੇ ਲੰਗਰ ਦੀ ਸੇਵਾ, ਵਿਸਾਖੀ ਸਮੇਂ ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਲੰਗਰਾਂ ਦੀ ਸੇਵਾ ਨਿਭਾਉਂਦੇ ਹਾਂ ਜਿਥੇ ਅਨੇਕਾਂ ਹੀ ਯਾਤਰੂ ਲੰਗਰ ਛਕਦੇ ਹਨ। ਲੰਗਰਾਂ ਦੀ ਸੇਵਾ ਦੇ ਨਾਲ-ਨਾਲ ਸ੍ਰੀ ਅਖੰਡ ਪਾਠਾਂ ਦੀ ਵੀ ਸੇਵਾ ਨਿਰੰਤਰ ਚਲਦੀ ਹੈ ਜੋ ਕਿ ਦੱਸਾਂ ਗੁਰੂਆਂ ਦੀ, ਪੰਜਾਂ ਪਿਆਰਿਆਂ ਜੀ, ਰਾੜਾ ਸਾਹਿਬ ਵਾਲੇ ਮਹਾਰਾਜ ਜੀ ਦੀ ਕ੍ਰਿਪਾ ਹੈ। ਇਹੀ ਅਰਦਾਸ ਹੈ ਕਿ ਵਾਹਿਗੁਰੂ ਸੇਵਾਦਾਰ ਭੇਜਦਾ ਰਹੇ ਅਤੇ ਇਹ ਸੇਵਾ ਚਲਦੀ ਰਹੇ।

ਅਕਾਲ ਪੁਰਖ, ਵਾਹਿਗੁਰੂ ਦੀ ਮਹਿਮਾ ਬੇਅੰਤ ਹੈ, ਸਿਫਤ ਵੀ ਬੇਅੰਤ ਹੈ, ਕਹਿਣ ਕਰਕੇ ਅੰਤ ਨਹੀਂ ਪਾਇਆ ਜਾਂਦਾ ਅਤੇ ਉਸ ਦੇ ਪਿਆਰੇ ਮਹਾਂਪੁਰਸ਼ ਵੀ ਉਸਦਾ ਰੂਪ ਹੋਣ ਕਰਕੇ ਸਦਾ ਬੇਅੰਤ ਹਨ, ਉਨ੍ਹਾਂ ਦਾ ਸੰਪੂਰਨ ਜਸ ਤੁਛ ਜੀਵ ਪਾਸੋਂ ਕਥਨ ਨਹੀਂ ਕੀਤਾ ਜਾ ਸਕਦਾ।

***ਸਾਧ ਕੀ ਮਹਿਮਾ ਬੇਦ ਨ ਜਾਨਹਿ।***

ਸੋ ਅਨੇਕਾਂ ਭੁੱਲਾਂ ਹੋ ਗਈਆਂ ਹੋਣਗੀਆਂ, ਸਾਧ ਸੰਗਤ ਜੀ ਖਿਮਾ ਕਰਨੀ।

*ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ।*

# ਜੀਵਨ ਮਨੋਰਥ

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂਹਾਨੀ. ਮਿਸ਼ਨ***

ਸ਼ਾਨ.................................।

***ਸਤਿਨਾਮੁ ਸ੍ਰੀ ਵਾਹਿਗੁਰੂ***
***ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ॥***

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - 289*

***ਧਾਰਨਾ - ਫਿਰਦੇ ਫਿਰਦੇ ਨੂੰ, ਬਹੁਤੇ ਜੁਗ ਹੋ***
***ਲੇਖੇ ਵਿਚ ਲਾ ਲੈ ਮਾਲਕਾ - 2.***
***ਕਈ ਜਨਮ ਭਏ ਕੀਟ ਪਤੰਗਾ॥***
***ਕਈ ਜਨਮ ਗਜ ਮੀਨ ਕੁਰੰਗਾ॥***
***ਕਈ ਜਨਮ ਪੰਖੀ ਸਰਪ ਹੋਇਓ॥***
***ਕਈ ਜਨਮ ਹੈਵਰ ਬ੍ਰਿਖ ਜੋਇਓ॥***
***ਮਿਲੁ ਜਗਦੀਸ ਮਿਲਨ ਕੀ ਬਰੀਆ॥***
***ਚਿਰੰਕਾਲ ਇਹ ਦੇਹ ਸੰਜਰੀਆ॥ ਰਹਾਉ॥***
***ਕਈ ਜਨਮ ਸੈਲ ਗਿਰਿ ਕਰਿਆ॥***
***ਕਈ ਜਨਮ ਗਰਭ ਹਿਰਿ ਖਰਿਆ॥***
***ਕਈ ਜਨਮ ਸਾਖ ਕਰਿ ਉਪਾਇਆ॥***
***ਲਖ ਚਉਰਾਸੀਹ ਜੋਨਿ ਭ੍ਰਮਾਇਆ॥***
***ਅੰਗ - 176***

***ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ॥***
***ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ॥***
***ਅੰਗ - 156***

ਸਾਧਸੰਗਤ ਜੀ - ਗਜ ਕੇ ਬੋਲਣਾ - 'ਸਤਿਨਾਮੁ ਸ੍ਰੀ ਵਾਹਿਗੁਰੂ।' ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ ਵਿਚ ਪਹੁੰਚੇ ਹੋ। ਚਿਤ ਬਿਰਤੀਆਂ ਨੂੰ ਇਕਾਗਰ ਕਰੋ, ਜੋ ਥੋੜ੍ਹਾ ਜਿਹਾ ਸਮਾਂ ਆਪਾਂ ਨੂੰ ਮਿਲਿਆ ਹੈ - ਸਤਿਸੰਗ ਕਰਨ ਦਾ, ਪੂਰਾ-ਪੂਰਾ ਧਿਆਨ ਦੇ ਕੇ ਜੇ ਅਸੀਂ ਸਰਵਣ ਕਰਾਂਗੇ ਤੇ ਵਿਚਾਰ ਕਰਾਂਗੇ, ਸਮਾਂ ਲੇਖੇ ਵਿਚ ਲਗ ਜਾਏਗਾ ਤੇ ਸਾਨੂੰ ਰਸਤਾ ਲੱਭ ਜਾਏਗਾ। ਆਦਮੀ ਨੂੰ ਧਰਮ ਦੇ ਮਾਮਲੇ ਦੇ ਵਿਚ ਪਤਾ ਨਹੀਂ ਲਗਦਾ, ਸਾਰੀ ਜ਼ਿੰਦਗੀ ਬਾਣੀ ਪੜ੍ਹਦਾ ਹੈ, ਸਾਰੀ ਜ਼ਿੰਦਗੀ ਭਜਨ ਕਰਦਾ ਹੈ, ਸਾਰੀ ਜ਼ਿੰਦਗੀ ਸੇਵਾ ਕਰਦਾ ਹੈ, ਸਾਰੀ ਜ਼ਿੰਦਗੀ ਲੋਕਾਂ ਨੂੰ ਉਪਦੇਸ਼ ਦਿੰਦਾ ਹੈ, ਲੇਕਿਨ ਆਪ ਸੁੱਕੇ ਦਾ ਸੁੱਕਾ ਰਹਿ ਜਾਂਦਾ ਹੈ। ਐਸਾ ਹੀ ਹੈ ਹਿਸਾਬ ਕਿਤਾਬ, ਕਿਉਂਕਿ ਜਦ ਤਕ ਕਿਸੇ ਸਮਰੱਥ ਮਹਾਂਪੁਰਸ਼ ਦੀ ਮਿਹਰ ਨਾ ਹੋਵੇ, ਓਨੀ ਦੇਰ ਤਕ ਅੰਦਰਲੇ ਕਪਾਟ ਨਹੀਂ ਖੁਲ੍ਹਿਆ ਕਰਦੇ। ਜਦ ਤਾਂਈ ਕਪਾਟ ਦਰਵਾਜ਼ਾ ਈ ਨਹੀਂ ਖੁਲ੍ਹਦਾ ਤਾਂ ਅੰਦਰ ਦਾਖਲ ਕਿਵੇਂ ਹੋਏਗਾ? ਪਤਾ ਨਹੀਂ ਲੱਗਿਆ ਕਰਦਾ।

ਇਸ ਕਰਕੇ, ਸਾਡਾ ਸਮਾਂ ਲੇਖੇ ਵਿਚ ਲਗ ਰਿਹਾ ਹੈ। ਦੂਸਰੇ ਨਾਲੋਂ ਬਹੁਤ ਚੰਗਾ ਹੈ, ਪਰ ਜੋ ਸਮੇਂ ਦਾ ਪੂਰਾ ਪੂਰਾ ਲਾਭ ਲੈਣਾ ਹੈ, ਜ਼ਿੰਦਗੀ ਵਿਚ ਬੜੇ ਅਡੰਬਰ ਆਉਂਦੇ ਨੇ, ਬਹੁਤ ਬੜੀਆਂ ਬੜੀਆਂ ਅਸੀਂ ਗੱਲਾਂ ਕਰਦੇ ਹਾਂ, ਬਹੁਤ ਵੱਡੇ-ਵੱਡੇ ਇਕੱਠ ਹੁੰਦੇ ਨੇ - ਦੀਵਾਨਾਂ 'ਚ, ਕਰਨ ਵਾਲੇ ਨੂੰ ਵੀ ਖੁਸ਼ੀ ਹੁੰਦੀ ਹੈ, ਪਰ ਰੂਹਾਨੀ ਨੁਕਤੇ ਤੋਂ ਦੇਖੀਏ ਤਾਂ ਇਹਦਾ ਬਹੁਤ ਮੁੱਲ ਨਹੀਂ ਹੋਇਆ ਕਰਦਾ। ਬੰਦੇ 'ਚ ਮੁਢਲੀ ਤਬਦੀਲੀ ਨਹੀਂ ਆਉਂਦੀ, ਓਥੇ ਦਾ ਓਥੇ ਹੀ ਰਹਿੰਦਾ ਹੈ, ਥਕੇਵਾਂ ਪੱਲੇ ਪੈਂਦਾ ਹੈ। ਥੋੜ੍ਹੀ ਜਿਹੀ ਪ੍ਰਸੰਸਾ ਹੋ ਜਾਂਦੀ ਹੈ, ਪ੍ਰਸੰਸਾ ਦੇ ਨਾਲ ਆਪ ਨੂੰ ਖੁਸ਼ੀ ਮਿਲਦੀ ਹੈ। ਹਮੇਸ਼ਾ ਓਸ ਪ੍ਰਸੰਸਾ ਤੋਂ ਆਦਮੀ ਨੂੰ ਖੁਸ਼ੀ ਹੁੰਦੀ ਹੈ, ਜਿਹੜੀ ਗੱਲ ਉਹਦੇ ਵਿਚ ਹੋਵੇ ਨਾ, ਪਰ ਲੋਕ ਕਹਿਣ ਤੇਰੇ ਵਿਚ ਹੈ। ਬੜਾ ਖੁਸ਼ ਹੋਏਗਾ। ਇਹੀ ਚੀਜ਼ ਗਲਤ ਲੈ ਜਾਂਦੀ ਐ - ਆਦਮੀ ਨੂੰ।

ਜੁਗ ਐਸਾ ਹੈ, ਏਸ ਜੁਗ ਦੇ ਅੰਦਰ ਸਾਰੀਆਂ ਕੀਮਤਾਂ ਬਦਲ ਚੁਕੀਆਂ ਨੇ। ਬਹੁਤੀਆਂ ਭੀੜਾਂ ਹੋਣ, ਬਹੁਤਾ ਜ਼ਿਆਦੇ ਇਕੱਠ ਹੋਵੇ, ਹਰੇਕ ਦੀ ਜ਼ਾਬਨ ਤੇ ਗੱਲ ਚਲਦੀ ਹੋਵੇ ਤੇ ਧੰਨ-ਧੰਨ ਕਹਿੰਦੇ ਹੋਣ, ਪਰ ਜਦੋਂ ਅਸੀਂ ਦੀਰਘ ਦ੍ਰਿਸ਼ਟੀ ਦੇ ਨਾਲ ਦੇਖਦੇ ਹਾਂ ਤਾਂ ਮਹਾਰਾਜ ਕਹਿੰਦੇ, ਨਹੀਂ ਪਿਆਰਿਓ! ਐਵੇਂ ਨਾ ਕਿਤੇ ਭੁੱਲ ਜਾਇਓ। ਇਹ ਤਾਂ ਤੁਸੀਂ ਥੋੜ੍ਹੀ ਜਿਹੀ ਮਹਿਮਾ ਨੂੰ ਕਹਿੰਦੇ ਓਂ, ਜੇ ਐਨੀ ਵੀ ਪ੍ਰਸੰਸਾ ਹੋ ਜਾਵੇ -

***ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ॥***
***ਨਵਾ ਖੰਡਾ ਵਿਚਿ ਜਾਣੀਐ***
***ਨਾਲਿ ਚਲੈ ਸਭੁ ਕੋਇ॥ ਅੰਗ - 2***

ਸਾਰੇ ਸੰਸਾਰ ਦੇ ਅੰਦਰ ਕੀਰਤੀ ਹੁੰਦੀ ਹੋਵੇ ਕਿ ਇਹਦੇ ਵਰਗਾ ਕੋਈ ਹੈ, ਬਹੁਤ ਬੜਾ ਕੰਮ ਕਰਿਐ, ਥਾਂ ਥਾਂ ਇਹਦੀ ਪ੍ਰਸੰਸਾ ਅਖਬਾਰਾਂ ਵਿਚ ਹੋ ਰਹੀ ਹੈ, ਟੈਲੀਵੀਜ਼ਨਾਂ ਵਿਚ ਹੋ ਰਹੀ ਹੈ, ਲੋਕਾਂ 'ਚ ਹੋ ਰਹੀ ਹੈ; ਮਹਾਰਾਜ ਕਹਿੰਦੇ, ਜੇ ਪ੍ਰਵਾਨ ਨਾ ਹੋਇਆ - ਦਰਗਾਹ 'ਚ, ਤਾਂ ਪਤਾ ਕੀ ਬਣਦਾ ਹੈ?

***ਜੇ ਤਿਸੁ ਨਦਰਿ ਨ ਆਵਈ***
***ਤ ਵਾਤ ਨ ਪੁਛੈ ਕੇ॥ ਅੰਗ - 2***

ਰੂਹਾਨੀ ਤੋਲ ਹੋਰ ਐ, ਰੂਹਾਨੀ ਵੱਟੇ ਹੋਰ ਨੇ ਜਿਹਦੇ

ਨਾਲ ਬੰਦੇ ਨੇ ਦਰਗਾਹ ਦੇ ਵਿਚ ਪਤਿ ਪਾਉਣੀ ਐ। ਉਹ ਹੋਰ ਚੀਜ਼ਾਂ ਨੇ, ਸੰਸਾਰ ਦਾ ਰੌਲਾ ਰੱਪਾ ਹੋਰ ਚੀਜ਼ ਐ। ਸੋ ਮਹਾਰਾਜ ਜੀ ਫੁਰਮਾਨ ਕਰਦੇ ਨੇ ਕਿ ਬੜੀ ਮੁਸ਼ਕਲ ਦੇ ਨਾਲ ਸਾਨੂੰ ਮਾਨਸ ਦੇਹ ਪ੍ਰਾਪਤ ਹੋਈ ਐ। ਐਵੇਂ ਨਾ ਗਵਾ ਬੈਠਿਓ ਕਿਤੇ ਝੂਠੀਆਂ ਗੱਲਾਂ 'ਚ ਪੈ ਕੇ।

ਕਬੀਰ ਸਾਹਿਬ ਦੀ ਮਹਿਮਾ ਬਹੁਤ ਵਧ ਗਈ। ਹਰ ਥਾਂ ਤੇ ਕਬੀਰ ਕਬੀਰ ਹੋਣ ਲਗ ਗਿਆ। ਕਬੀਰ ਸਾਹਿਬ ਨੂੰ ਗੱਲ ਚੰਗੀ ਨ ਜਚੀ ਇਹ। ਕਹਿਣ ਲੱਗੇ, ਜਿਹੜਾ ਵੀ ਹੈ, ਨਾਉਂ ਲਈ ਜਾਂਦਾ ਹੈ, ਦਰਅਸਲ ਹਕੀਕਤ ਨੂੰ ਕੋਈ ਫੜ ਨਹੀਂ ਰਿਹਾ, ਅਸਲੀਅਤ ਨੂੰ ਕੋਈ ਪਹੁੰਚ ਨਹੀਂ ਰਿਹਾ, ਐਵੇਂ ਹੀ ਕਬੀਰ ਕਬੀਰ ਹੋਈ ਜਾਂਦਾ ਹੈ। ਉਸ ਵੇਲੇ ਆਪ ਨੇ ਇਕ ਐਸਾ ਕੌਤਕ ਰਚਿਆ ਕਿ ਇਕ ਬੀਬੀ ਨਾਲ ਲੈ ਲਈ। ਆਪਣੇ ਹੱਥ ਵਿਚ ਇਕ ਬੋਤਲ ਲੈ ਲਈ ਜਿਸ ਤੋਂ ਇਹ ਪਤਾ ਲੱਗੇ ਕਿ ਇਹ ਸ਼ਰਾਬ ਦੀ ਬੋਤਲ ਹੈ। ਸਾਫਾ ਟੇਢਾ ਕਰ ਕੇ ਬੰਨ੍ਹ ਲਿਆ - ਲੜ ਛੱਡ ਕੇ, ਬਾਂਹ 'ਚ ਬਾਂਹ ਪਾ ਕੇ ਬਜ਼ਾਰ 'ਚ ਤੁਰੇ ਜਾਂਦੇ ਨੇ। ਰੌਲਾ ਪੈ ਗਿਆ ਸਾਰੇ, ਦੇਖੋ! ਕਬੀਰ ਭਗਤ ਜਾਂਦਾ ਹੈ, ਨਾਲ ਲਈ ਜਾਂਦਾ ਹੈ ਵੇਸ਼ਵਾ ਨੂੰ ਤੇ ਨਾਲ ਸ਼ਰਾਬ ਦੀ ਬੋਤਲ ਹੱਥ ਵਿਚ ਹੈ ਤੇ ਫੇਰ ਡਰਦਾ ਨਹੀਂ ਹੈ, ਸ਼ਰਾਬੀ ਹੋਇਆ ਹੋਇਐ। ਜਿਥੇ ਜੀਅ ਕਰਦਾ ਹੈ, ਖੜ੍ਹ ਕੇ ਪੀਣ ਲੱਗ ਜਾਂਦਾ ਹੈ। ਕਾਂਸ਼ੀ ਦਾ ਜੋ ਨਰੇਸ਼ ਸੀ, ਉਹ ਇਨ੍ਹਾਂ ਦਾ ਬੜਾ ਸੇਵਕ ਸੀ, ਉਸ ਤਕ ਵੀ ਗੱਲ ਪਹੁੰਚੀ। ਕਹਿਣ ਲੱਗਿਆ, ਹੋ ਨਹੀਂ ਸਕਦਾ ਕਿ ਕਬੀਰ ਐਸੀ ਬਾਤ ਕਰ ਲਵੇ, ਮੇਰੇ ਗੁਰੂ ਨੇ, ਮੇਰੇ ਗੁਰਦੇਵ ਨੇ। ਲੇਕਿਨ ਥੋੜ੍ਹੀ ਦੇਰ ਤੋਂ ਬਾਅਦ ਕੀ ਦੇਖਦਾ ਹੈ? ਬੜੀ ਭੀੜ ਤੁਰੀ ਆ ਰਹੀ ਹੈ, ਰੌਲਾ ਪੈ ਰਿਹਾ ਹੈ, ਕਬੀਰ ਸਾਹਿਬ ਅੱਗੇ-ਅੱਗੇ ਆ ਰਹੇ ਨੇ, ਰਾਜੇ ਨੇ ਵੀ ਦੇਖ ਲਿਆ ਕਿ ਆ ਰਹੇ ਨੇ, ਅੰਦਰ ਦਾਖਲ ਹੋ ਗਏ ਤਾਂ ਉਸ ਵੇਲੇ ਸਤਿਕਾਰ ਵਾਸਤੇ ਖੜ੍ਹਾ ਨਾ ਹੋਇਆ, ਮਨ 'ਚ ਗਿਲਾਨੀ ਆ ਗਈ ਕਿ ਐਡਾ ਮਹਾਂਪੁਰਸ਼ ਹੋ ਕੇ ਇਹ ਕੀ ਕੰਮ ਕਰਦਾ ਹੈ। ਤੇ ਜਦ ਉਸਨੇ ਪੁਛਿਆ, ਓਦਾਂ ਨਹੀਂ ਕਿਹਾ ਕਿ ਗੁਰਦੇਵ ਤੁਸੀਂ ਇਹ ਕੀ ਕਰਦੇ ਓ, ਤੁਹਾਡਾ ਕੌਤਕ ਸਾਨੂੰ ਸਮਝ 'ਚ ਨਹੀਂ ਆ ਰਿਹਾ, ਸਾਡਾ ਮਨ ਡੋਲ ਰਿਹਾ ਹੈ, ਕ੍ਰਿਪਾ ਕਰੋ, ਸਾਨੂੰ ਡੋਲਣ ਤੋਂ ਬਚਾ ਲਓ। ਨਹੀਂ, ਉਸ ਵੇਲੇ ਬੋਲਿਆ, ਕਹਿੰਦਾ, ਕਬੀਰ ਜੁਲਾਹੇ ਦਾ ਜੁਲਾਹਾ ਹੀ ਰਿਹਾ ਤੂੰ, ਮੈਂ ਬੜਾ ਤੇਰਾ ਸਤਿਕਾਰ ਕਰਦਾ ਸੀ।

***ਮੈ ਜਾਨਿਆ ਵਡਹੰਸੁ ਹੈ***
***ਤਾ ਮੈ ਕੀਆ ਸੰਗੁ ॥***
***ਜੇ ਜਾਣਾ ਬਗੁ ਬਪੁੜਾ***
***ਤ ਜਨਮਿ ਨ ਦੇਦੀ ਅੰਗੁ ॥ ਅੰਗ - 585***

ਜੇ ਮੈਨੂੰ ਪਤਾ ਹੁੰਦਾ ਤੂੰ ਐਨੀ ਛੇਤੀਂ ਗਿਰ ਜਾਏਂਗਾ, ਤਾਂ ਮੈਂ ਗੁਰੂ ਵਾਲੀ ਸ਼ਰਧਾ ਤੇਰੇ ਤੇ ਨਾ ਰੱਖਦਾ। ਕਬੀਰ ਸਾਹਿਬ ਨੇ ਬੋਤਲ ਡੋਲ੍ਹ ਦਿਤੀ, ਕਾਰਪੈਟ ਦੇ ਉਤੇ, ਬਦਬੂ ਫੈਲੀ ਉਥੇ, ਉਸ ਵੇਲੇ ਹੋਰ ਨਰਾਜ਼ ਹੋ ਗਿਆ, ਕਹਿਣ ਲੱਗੇ, ਇਹ ਤੂੰ ਕੀ ਕਰਦਾ ਹੈਂ? ਕਹਿੰਦੇ, ਰਾਜਨ ਕਰਨਾ ਕੀ ਹੈ, ਸਭ ਤੋਂ ਜਿਹੜਾ ਵੱਡਾ ਮੰਦਰ ਹੈ, ਉਹਨੂੰ ਅੱਗ ਲੱਗੀ ਹੋਈ ਸੀ, ਬੁਝਾ ਕੇ ਹਟਿਆ ਹਾਂ। ਏਨੇ ਨੂੰ ਰਾਣੀ ਬਾਹਰ ਆ ਗਈ। ਰਾਣੀ ਨੇ ਰਾਜੇ ਨੂੰ ਰੋਕਿਆ ਕਿ ਤੁਸੀਂ ਇਹ ਕੀ ਗੱਲ ਕਰਨ ਲੱਗ ਗਏ। ਮਹਾਂਪੁਰਸ਼ਾਂ ਦੀ ਕਿਰਿਆ ਨੂੰ ਕੌਣ ਸਮਝ ਸਕਦਾ ਹੈ? ਨਾ ਪ੍ਰਮੇਸ਼ਰ ਦੀ, ਨਾ ਸਮਰੱਥ ਪੁਰਸ਼ਾਂ ਦੀ ਕਿਰਿਆ ਨੂੰ ਕੋਈ ਸਮਝਦਾ ਹੈ, ਕੀ ਪਤਾ, ਕੀ ਮਤਲਬ ਹੈ ਇਹਦਾ? ਤੇ ਤੁਸੀਂ ਗੁਰੂ ਦੇ ਉਤੇ ਸ਼ੰਕਾ ਕਰ ਦਿਤੀ। ਤੁਹਾਡਾ ਤਾਂ ਤਪ ਸਾਰਾ ਨਸ਼ਟ ਹੋ ਗਿਆ। ਛੇ ਕਲਾ ਵੈਰਾਗ ਦੀਆਂ ਨਸ਼ਟ ਹੋ ਜਾਂਦੀਆਂ ਨੇ, ਜੇ ਤੱਤ ਬੇਤੇ ਮਹਾਂਪੁਰਖ ਦੇ ਖਿਲਾਫ ਤਰਕ ਆ ਜਾਵੇ। ਓਸ ਵੇਲੇ ਰਾਜੇ ਨੂੰ ਕਹਿਣ ਲੱਗੀ, ਤੁਸੀਂ ਘੋੜ ਸਵਾਰ ਭੇਜ ਕੇ ਖਬਰ ਮੰਗਾਓ। ਓਸ ਵੇਲੇ, ਵੱਡਾ ਮੰਦਰ ਜਿਹੜਾ ਵਿਸ਼ਵਨਾਥ ਹੁੰਦਾ ਸੀ, ਓਥੇ ਭੇਜਿਆ। ਪੁੱਛਿਆ ਉਸਨੂੰ, ਕਹਿੰਦੇ, ਜੀ ਅਚਾਨਕ ਅੱਗ ਲਗ ਗਈ ਸੀ ਤੇ ਲਗਦਾ ਇਹ ਹੈ ਸੀ ਕਿ ਅੱਜ ਬਚਾਓ ਕੋਈ ਨਹੀਂ ਹੋਣਾ, ਪਰ ਇਹ ਵੀ ਪਤਾ ਨਹੀਂ ਕਿ ਕੀ ਹੋਇਆ, ਐਡੀ ਭੜਕਦੀ ਅੱਗ ਅਚਾਨਕ ਬੁਝ ਗਈ। ਉਸ ਤੋਂ ਬਾਅਦ ਅਸੀਂ ਕੀ ਦੇਖਦੇ ਹਾਂ ਕਿ ਅੱਗ ਲਗਣ ਦਾ ਕੋਈ ਨਿਸ਼ਾਨ ਵੀ ਬਾਕੀ ਨਹੀਂ ਸੀ, ਨਾ ਕੁਛ ਧੁਆਂਖਿਆ, ਜਿਹੜੇ ਚੌਖਟੇ ਜਲਦੇ ਨਜ਼ਰ ਆ ਰਹੇ ਸੀ, ਉਨ੍ਹਾਂ ਦੇ ਨਾ ਰੰਗ ਖਰਾਬ ਹੋਏ। ਕੋਈ ਐਸਾ ਕੌਤਕ ਲੱਗਿਆ ਜਿਹਦੀ ਸਮਝ ਸਾਨੂੰ ਨਹੀਂ ਪੈਂਦੀ।

ਸੋ ਜਸ ਜ਼ਿਆਦਾ ਹੋ ਗਿਆ। ਲਾਹ ਦਿਤੇ ਕੱਚੇ ਸਾਰੇ, ਕਿਉਂਕਿ ਤੱਤ ਬੇਤੇ ਮਹਾਂਪੁਰਸ਼ਾਂ ਕੋਲ ਕੋਈ ਜਗਿਆਸੂ ਆਉਣ, ਉਹ ਤਾਂ ਲਾਭ ਉਠਾ ਸਕਦੇ ਨੇ, ਜਦ ਬਹੁਤੀਆਂ ਭੀੜਾਂ ਬਣ ਜਾਣ, ਫੇਰ ਗਲਤ ਹੋਇਆ ਕਰਦਾ ਹੈ। ਭੀੜਾਂ ਦੇ ਨਾਲ ਕਿਸੇ ਮਹਾਂਪੁਰਸ਼ਾਂ ਦਾ ਅੰਦਾਜ਼ਾ ਨਹੀਂ ਲਾਇਆ ਜਾਂਦਾ। ਅੰਦਾਜ਼ਾ ਏਸ ਗੱਲ ਤੇ ਹੁੰਦਾ ਹੈ ਕਿ ਕਿੰਨਿਆਂ ਦੇ ਜੀਵਨ ਬਦਲੇ ਨੇ, ਕਿੰਨਿਆਂ ਨੂੰ ਰਾਹ ਲੱਭਿਆ ਹੈ, ਕਿੰਨਿਆਂ ਦਾ ਰਸਕ ਜੀਵਨ ਬਣਿਆ ਹੈ, ਖੁਸ਼ਕੀ ਤੋਂ ਨਿਕਲੇ ਨੇ, ਕਿੰਨਿਆਂ ਦੇ ਨੇਤਰ ਖੁਲ੍ਹੇ ਨੇ। ਉਹ ਚਾਹੇ ਕਿਹੋ ਜਿਹੀ ਵੀ ਹਾਲਤ 'ਚ ਹੋਵੇ -

***ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ ॥***
***ਜਾਤਿ ਨ ਪਤਿ ਨ ਆਦਰੋ***
***ਉਦਿਆਨ ਭ੍ਰਮਿੰਨਾ ॥***
***ਮਿਤ੍ਰ ਨ ਇਠ ਧਨ ਰੂਪ ਹੀਣ***
***ਕਿਛੁ ਸਾਕੁ ਨ ਸਿੰਨਾ ॥ ਅੰਗ - 707***

ਐਸੀ ਅਵਸਥਾ 'ਚ unknown (ਅਗਿਆਤ) ਥਾਂ ਤੇ ਰਹਿੰਦਾ ਹੋਇਆ, ਜਿਹਨੂੰ ਕੋਈ ਵੀ ਨਹੀਂ ਜਾਣਦਾ, ਜਿਸ ਪ੍ਰਥਾਏ ਭਾਈ ਹੇਮੇ ਤੇ, ਗੁਰੂ ਪੰਜਵੇਂ ਪਾਤਸ਼ਾਹ ਨੇ ਸ਼ਬਦ

ਉਚਾਰਨ ਕੀਤਾ ਹੈ। ਉਹਨੂੰ ਕੋਈ ਪਿੰਡ ਵਿਚ ਪਾਣੀ ਵੀ ਨਹੀਂ ਸੀ ਮੰਗਿਆ ਹੋਇਆ ਦਿੰਦਾ, ਕੋਈ ਉਹਦੇ ਨਾਲ ਬਚਨ ਨਹੀਂ ਸੀ ਕਰਦਾ, ਕੋਈ ਉਹਦੇ ਕੋਲੋਂ ਦੀ ਲੰਘਦਾ ਉਹਨੂੰ ਬੁਲਾਇਆ ਨਹੀਂ ਸੀ ਕਰਦਾ। ਬਾਹਰ ਰਹਿੰਦਾ ਸੀ - ਆਪਣੇ ਖੇਤ ਵਿਚ ਕਿਉਂਕਿ ਇਹ ਇਕੱਲਾ ਹੀ ਗੁਰਸਿੱਖ ਸੀ, ਬਾਕੀ ਪਿੰਡ ਸਾਰਾ ਆਲਾ-ਦੁਆਲਾ ਚੁਗਿਰਦੇ ਦੇ ਪਿੰਡ ਸੁਲਤਾਨੀਆਂ ਦੇ ਸੀ। ਇਸ ਕਰਕੇ ਉਨ੍ਹਾਂ ਨੇ ਇਨ੍ਹਾਂ ਦਾ ਆਦਰ ਨਾ ਕੋਈ ਕਰਿਆ ਪਰ ਮਹਾਰਾਜ ਨੇ ਜਦ ਅੰਦਰਲੀ ਅਵਸਥਾ ਭਾਈ ਹੇਮੇ ਦੀ ਦੇਖੀ ਤਾਂ ਕਹਿਣ ਲੱਗੇ, ਪਿਆਰਿਓ! ਭੁਲੇਖਾ ਨਾ ਖਾਓ, ਇਹ ਤਾਂ ਬਹਿਸ਼ਤਾਂ ਦਾ ਬਾਦਸ਼ਾਹ ਹੈ, ਜੋ ਮੁੱਖ 'ਚੋਂ ਨਿਕਲ ਜਾਏ, ਉਹ ਮੰਨ ਲਈ ਜਾਣੀ ਐਂ ਇਹਦੀ ਗੱਲ। ਕੇਵਲ ਸੰਸਾਰ ਦਾ ਬਾਦਸ਼ਾਹ ਨਹੀਂ ਹੈ, ਇਹ ਬਹਿਸ਼ਤਾਂ ਦਾ ਬਾਦਸ਼ਾਹ ਹੈ, ਦੇਵਤਿਆਂ ਦਾ ਵੀ ਬਾਦਸ਼ਾਹ ਹੈ, ਇਹਦੀ ਤਾਂ ਦਰਗਾਹ ਵਿਚ ਸੁਣੀ ਜਾਂਦੀ ਹੈ, ਮੰਨੀ ਜਾਂਦੀ ਹੈ -

***ਰਾਜਾ ਸਗਲੀ ਸ੍ਰਿਸਟਿ ਕਾ***
***ਹਰਿਨਾਮਿ ਮਨੁ ਭਿੰਨਾ॥ ਅੰਗ - 707***

ਇਹ ਜਿਥੇ ਚਰਨ ਧਰ ਦੇਵੇ, ਉਹ ਧੂੜ ਐਨੀ ਪਵਿੱਤਰ ਹੋ ਜਾਂਦੀ ਹੈ ਕਿ ਉਸ ਧੂੜ ਦੇ ਨਾਲ ਇਹ ਮਨ ਬਦਲ ਜਾਂਦੈ -

***ਤਿਸ ਕੀ ਧੂੜਿ ਮਨੁ ਉਧਰੈ***
***ਪ੍ਰਭੁ ਹੋਇ ਸੁਪ੍ਰਸੰਨਾ॥ ਅੰਗ - 707***

ਕਿਉਂਕਿ ਇਹਦੇ ਉਤੇ ਵਾਹਿਗੁਰੂ ਦੀ ਖੁਸ਼ੀ ਹੈ। ਸੋ ਇਸ ਤਰ੍ਹਾਂ ਜੀਵਨ ਦੇ ਅੰਦਰ ਚਹਿਲਾਂ-ਪਹਿਲਾਂ, ਰੌਣਕਾਂ, ਵਡਿਆਈਆਂ, ਮਹਾਰਾਜ ਕਹਿੰਦੇ, ਕਿਸੇ ਕੰਮ ਨਹੀਂ, ਜਿੰਨਾਂ ਚਿਰ ਤੁਸੀਂ ਅੰਦਰਲੀ ਗੱਲ ਨਹੀਂ ਸਮਝਦੇ। ਜੇ ਅੰਦਰੋਂ ਕੁਝ ਸਮਝ 'ਚ ਨਹੀਂ ਪਿਆ, ਕੁਛ ਵੀ ਨਹੀਂ ਸਮਝਿਆ। ਕਿੰਨੀਆਂ ਹੀ ਕਿਤਾਬਾਂ ਪੜ੍ਹ ਲਈਆਂ, ਕਿੰਨੀਆਂ ਹੀ ਲਿਖ ਲਈਆਂ, ਨਾ ਲਿਖਣ ਵਾਲਿਆਂ ਨੂੰ ਕੁਛ ਪਤਾ ਲਗਦਾ ਹੈ, ਨਾ ਪੜ੍ਹਨ ਵਾਲਿਆਂ ਨੂੰ ਪਤਾ ਲਗਦਾ ਹੈ। ਇਹ ਗੱਲ ਸਮਝ 'ਚ ਆਉਣੀ ਔਖੀ ਹੈ, ਕਿਉਂਕਿ ਇਕ ਬੰਦਾ ਕਹਿੰਦਾ ਹੈ ਕਿ ਮੈਂ ਪੀ-ਐਚ.ਡੀ ਹਾਂ, ਮੈਂ ਖੋਜ ਕਰੀ ਹੈ, ਗੁਰੂ ਗ੍ਰੰਥ ਸਾਹਿਬ ਬਾਰੇ ਮੈਂ ਬਹੁਤ ਕੁਛ ਲਿਖਿਆ ਹੈ। ਅੱਜਕਲ੍ਹ ਜੋ ਪੁਸਤਕਾਂ ਲਿਖਣੀਆਂ ਨੇ, ਉਹ ਹਰ ਬੰਦਾ ਜਿਹਨੂੰ ਇਕ ਵਾਰ ਸਮਝਾ ਦਿਤਾ ਜਾਵੇ ਕਿ ਆਹ ਢੰਗ ਹੈ, ਐਉਂ ਲਿਖੀ ਜਾਹ, ਓਹੀ ਵੱਡਾ ਹੋ ਜਾਏਗਾ। ਐਨਾ ਮੈਟੀਰੀਅਲ ਮੌਜੂਦ ਹੈ ਅੱਜਕਲ੍ਹ, ਹਰ ਚੀਜ਼ ਮਿਲਦੀ ਹੈ। ਲਾਈਨਾਂ ਛਾਂਟ-ਛਾਂਟ ਲਿਖੀ ਜਾਣੀਆਂ ਨੇ, ਉਹਦੀ ਕਿਰਤ ਨਹੀਂ ਹੈ। ਉਹ ਤਾਂ ਕਿਰਤ ਕੀਤੀ ਹੋਈ ਨੂੰ ਆਪਣੀ ਬਣਾ ਕੇ ਪੇਸ਼ ਕਰ ਰਿਹਾ ਹੈ, ਉਹਦੀ ਵਾਹ-ਵਾਹ ਕਰ ਰਿਹਾ ਹੈ। ਬਾਣੀ ਕਿਸੇ ਨੇ ਰਚੀ ਹੈ, ਕਹੀ ਕਿਸੇ ਨੇ ਹੈ ਤੇ ਉਹਨੇ ਉਸਨੂੰ ਆਪਣੀ ਬਣਾ ਕੇ ਪ੍ਰਸੰਸਾ ਲੈ ਲਈ। ਸੋ ਇਹ ਪ੍ਰਸੰਸਾ ਵਗੈਰਾ ਕੁਝ ਕਰਦੀਆਂ ਨਹੀਂ, ਸਾਨੂੰ ਛਡਾਉਂਦੀਆਂ ਨਹੀਂ।

ਸੋ ਅਸੀਂ ਬੇਨਤੀ ਕੀਤੀ ਹੈ, ਸੱਚੇ ਪਾਤਸ਼ਾਹ! ਬੇਅੰਤ ਜੁਗ ਬੀਤ ਗਏ, ਬੀਤਦੇ ਚਲੇ ਜਾ ਰਹੇ ਨੇ ਤੇ ਹੁਣ ਕ੍ਰਿਪਾ ਕਰ ਤੂੰ ਸਾਡੇ ਤੇ, ਸਾਡਾ ਜੀਵਨ ਲੇਖੇ 'ਚ ਲਗ ਜਾਵੇ। ਧਿਆਨ ਦੇ ਕੇ ਦੇਖੋ ਕਿ ਦੁਨੀਆਂ ਕੀ ਹੈ? ਜਿਹਦੇ ਵਿਚ ਅਸੀਂ ਵਿਚਰ ਰਹੇ ਹਾਂ, ਇਹ ਹੈ ਕੀ? ਜਦੋਂ ਕੋਈ ਚੀਜ਼ ਨਹੀਂ ਸੀ ਏਸ ਸੰਸਾਰ ਦੇ ਅੰਦਰ, ਉਸ ਵੇਲੇ ਕੇਵਲ ਪ੍ਰਮੇਸ਼ਰ ਸੀਗਾ, ਜਿਹਨੂੰ ਨਿਰਗੁਣ ਬ੍ਰਹਮ ਕਹਿੰਦੇ ਸੀ, ਜਿਹਦਾ ਨਾ ਕੋਈ ਰੂਪ ਸੀ, ਨਾ ਕੋਈ ਰੇਖ, ਕੁਝ ਵੀ ਨਹੀਂ ਸੀਗਾ, ਨਾ ਕੋਈ ਉਹਨੂੰ ਜਾਣਦਾ ਸੀ। ਆਪਣੇ ਆਪ ਨੂੰ ਆਪੇ ਹੀ ਜਾਣਦਾ ਸੀ ਕਿਉਂਕਿ ਦੂਜੀ ਚੀਜ਼ ਹੈ ਨਹੀਂ ਸੀ।

ਜੋ ਗੁਰੂ ਨਾਨਕ ਪਾਤਸ਼ਾਹ ਦਾ ਸਿਧਾਂਤ ਹੈ, ਇਹਦੇ ਵਿਚ ਫਰਕ ਹੈ ਥੋੜ੍ਹਾ ਜਿਹਾ। ਪੁਸਤਕਾਂ ਤਾਂ ਅਸੀਂ ਪੜ੍ਹ ਲੈਨੇ ਹਾਂ, ਲੇਕਿਨ ਸਿਧਾਂਤ ਤੋਂ ਅਸੀਂ ਅਣਜਾਣ ਹੋਣ ਕਰਕੇ ਸਾਨੂੰ ਪਤਾ ਨਹੀਂ ਲਗਦਾ। ਬਾਕੀ ਹੋਰ ਬਹੁਤ ਸਾਰੇ ਮਹਾਂਪੁਰਸ਼ ਨੇ, ਜਿਨ੍ਹਾਂ ਨੇ ਇਹ ਨਿਹਚਾ ਕਰਿਆ ਕਿ ਤਿੰਨ ਚੀਜ਼ਾਂ ਸੀ - ਇਕ ਪ੍ਰਕ੍ਰਿਤੀ ਸੀਗੀ, ਪ੍ਰਕ੍ਰਿਤੀ ਦਾ ਬੀਜ ਸੀ। ਜਿਸ ਤਰ੍ਹਾਂ ਪ੍ਰਮੇਸ਼ਰ ਨਿਰਗੁਨ ਰੂਪ ਵਿਚ ਸੀ, ਏਸੇ ਤਰ੍ਹਾਂ ਉਹ ਜਿਹਾ ਬੀਜ ਸੀ, ਉਹ ਵੀ ਕੰਮਪ੍ਰੈਸ ਹੋ ਕੇ ਨਿਰਗੁਨ ਰੂਪ 'ਚ ਪਹੁੰਚ ਗਿਆ ਸੀ, ਸਾਇੰਸ ਵਾਲਿਆਂ ਦੀ ਟੋਹ ਹੈ ਇਹ। ਉਹ ਛੋਟਾ ਕਿੰਨਾ ਸੀ? ਕਹਿੰਦੇ ਦੱਸਿਆ ਹੀ ਨਹੀਂ ਜਾ ਸਕਦਾ। ਕੰਮਪਰੈਸ ਹੋ ਕੇ ਕਿੰਨਾ ਛੋਟਾ ਹੋ ਗਿਆ - ਪੁਆਇੰਟ ਲਾ ਕੇ 80 ਜ਼ੀਰੋ ਲਾ ਕੇ ਫੇਰ...........1 ਲਾ ਕੇ infinity (ਅਨੰਤ) ਲਿਖ ਦਿਤੀ। ਜਿਹੜੇ ਹਿਸਾਬ ਜਾਣਦੇ ਹੋਣ, ਉਨ੍ਹਾਂ ਨੂੰ ਪਤਾ ਹੈ ਕਿ ਇਹ ਤਾਂ ਕੋਈ ਗੱਲ ਨਾ ਬਣੀ। ਜਿਥੇ ਅਸੀਂ ਸੋਚਾਂਗੇ ਕਿ ਐਨਾ ਛੋਟਾ ਸੀ, ਓਸ ਤੋਂ ਹੋਰ ਵੀ ਛੋਟਾ। ਜਿੰਨਾ ਉਹ ਫੈਲੇਗਾ, ਜਿਥੇ ਅਸੀਂ ਖੜ੍ਹਾਂਗੇ, ਉਸ ਤੋਂ ਗਹਾਂ ਫੇਰ ਓਨਾਂ ਹੀ ਹੈ।

ਸੋ ਉਨ੍ਹਾਂ ਦਾ ਖਿਆਲ ਸੀ, ਏਸੇ ਤਰ੍ਹਾਂ ਦੇ ਨਾਲ ਜੀਵ ਦੀ ਵੀ ਨਿਰਗੁਨ ਰੂਪ ਦੇ ਵਿਚ ਹੋਂਦ ਕਾਇਮ ਸੀ। ਤਿੰਨ ਸੀਗੇ - ਇਕ ਜੀਵ ਸੀ, ਪ੍ਰਾਕ੍ਰਿਤੀ ਸੀ ਜਿਹਨੂੰ ਮਾਇਆ ਕਹਿੰਦੇ ਨੇ ਜਾਂ ਅਗਿਆਨ ਕਹਿੰਦੇ ਨੇ, ਇਕ ਰੱਬ ਸੀਗਾ। ਗੁਰੂ ਮਹਾਰਾਜ ਕਹਿੰਦੇ, ਨਹੀਂ, ਏਸ ਤਰ੍ਹਾਂ ਨਾ ਤੁਸੀਂ ਵੰਡੋ, ਏਥੇ ਕੇਵਲ ਪ੍ਰਮੇਸ਼ਰ ਸੀ, ਹੋਰ ਕੋਈ ਚੀਜ਼ ਹੈ ਨਹੀਂ ਸੀ। ਉਹ ਜਿਹੜਾ ਪ੍ਰਮੇਸ਼ਰ ਸੀ, ਉਹ ਸਰਬ ਕਲਾ ਸਮਰਥ ਸੀ। ਉਹ ਕੋਈ ਐਂ ਨਹੀਂ ਸੀ ਕਿ ਉਹਨੂੰ ਪਤਾ ਨਹੀਂ ਸੀ ਕਿਸੇ ਚੀਜ਼ਾਂ ਦਾ ਕਿ ਉਹ ਨਿਰਗੁਨ ਅਵਸਥਾ 'ਚ ਚਲਿਆ ਗਿਆ ਤੇ ਹੁਣ ਕੁਛ ਵੀ ਨਹੀਂ ਹੈ, ਸਮਾਧੀ ਲਾਈ ਹੋਈ ਹੈ, ਜ਼ੀਰੋ ਵਿਚ ਚਲਾ ਗਿਆ। ਕਹਿੰਦੇ, ਐਂ ਨਹੀਂ ਸੀਗਾ, ਹੋਂਦ ਸੀ, ਉਹ, ਉਹਦਾ ਨਾਉਂ ਇਸੇ ਕਰਕੇ

ਸਤਿ ਹੈ – 'ਸਤਿਨਾਮੁ ਤੇਰਾ ਪਰਾ ਪੂਰਬਲਾ।' ਇਸੇ ਕਰਕੇ ਐ ਕਿ ਉਹ ਸਤਿ ਕਦੇ ਵੀ ਅਸਤਿ ਨਹੀਂ ਹੁੰਦਾ, ਚਾਹੇ ਉਹ ਨਿਰਗੁਨ ਹੋ ਜਾਏ, ਚਾਹੇ ਸਰਗੁਨ ਹੋ ਜਾਵੇ, ਚਾਹੇ ਵੈਰਾਟ ਬਣ ਜਾਵੇ, ਚਾਹੇ ਈਸ਼ਵਰ ਬਣ ਜਾਵੇ, ਚਾਹੇ ਜੀਵ ਬਣ ਜਾਵੇ, ਚਾਹੇ ਸੰਸਾਰ ਬਣ ਜਾਵੇ। ਉਹਦੀ ਹੋਂਦ ਨਹੀਂ ਬਦਲਦੀ ਕਦੇ ਵੀ। ਉਹ ਜਿਹੜਾ ਨਿਰਗੁਨ ਸੀ, ਉਸਨੇ ਆਪਣੇ ਆਪ ਤੋਂ ਰਚਨਾ ਰਚਨੀ ਤੇ ਰਚਨ ਤੋਂ ਬਾਅਦ ਬਾਹਰ ਨਹੀਂ ਚਲਿਆ ਗਿਆ।

ਜਿਹੜਾ ਮਿਸਤਰੀ ਹੈ, ਮਕਾਨ ਬਣਾਉਂਦਾ ਹੈ, ਮਕਾਨ ਬਣਾਉਣ ਤੋਂ ਬਾਅਦ ਕੰਧਾਂ 'ਚ ਨਹੀਂ ਉਹ ਹੋਇਆ ਕਰਦਾ, ਨਾ ਛੱਤ 'ਚ ਹੋਇਆ ਕਰਦਾ ਹੈ, ਉਹ ਪਾਸੇ ਹਟ ਜਾਂਦਾ ਹੈ। ਤਰਖਾਣ ਹੈ, ਫਰਨੀਚਰ ਬਣਾਉਂਦਾ ਹੈ, ਫਰਨੀਚਰ ਬਣਾਉਣ ਤੋਂ ਬਾਅਦ ਉਹਦਾ ਕੋਈ ਸਬੰਧ ਨਹੀਂ ਉਹਦੇ ਨਾਲ ਰਹਿੰਦਾ, ਸਬੰਧ ਟੁੱਟ ਜਾਂਦਾ ਹੈ। ਜਦੋਂ ਫਾਈਨਲ ਸ਼ੇਪ ਦੇ ਦਿਤੀ, ਉਸ ਤੋਂ ਬਾਅਦ ਕੋਈ ਕਲਾ ਕਰਨ ਨੂੰ ਉਹਦੇ ਕੋਲ ਟਾਈਮ ਨਹੀਂ ਬਚਦਾ। ਉਹ ਕਹਿੰਦਾ ਹੈ ਠੀਕ ਹੈ, ਮੈਂ ਬਣਾ ਦਿਤਾ ਜੋ ਕੁਛ ਬਣਾਉਣਾ ਸੀ। ਲੇਕਿਨ ਪ੍ਰਮੇਸ਼ਰ ਨੇ ਇਸ ਤਰ੍ਹਾਂ ਨਹੀਂ ਕਰਿਆ। ਮੱਕੜੀ ਜਾਲਾ ਤਣਦੀ ਹੈ, ਭਾਵੇਂ ਉਹ ਜਾਲੇ ਦੇ ਵਿਚ ਰਹਿੰਦੀ ਹੈ, ਪਰ ਇਕੱਲੀ-ਇਕੱਲੀ ਤਾਰ 'ਚ ਨਹੀਂ ਹੁੰਦੀ, ਇਕ ਪਾਸੇ ਹੋ ਕੇ ਬਹਿ ਜਾਂਦੀ ਹੈ। ਲੇਕਿਨ ਪ੍ਰਮੇਸ਼ਰ ਏਸ ਤਰ੍ਹਾਂ ਨਹੀਂ ਹੈ। ਪ੍ਰਮੇਸ਼ਰ ਦੇ ਬਾਰੇ ਏਸ ਤਰ੍ਹਾਂ ਨਾਲ ਫੁਰਮਾਨ ਆਉਂਦਾ ਹੈ ਪੜ੍ਹੋ ਪਿਆਰ ਨਾਲ –

***ਧਾਰਨਾ – ਆਪੇ ਰਚ ਕੇ,***
***ਜਗਤ ਵਾਲੀ ਰਚਨਾ,***
***ਆਪੇ ਇਹਦੇ ਵਿਚ ਬਹਿ ਗਿਆ***

ਅਜੀਬ ਬਾਤ ਹੈ ਕਿ ਰਚਨਾ ਵੀ ਰਚ ਦਿਤੀ ਤੇ ਇਹਦੇ ਵਿਚ ਵੀ ਹੋ ਗਿਆ। ਫੇਰ ਕਹਿੰਦੇ, ਦੋ ਬਣ ਗਏ ਫੇਰ ਤਾਂ ਇਹ। ਮਹਾਰਾਜ ਕਹਿੰਦੇ, ਨਹੀਂ, ਦੋ ਨਹੀਂ ਬਣੇ। ਆਪਣੇ ਆਪ ਤੋਂ ਆਪੇ ਹੀ ਪਸਾਰਾ ਕਰ ਦਿਤਾ। ਦਰੱਖਤ ਦਾ ਬੀਜ ਹੈ, ਬੀਜ ਜੇ ਦਰਖਤ ਬਣ ਜਾਂਦਾ ਹੈ, ਦੋ ਤਾਂ ਨਹੀਂ ਨਾ ਬਣੇ? ਉਹ ਤਾਂ ਬੀਜ ਦਾ ਹੀ ਪਸਾਰਾ ਹੈ, ਬੀਜ ਦੇ ਵਿਚ ਰਮਿਆ ਹੋਇਆ ਹੈ। ਬੀਜ ਰਮ ਕੇ ਜਦੋਂ ਵਧ ਜਾਏਗਾ ਦਰਖਤ, ਫੁੱਲ ਆਉਣਗੇ, ਫੁੱਲਾਂ ਦੇ ਵਿਚ ਡੋਡੀ ਪਏਗੀ, ਡੋਡੀ 'ਚ ਫਲ ਪਏਗਾ, ਫਲ ਦੇ ਵਿਚ ਫੇਰ ਕੀ ਦੇਖੋਂਗੇ ਤੁਸੀਂ?

***ਬੀਜੁ ਬੀਜਿ ਦੇਖਿਓ ਬਹੁ ਪਰਕਾਰਾ॥***
***ਫਲ ਪਾਕੇ ਤੇ ਏਕੰਕਾਰਾ॥ ਅੰਗ – 736***

ਗੱਲ ਸਮਝਣ ਵਾਲੀ ਹੈ। ਜਿੰਨਾਂ ਚਿਰ ਅਸੀਂ ਗੁਰੂ ਗ੍ਰੰਥ ਸਾਹਿਬ ਦੇ ਐਸੇ ਸਿਧਾਂਤ ਸਮਝ 'ਚ ਨਹੀਂ ਲਿਆਉਂਦੇ, ਨਾ ਸਾਨੂੰ ਰੱਬ ਬਾਰੇ ਪਤਾ ਲਗਦਾ ਹੈ, ਨਾ ਸਾਡਾ ਕੋਈ ਮਕਸਦ ਸਾਫ ਹੁੰਦਾ ਹੈ, ਨਾ ਕੋਈ ਰਸਤਾ ਮਿਲਦਾ ਹੈ ਕਿ ਅਸੀਂ ਕਿਥੇ ਨੂੰ ਜਾਣਾ ਹੈ? ਅਣਜਾਣਾਂ ਵਾਂਗਣ ਅਸੀਂ ਤੁਰੇ ਫਿਰਦੇ ਹਾਂ। ਬਣ ਗਏ ਜੀ ਅਸੀਂ ਸਿੱਖ। ਕੀ ਓਂ ਤੁਸੀਂ ਸਿੱਖ? ਕਦੇ ਸਮਝੋ ਤਾਂ ਸਹੀ। ਏਸ ਚੀਜ਼ ਨੂੰ ਕਿ ਤੁਹਾਡਾ ਸਿਧਾਂਤ ਕੀ ਐ? ਤੁਹਾਡੇ ਕੋਲ ਕੋਈ ਸਾਫ ਰਸਤਾ ਹੈ ਕਿ ਐਵੇਂ ਧੁੰਧਲੇ ਰਾਹ 'ਚ ਹੀ ਤੁਰੇ ਫਿਰਦੇ ਓਂ? ਸੋ ਪ੍ਰਮੇਸ਼ਰ ਬਾਹਰ ਨਹੀਂ ਗਿਆ, ਏਹਦੇ ਵਿਚ ਹੀ ਰਚ ਗਿਆ –

***ਨਿਰੰਕਾਰ ਆਕਾਰ ਹੋਇ ਏਕੰਕਾਰ ਆਪਾਰ***
***ਸਦਾਇਆ॥ ਭਾਈ ਗੁਰਦਾਸ ਜੀ, ਵਾਰ 26/2***

ਉਹੀ ਨਿਰੰਕਾਰ ਜਿਹੜਾ ਸਹਿਜ ਸਮਾਧ ਦੇ ਵਿਚ ਸੀਗਾ। ਏਥੇ ਭੁਲੇਖਾ ਪੈਂਦਾ ਹੈ ਬਹੁਤ ਕਿ ਉਹ ਜ਼ੀਰੋ ਹੋ ਗਿਆ। ਐਸੇ ਕਹਿੰਦੇ ਸੁਣੇ ਗਏ ਨੇ, ਐਸੀਆਂ ਬਾਤਾਂ ਲਿਖੀਆਂ ਹੋਈਆਂ ਦੇਖੀਆਂ ਨੇ ਕਿ ਜ਼ੀਰੋ ਦੇ ਵਿਚੋਂ ਹੋਇਆ ਹੈ, ਸੁੰਨ ਦੇ ਵਿਚੋਂ ਹੋਇਆ ਹੈ ਸਾਰਾ। ਮਹਾਰਾਜ ਕਹਿੰਦੇ, ਜਿਹਨੂੰ ਤੁਸੀਂ ਸੁੰਨ ਕਹਿੰਦੇ ਹੋ ਨਾ, ਉਹ ਸੁੰਨ ਨਹੀਂ ਸੀ, ਜ਼ੀਰੋ ਨਹੀਂ ਸੀਗਾ, ਉਹ ਹੋਂਦ ਸੀ, ਉਹ ਇਕ ਅਵਸਥਾ ਸੀ। ਬੀਜ ਜਿਹੜਾ ਹੈ, ਉਹ ਸੁੰਨ ਨਹੀਂ ਹੁੰਦਾ, ਬੀਜ ਦੇ ਵਿਚ ਜਾਨ ਹੈ, ਬੀਜ ਨੇ ਵਧਣਾ ਹੁੰਦਾ ਹੈ, ਬੀਜ ਨੇ ਫੁਲਣਾ ਹੁੰਦਾ ਹੈ। ਸੋ ਬੀਜ ਜਿਹੜਾ ਹੈ, ਦਰਖਤ 'ਚ ਸਮਾਇਆ ਪਿਆ ਹੈ ਸਾਰਾ ਹੀ। ਬਰੋਟਾ ਹੁੰਦਾ ਹੈ, ਬੋਹੜ ਜਿਹਨੂੰ ਕਹਿੰਦੇ ਨੇ, ਨਿੱਕਾ ਜਿਹਾ ਖਸ ਖਸ ਦੇ ਦਾਣੇ ਜਿੰਨਾ ਬੀਜ ਹੁੰਦਾ ਹੈ ਲੇਕਿਨ ਉਹਦੇ 'ਚ –

***ਬਟਕ ਬੀਜ ਮਹਿ ਰਵਿ ਰਹਿਓ***
***ਜਾ ਕੋ ਤੀਨਿ ਲੋਕ ਬਿਸਥਾਰ॥ ਅੰਗ – 340***

ਜਿਵੇਂ ਬਰੋਟਾ ਆਪਣੇ ਬੀਜ ਵਿਚ ਹੈ, ਐਵੇਂ ਜਿਵੇਂ ਆਹ ਸੰਸਾਰ ਜਿਹੜੇ ਬੇਅੰਤ ਨੇ, ਕਿਤੇ ਖਤਮ ਹੀ ਨਹੀਂ ਹੁੰਦੇ, ਉਹ ਨਿਰਾਕਾਰ ਅਵਸਥਾ 'ਚ ਨੇ। ਉਹ ਨਿਰਾਕਾਰ ਅਵਸਥਾ ਕਿੰਨੀ ਕੁ ਛੋਟੀ ਹੈ? ਇਹਨੂੰ ਕੋਈ ਨਹੀਂ ਜਾਣ ਸਕਦਾ। ਆਪਣੇ ਆਪ ਆਪੇ ਹੀ ਜਾਣਦੈ, ਹੋਰ ਕੋਈ ਨਹੀਂ ਜਾਣਦਾ। ਸੋ –

***ਨਿਰੰਕਾਰ ਆਕਾਰ ਹੋਇ ਏਕੰਕਾਰ ਅਪਾਰ ਸਦਾਯਾ॥ ਭਾਈ ਗੁਰਦਾਸ ਜੀ, ਵਾਰ 26/2***

'ਏਕਾ' (੧) ਆ ਗਿਆ, ਕੋਈ ਤਾਂ ਇਹਨੂੰ ਗਿਣਤੀ ਦਾ 'ਏਕਾ' ਕਹਿੰਦੇ ਨੇ। ਚਾਹੇ ਤਾਂ ਗਿਣਤੀ ਦਾ ਏਕਾ ਕਹਿ ਲਓ, ਤਾਂ ਵੀ ਗੱਲ ਗਣਿਤ ਅਨੁਸਾਰ ਓਥੇ ਹੀ ਪਹੁੰਚ ਜਾਂਦੀ ਹੈ। 'ਇਕ' ਤੋਂ ਜੇ 'ਦੋ' ਬਣਿਆਂ ਤਾਂ ਦੋ ਏਕੇ ਹੋ ਗਏ। ਦੋ ਨਹੀਂ ਬਣੇ, ਇਕ ਹੀ ਦੋ ਬਣ ਗਿਆ। ਇਕ ਤੋਂ ਦੱਸ ਬਣੇ ਤਾਂ ਦਸ ਵਾਰੀ 1, 1, 1, 1, ਹੋਇਆ। ਉਸ ਦੀ ਕੀਮਤ ਇਕ ਹੀ ਰਹਿੰਦੀ ਹੈ, ਲੇਕਿਨ ਗਿਣਤੀ ਵਧ ਗਈ। ਏਸੇ ਤਰ੍ਹਾਂ ਇਕ ਤੋਂ ਕਰੋੜ ਬਣਿਆ, ਕਰੋੜ ਏਕਾ ਹੋ ਗਿਆ। ਕਰੋੜ ਜਿਹੜਾ ਹੈ,

ਵੱਖਰੀ ਰਕਮ ਨਹੀਂ ਹੈ ਏਕੇ ਤੋਂ। 'ਏਕਾ' ਇਹਦੇ ਹਰੇਕ ਅੰਗ ਦੇ ਵਿਚ ਹੈ, ਦੋ ਨਹੀਂ ਹੈਗਾ, ਦੋ ਤਿੰਨ ਵਿਚ ਨਹੀਂ ਹੈ। ਜ਼ੋਰ ਲਾ ਲਓ, ਕੋਈ ਕਰਕੇ ਦਿਖਾ ਦਿਓ ਕਿ ਦੋ ਤਿੰਨ ਵਿਚ ਹੈ। 'ਏਕਾ' ਤਿੰਨ ਵਿਚ ਵੀ ਹੈ, 'ਏਕਾ' ਇਕ ਵਿਚ ਵੀ ਹੈ, 'ਏਕਾ' ਕਰੋੜ ਵਿਚ ਵੀ ਹੈ, 'ਏਕਾ' ਅਰਬ ਵਿਚ ਵੀ ਹੈ। ਉਹ 'ਇਕ' ਇਕੋ ਹੀ ਰਹਿੰਦੈ, ਦੋ ਬਣਦਾ ਹੀ ਨਹੀਂ, ਫਿਲੋਸਫੀ ਦੀ ਗੱਲ ਹੈ ਇਹ। ਸੋ ਇਸ ਤਰ੍ਹਾਂ ਜਿਹੜਾ ਨਿਰੰਕਾਰ ਹੈ, ਕਿੰਨਾ ਹੀ ਪਸਾਰਾ ਹੋ ਜਾਵੇ, ਨਿਰੰਕਾਰ, ਵਾਹਿਗੁਰੂ-ਵਾਹਿਗੁਰੂ ਹੀ ਰਹਿੰਦਾ ਹੈ, ਕੋਈ ਵਧਦਾ ਨਹੀਂ, ਕੁਛ ਘਟਦਾ ਨਹੀਂ –

***ਏਕੰਕਾਰਹੁੰ ਸਬਦ ਧੁਨਿ................॥***

***ਭਾਈ ਗੁਰਦਾਸ ਜੀ, ਵਾਰ 26/2***

ਹੁਣ ਏਥੋਂ ਗਾਹਾਂ ਕੀ ਹੋਇਆ? ਕਹਿੰਦੇ ਉਹਦੇ ਵਿਚੋਂ ਇਕ ਧੁਨ ਉਠੀ ਜਿਵੇਂ ਮੈਂ ਹੁਣ ਬੋਲ ਰਿਹਾ ਹਾਂ, ਵਾਜੇ ਨਾਲ ਸ਼ਬਦ ਪੜ੍ਹਦਾ ਹਾਂ। ਉਹ ਮੇਰੇ ਵਿਚੋਂ ਹੀ ਨਿਕਲ ਰਿਹਾ ਹੈ ਸ਼ਬਦ। ਬਾਹਰੋਂ ਤਾਂ ਨਹੀਂ ਨਾ ਆ ਰਿਹਾ? ਇਹ ਸ਼ਬਦ ਦੇ ਵਿਚ ਮੈਂ ਹਾਂ, ਸ਼ਬਦ ਮੇਰੇ ਵਿਚ ਹੈ, ਬਾਹਰ ਤਾਂ ਹੋਇਆ ਨਾ। ਦੋਵੇਂ ਚੀਜ਼ਾਂ ਅੱਡ ਤਾਂ ਹੋ ਨਾ ਸਕੀਆਂ। ਕਿਸੇ ਤਰੀਕੇ ਨਾਲ ਵੀ? ਏਸੇ ਤਰ੍ਹਾਂ ਏਕੰਕਾਰ ਤੋਂ ਸ਼ਬਦ ਧੁਨ ਹੋਈ ਤਾਂ ਸ਼ਬਦ ਧੁਨ ਏਕੰਕਾਰ ਤੋਂ ਬਾਹਰ ਨਹੀਂ ਹੈ, ਏਕੰਕਾਰ ਸ਼ਬਦ ਤੋਂ ਬਾਹਰ ਨਾ ਹੋਇਆ। ਜਿੰਨੇ ਧਰਮ ਨੇ – ਇਸਲਾਮ, ਈਸਾਈ, ਯਹੂਦੀ ਤੇ ਹੋਰ ਜਿਹੜੇ ਧਰਮ ਨੇ ਸਾਰੇ, ਇਨ੍ਹਾਂ ਦਾ ਮੱਤ ਇਕ ਹੈ। ਜ਼ਬਰਦਸਤੀ ਉਹ ਇਹ ਕਹਿੰਦੇ ਨੇ ਕਿ ਜਿਹੜਾ ਨਿਰਗੁਨ ਬ੍ਰਹਮ ਸੀ, ਉਹਦੇ ਵਿਚ ਸ਼ਬਦ ਸੀ, Before the creation of universe, there was Logos. ਇਕ ਸ਼ਬਦ ਸੀ ਏਥੇ, ਉਹ ਜਿਹੜਾ ਸ਼ਬਦ ਸੀ – That was within God. ਉਹ ਰੱਬ ਦੇ ਵਿਚ ਸੀਗਾ ਸ਼ਬਦ, ਸ਼ਬਦ ਅੱਡ ਨਹੀਂ ਸੀ। ਹੁਣ ਮੇਰੇ ਵਿਚ ਜਿਹੜਾ ਸ਼ਬਦ ਹੈ, ਮੈਂ ਬੋਲਦਾ ਹਾਂ, ਮੈਂ ਤੇ ਇਹ ਸ਼ਬਦ ਅੱਡ ਤਾਂ ਨਹੀਂ ਨਾ ਹੈ? ਮੈਂ ਹੀ ਬੋਲ ਰਿਹਾ ਹਾਂ। ਉਹ ਜਿਹੜਾ ਪ੍ਰਮੇਸ਼ਰ ਤੋਂ ਸ਼ਬਦ ਹੋਇਆ –

***ਪ੍ਰਥਮ ਓਅੰਕਾਰੁ ਤਿਨ ਕਹਾ॥***
***ਸੋ ਧੁਨ ਪੂਰ ਜਗਤ ਮੋ ਰਹਾ॥***

ਉਹ ਜਿਹੜੀ ਧੁਨ ਹੈ, ਉਹ ਸ਼ਕਤੀਸ਼ਾਲੀ ਧੁਨ ਹੈ। ਐਟਮ ਦੀ ਧੁਨ ਹੋਈ ਸੀ – ਹੀਰੋਸ਼ਾਮਾ 'ਚ। ਉਹ ਧੁਨ ਨੇ ਕੀ ਕਰਿਆ? ਤਿੰਨ-ਚਾਰ ਲੱਖ ਬੰਦਾ ਮਾਰ ਦਿਤਾ। ਉਹ ਸ਼ਬਦ ਨੇ ਹੀ ਮਾਰਿਆ ਹੈ, ਕੋਈ ਬੰਬ ਤਾਂ ਨਹੀਂ ਨਾ ਲੱਗਿਆ ਉਨ੍ਹਾਂ ਦੇ। ਗੱਲ ਸਮਝੋ ਤੁਸੀਂ ਸਾਰੇ ਧਿਆਨ ਨਾਲ। ਉਹ ਸ਼ਬਦ ਨੇ ਮਾਰ ਦਿਤੇ। ਸ਼ਬਦ ਨੇ ਧਰਤੀ ਹਿਲਾ ਦਿਤੀ। ਉਹ ਜਿਹੜਾ ਸ਼ਬਦ ਨਿਰੰਕਾਰ ਤੋਂ ਹੋਇਐ, ਵਾਹਿਗੁਰੂ ਤੋਂ ਵੱਖਰਾ ਨਹੀਂ। ਸ਼ਬਦ ਵੀ ਵਾਹਿਗੁਰੂ ਦਾ ਸਰੂਪ ਬਣ ਗਿਆ। ਉਹ ਵੱਖਰਾ ਨਾ ਰਿਹਾ। ਹੁਣ ਸ਼ਬਦ ਨੇ ਕੀ ਕਰਿਆ?

***ਏਕੰਕਾਰਹੁ ਸਬਦ ਧੁਨਿ ਓਅੰਕਾਰ ਅਕਾਰ ਬਨਾਯਾ॥***

***ਭਾਈ ਗੁਰਦਾਸ ਜੀ, ਵਾਰ 26/2***

'ਓਅੰਕਾਰ' ਸ਼ਬਦ ਤੋਂ ਆਕਾਰ ਬਣਨੇ ਸ਼ੁਰੂ ਹੋ ਗਏ। 'ਓਅੰਕਾਰ' ਦੇ ਵਿਚ ਹੁਕਮ ਦੀ ਧਾਰਾ ਚਲ ਪਈ। ਉਹ ਹੁਕਮ ਦੀ ਧਾਰਾ ਨੇ ਸਾਰੇ ਬ੍ਰਹਿਮੰਡ ਨੂੰ ਵਿਉਂਤ ਵਿਚ ਬਣਾ ਦਿਤਾ – ਗੋਲ ਸ਼ਕਲ 'ਚ। ਇਹ ਤਾਰੇ-ਸਤਾਰੇ ਚਲਣ ਲਾ ਦਿਤੇ। ਇਹ ਕੋਈ ਫੀਤੇ ਰੱਖ ਕੇ ਨਹੀਂ ਸੀ ਮਿਣੇ ਇਨ੍ਹਾਂ ਦੇ ਰਸਤੇ ਕਿ ਧਰਤੀ ਜੇ ਏਥੇ ਕੁ ਨੂੰ ਹੋਊ ਤਾਂ ਟੱਕਰ ਨਹੀਂ ਖਾਊ, ਏਥੇ ਨੂੰ ਕਰੀ ਤਾਂ ਟੱਕਰ ਖਾਊ। ਇਕ ਦਮ ਸਾਰਾ ਪ੍ਰਬੰਧ 'ਚ ਆ ਗਿਆ।

***ਕੀਤਾ ਪਸਾਉ ਏਕੋ ਕਵਾਉ॥***
***ਤਿਸਤੇ ਹੋਏ ਲਖ ਦਰੀਆਉ॥ ਅੰਗ – 3***

ਉਹ ਸਾਰਾ ਕੁਛ ਇਕ ਤੋਂ ਹੋ ਗਿਆ। ਅਰ ਸਾਰਾ ਹੀ ਉਹਦੇ ਵਿਚ ਨਿਯਮ ਬਣ ਗਿਆ ਓਸੇ ਵੇਲੇ। ਉਹਨੂੰ ਹੁਕਮ ਕਹਿੰਦੇ ਨੇ ਜਿਹੜਾ Law of nature ਹੈ। ਉਹ ਹੁਕਮ ਦੇ ਨਾਲ ਕੀ ਹੋਇਆ? ਸ਼ਬਦ ਦੇ ਵਿਚੋਂ ਪ੍ਰਗਟ ਹੋਣ ਲਗ ਗਿਆ, ਸ਼ਕਲਾਂ ਧਾਰਨ ਲਗ ਗਿਆ। ਸ਼ਬਦ ਵਿਚੋਂ ਹੀ ਅਸੀਂ ਬਣੇ ਹਾਂ –

***ਓਅੰਕਾਰਿ ਬ੍ਰਹਮਾ ਉਤਪਤਿ॥***
***ਓਅੰਕਾਰੁ ਕੀਆ ਜਿਨਿ ਚਿਤਿ॥ ਅੰਗ – 929***

ਬ੍ਰਹਮਾ ਸ਼ਕਤੀ ਜਿਹੜੀ ਸੀ ਜਿਸ ਨੇ ਗਾਹਾਂ ਰਚਣ ਦੇ ਵਾਸਤੇ ਵਿਉਂਤ-ਬੱਧ ਕੰਮ ਕਰਨਾ ਸੀ, ਉਹ ਸ਼ਬਦ ਦੇ ਵਿਚੋਂ ਪ੍ਰਗਟ ਹੋ ਗਈ। ਵਾਹਿਗੁਰੂ ਤੋਂ ਬਾਹਰ ਤਾਂ ਨਾ ਹੋਈ ਨਾ? ਵਾਹਿਗੁਰੂ ਦੇ ਕਰਿਸ਼ਮੇ 'ਚੋਂ ਹੀ ਪ੍ਰਗਟ ਹੋਈ। 'ਓਅੰਕਾਰਿ ਕੀਆ ਜਿਨਿ ਚਿਤਿ।" ਸੋ ਉਹਦੇ ਵਿਚੋਂ ਹੋ ਗਿਆ ਸਾਰਾ ਕੁਝ।

***ਨਿਰੰਕਾਰ ਆਕਾਰ ਹੋਇ ਏਕੰਕਾਰ ਅਪਾਰ ਸਦਾਯਾ॥***
***ਏਕੰਕਾਰਹੁ ਸ਼ਬਦ ਧੁਨਿ ਓਅੰਕਾਰ ਅਕਾਰ ਬਨਾਯਾ।।***

***ਭਾਈ ਗੁਰਦਾਸ ਜੀ, ਵਾਰ 26/2***

ਉਹਦੇ ਵਿਚੋਂ 'ਓਅੰਕਾਰਿ ਬ੍ਰਹਮਾ ਉਤਪਤਿ॥ ਓਅੰਕਾਰੁ ਕੀਆ ਜਿਨਿ ਚਿਤਿ॥' ਚਿੱਤ ਕਹਿੰਦੇ ਨੇ ਚੇਤਨਤਾ ਨੂੰ। ਆਹ ਜਿਹੜਾ ਪੱਥਰ ਪਿਆ ਹੈ, ਇਹਦੇ ਵਿਚ ਚੇਤਨਤਾ ਨਹੀਂ ਹੈ। ਜੇ ਹੈ ਤਾਂ ਬਹੁਤ ਹੀ ਘੱਟ ਡਿਗਰੀ ਦੀ ਹੈ। ਸੋ ਇਸ ਤਰ੍ਹਾਂ ਚੇਤਨਤਾ ਆ ਗਈ ਸਾਰੇ – ਦਰਖਤਾਂ ਵਿਚ ਵੀ ਆ ਗਈ, ਪਸ਼ੂ ਪੰਛੀਆਂ ਵਿਚ ਵੀ ਆ ਗਈ, ਮਨੁੱਖਾਂ ਵਿਚ ਵੀ ਆ ਗਈ। ਉਹ ਚਿੱਤ ਹੋ ਗਿਆ।

*ਓਅੰਕਾਰਿ ਸੈਲ ਜੁਗ ਭਏ॥ ਅੰਗ - 929*

ਕਾਲ ਤੇ ਪੁਲਾੜ ਜਿਹੜੀ ਹੈ, ਇਹ ਓਸੇ ਸ਼ਬਦ ਤੋਂ ਹੋ ਗਈ, ਪ੍ਰਗਟ ਹੋ ਗਈ।

*ਓਅੰਕਾਰਿ ਬੇਦ ਨਿਰਮਏ॥ ਅੰਗ - 929*

ਜਿੰਨਾ ਗਿਆਨ ਹੈ ਮਨੁੱਖ ਦੇ ਅੰਦਰ ਜਿਹਨੂੰ ਵੇਦ ਕਹਿੰਦੇ ਨੇ, ਵਿਦਿਆ ਕਹਿੰਦੇ ਨੇ, ਇਹ ਸਾਰੀਆਂ ਚੀਜ਼ਾਂ ਅੰਦਰ ਪੈਦਾ ਹੋ ਗਈਆਂ। ਮਹਾਰਾਜ ਕਹਿੰਦੇ - ਪ੍ਰਥਮ ਓਅੰਕਾਰੁ ਤਿਨ ਕਹਾ॥ ਸੋ ਧੁਨ ਪੂਰ ਜਗਤ ਮੋ ਰਹਾ॥

ਹੁਣ ਗੱਲ ਇਥੇ ਆਉਂਦੀ ਹੈ ਕਿ ਉਹ ਜਿਹੜਾ ਸ਼ਬਦ ਹੈ, ਉਹਦੀ ਧੁਨ ਖਤਮ ਨਹੀਂ ਹੋਈ। ਗੁਰੂ ਦਸਵੇਂ ਪਾਤਸ਼ਾਹ ਕਹਿੰਦੇ ਨੇ ਕਿ ਹੁਣ ਵੀ ਉਹ ਧੁਨ ਚਲ ਰਹੀ ਹੈ, ਤੇ ਉਹਦੇ 'ਚ ਸਾਰੀਆਂ ਹੀ ਸ਼ਕਤੀਆਂ ਨੇ। ਜੇ ਗਿਆਨ ਉਹਦੇ ਵਿਚੋਂ ਪੈਦਾ ਹੁੰਦਾ ਹੈ ਤਾਂ ਉਹ ਪੂਰਨ ਗਿਆਨਵਾਨ ਹੈ, ਜੇ ਉਹਦੇ ਵਿਚੋਂ ਪਿਆਰ ਪੈਦਾ ਹੁੰਦਾ ਹੈ ਤਾਂ ਉਹ ਨਿਰਾ ਹੀ ਪਿਆਰ ਦਾ ਰੂਪ ਹੈ, ਪਿਆਰ ਦਾ ਸੋਮਾ ਹੈ, ਹਮਦਰਦੀ ਦਾ ਸੋਮਾ ਹੈ, ਦਿਆਲਤਾ ਦਾ ਸੋਮਾ ਹੈ -

*ਸਦਾ ਸਦਾ ਸਦਾ ਦਇਆਲਾ॥*
*ਸਿਮਰਿ ਸਿਮਰਿ ਨਾਨਕ ਭਏ ਨਿਹਾਲ॥*
*ਅੰਗ - 275*

ਮਹਾਰਾਜ ਨੇ ਕਿਹਾ ਕਿ ਇਹ ਨਹੀਂ ਕਿ ਹੁਣ ਦਿਆਲ ਹੋਇਆ ਹੈ। ਉਹ ਤਾਂ ਦਿਆਲਤਾ ਦਾ ਰੂਪ ਹੈ, ਬਖਸ਼ਿਸ਼ ਦਾ ਰੂਪ ਹੈ। ਸ਼ਬਦ ਵਿਚੋਂ ਹੀ ਹਉਮੈ ਤੱਤ ਹੋਇਆ ਹੈ ਜਿਸ ਵਿਚੋਂ ਪ੍ਰਕ੍ਰਿਤੀ ਉਪਜੀ, ਹਉਮੈ 'ਚੋਂ ਅਗਿਆਨ ਆ ਗਿਆ। ਅਗਿਆਨ ਦੇ ਵਿਚੋਂ ਤ੍ਰਿਗੁਣੀ ਮਾਇਆ ਆ ਗਈ, ਜਿਹਨੂੰ 'ਮਹਿ ਤੱਤ' ਕਹਿੰਦੇ ਨੇ, ਬੁੱਧੀ ਆ ਗਈ। ਆਹ ਸਾਰਾ ਕੁਛ, ਜਿੰਨਾ ਪ੍ਰਬੰਧ ਸੀ ਪ੍ਰਮੇਸ਼ਰ ਤੋਂ ਹੋ ਕੇ, ਵੱਡੀ ਗੱਲ ਇਹ ਹੈ ਕਿ ਅਸੀਂ ਤਾਂ ਜਿਹੜੇ ਜੀਵ ਬਣੇ ਹਾਂ ਨਾ, ਸਾਡੇ ਉਤੇ ਤਾਂ ਤਿੰਨ ਗੁਣਾਂ ਦਾ ਅਸਰ ਹੋ ਗਿਆ, ਵਾਹਿਗੁਰੂ ਜੀ ਫੇਰ ਨਿਆਰੇ ਰਹਿ ਗਏ - ਵਿਚ ਰਹਿੰਦੇ ਹੋਏ।

ਉਨ੍ਹਾਂ ਤੇ ਕੋਈ ਅਸਰ ਨਹੀਂ ਹੋਇਆ, ਉਹ ਉਸੇ ਤਰ੍ਹਾਂ ਰਹਿ ਗਏ, ਉਹ ਤ੍ਰਿਗੁਣ ਅਤੀਤ ਰਹਿ ਗਏ, ਉਹ ਅਬਾਧ ਹੈ, ਉਹ ਬੰਨ੍ਹਿਆਂ ਨਾ ਗਿਆ। ਇਹ ਮਾਇਆ ਜਿਹੜੀ ਹੈ, ਇਹ ਤ੍ਰਿਗੁਣ 'ਚ ਆ ਗਈ। ਇਹਦੇ ਉਤੇ ਹੁਕਮ ਨੇ ਇਹ ਲੇਖ ਲਿਖ ਦਿਤਾ - ਕਰਮਾਂ ਦਾ। ਪਹਿਲਾ ਲੇਖ ਜਿਹੜਾ ਲਿਖਿਆ, ਉਹ ਕਰਮਾਂ ਦਾ ਲੇਖ ਲਿਖ ਦਿਤਾ। ਉਹ ਕਰਮਾਂ ਦੇ ਲੇਖ ਦੇ ਨਾਲ ਸੰਸਾਰ ਦਾ ਕਾਰਜ ਤੁਰ ਪਿਆ। ਅਗਿਆਨ ਨੇ ਕਰਮਾਂ ਨੂੰ ਫੜ ਲਿਆ ਤੇ ਅਸੀਂ ਕਰਮ ਕਰਨ ਲਗ ਗਏ, ਅਸੀਂ ਬੰਨ੍ਹੇ ਗਏ।

*ਓਅੰਕਾਰਿ ਅਕਾਰੁ ਕਰਿ ਪਵਣ ਪਾਣੀ ਬੈਸੰਤਰ ਧਾਰੇ॥ ਭਾਈ ਗੁਰਦਾਸ ਜੀ, ਵਾਰ 4*

*ਇਕ ਕਵਾਉ ਪਸਾਉ ਕਰਿ*
*ਓਅੰਕਾਰ ਅਕਾਰ ਪਸਾਰਾ॥*
*ਪਉਣ ਪਾਣੀ ਬੈਸੰਤਰੋ ਧਰਤਿ ਅਗਾਸ ਕਰੇ*
*ਨਿਰਧਾਰਾ॥ ਭਾਈ ਗੁਰਦਾਸ ਜੀ - ਵਾਰ 6/4*

ਇਕ ਸ਼ਬਦ ਤੋਂ ਸਾਰੀ ਰਚਨਾ ਹੋ ਗਈ। ਇਹਨੂੰ ਚਾਹੇ ਫੁਰਨਾ ਕਹਿ ਲਓ, ਫੁਰਨਾ ਵੀ ਸ਼ਬਦ ਹੁੰਦਾ ਹੈ। ਕਈ ਮਹਾਂਪੁਰਸ਼ ਕਹਿੰਦੇ ਨੇ ਕਿ 'ਅਹੰ ਬਹੁ ਸਿਆਮਾ' ਐਸਾ ਫੁਰਨਾ ਆਇਆ ਸੀ ਕਿ ਮੈਂ ਇਕ ਤੋਂ ਅਨੇਕ ਹੋ ਜਾਵਾਂ, ਲੇਕਿਨ ਉਹ ਸ਼ਬਦ ਹੋਇਆ - ਏਸੇ ਫੁਰਨੇ ਨਾਲ। ਉਹ ਸ਼ਬਦ ਨੇ ਰਚਨਾ ਕਰ ਦਿਤੀ। ਐਸ ਤਰ੍ਹਾਂ ਨਾਲ ਪੜ੍ਹ ਲਓ-

*ਧਾਰਨਾ - ਇਕ ਸ਼ਬਦ ਨੇ ਬਣਾਏ ਜਗ ਸਾਰੇ,*
*ਮਹਿਮਾ ਤੇਰੀ ਤੂੰ ਹੈਂ ਜਾਣਦਾ - 2.*

*ਅਪਨੀ ਮਾਇਆ ਆਪਿ ਪਸਾਰੀ*
*ਆਪਹਿ ਦੇਖਨਹਾਰਾ।।*
*ਨਾਨਾ ਰੂਪੁ ਧਰੇ ਬਹੁ ਰੰਗੀ*
*ਸਭ ਤੇ ਰਹੈ ਨਿਆਰਾ।.। ਅੰਗ - 537*

*ਆਪੀਨੈ ਆਪੁ ਸਾਜਿਓ*
*ਆਪੀਨੈ ਰਚਿਓ ਨਾਉ॥*
*ਦੁਯੀ ਕੁਦਰਤਿ ਸਾਜੀਐ*
*ਕਰਿ ਆਸਣੁ ਡਿਠੋ ਚਾਉ॥*
*ਦਾਤਾ ਕਰਤਾ ਆਪਿ ਤੂੰ*
*ਤੁਸਿ ਦੇਵਹਿ ਕਰਹਿ ਪਸਾਉ॥*
*ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ॥*
*ਕਰਿ ਆਸਣੁ ਡਿਠੋ ਚਾਉ॥ ਅੰਗ - 463*

ਜਦ ਆਸਾ ਜੀ ਦੀ ਵਾਰ ਦੀ ਰਚਨਾ ਹੋਈ, ਉਸ ਵੇਲੇ ਬਾਬਾ ਫਰੀਦ ਇਹ ਗੱਲ ਕਹਿਣ ਲੱਗਿਆ ਕਿ ਹੇ ਨਾਨਕ! ਮੈਂ ਸੁਣਿਆ ਹੈ, ਤੂੰ ਵਾਰ ਦੀ ਰਚਨਾ ਕਰ ਰਿਹਾ ਹੈਂ। ਵਾਰ ਹਮੇਸ਼ਾ ਦੋ 'ਚ ਹੁੰਦੀ ਹੈ। ਤੂੰ ਕਿਵੇਂ ਦੋ ਲੈ ਆਂਦੇ, ਕਿਹਨੂੰ ਰੱਦ ਕਰਿਆ, ਕਿਹਨੂੰ ਤੂੰ ਲਿਆਂਦਾ? ਬੜਾ ਔਖਾ ਮਸਲਾ ਸੀ ਇਹ ਕਿਉਂਕਿ ਦੋ ਤੋਂ ਬਿਨਾਂ ਸੰਸਾਰ ਦਾ ਕੰਮ ਨਹੀਂ ਚਲਦਾ। ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਨੇ ਕਿਹਾ, ਨਹੀਂ ਫਕੀਰ ਸਾਂਈ! ਦੋ ਨਹੀਂ, ਆਪੇ ਈ ਐ, ਆਪਣੇ ਆਪ ਤੋਂ ਆਪ ਹੀ ਸਾਜਦੈ। ਮੈਂ ਤੇ ਮੇਰਾ ਬੋਲ ਕੋਈ ਦੋ ਤਾਂ ਨਹੀਂ ਨਾ ਹੈਗੇ? ਮੇਰਾ ਈ ਰੂਪ ਹੈ ਬੋਲ। ਮੈਂ ਤੇ ਮੇਰੀ ਸ਼ਕਤੀ ਦੋ ਤਾਂ ਨਾ ਹੋਏ। ਮੇਰੇ 'ਚ ਸ਼ਕਤੀ ਵੀ ਮੈਂ ਹੀ ਹਾਂ। ਇਹ ਪ੍ਰਮੇਸ਼ਰ ਆਪਣੇ ਆਪ ਤੋਂ ਆਪੇ ਹੀ ਸਾਜਦਾ ਹੈ। ਸਾਜ ਕੇ ਨਿਰਗੁਣ ਤੋਂ ਸਰਗੁਣ ਹੋਇਆ। ਸਰਗੁਨ ਹੋ ਕੇ ਸਰਗੁਨ ਦੇ ਵਿਚੋਂ ਨਾਉਂ ਪ੍ਰਗਟ ਕੀਤਾ। ਅੱਜ ਤਕ ਰੌਲਾ ਪਈ ਜਾਂਦਾ ਹੈ ਕਿ ਨਾਉਂ ਕੀ ਹੋਇਆ? ਕਿਸੇ ਨੂੰ ਨਹੀਂ ਸਮਝ ਆਉਂਦਾ, ਨਾ ਸ਼ਬਦ, ਨਾ ਨਾਮ। ਅਸੀਂ ਤਾਂ ਸਮਝਣ ਦਾ ਯਤਨ ਹੀ ਨਹੀਂ ਕਰਦੇ। ਸਾਡਾ ਤਾਂ ਇਹ ਹੋ ਗਿਆ ਕਿ ਨਿਤਨੇਮ ਕਰ ਲਿਆ, ਰਹਿਤਾਂ

ਰੱਖ ਲਈਆਂ, ਬੱਸ ਛੁੱਟੀ ਹੈ, ਏਸ ਤੋਂ ਗਾਹਾਂ ਨਾ ਕੋਈ ਗੱਲ, ਨਾ ਕੋਈ ਬਾਤ। ਪਹਿਲੀ ਜਮਾਤ 'ਚੋਂ ਅਸੀਂ ਦੂਜੀ 'ਚ ਦਾਖਲ ਹੀ ਨਹੀਂ ਹੋਣਾ ਚਾਹੁੰਦੇ। ਗੁਰੂ ਮਹਾਰਾਜ ਹਾਕਾਂ ਮਾਰੀ ਜਾਂਦੇ ਨੇ, ਸਮਝਾਈ ਜਾਂਦੇ ਨੇ, ਤੂੰ ਸਮਝਣ ਦਾ ਯਤਨ ਤਾਂ ਕਰ ਕਿ ਤੂੰ ਕਰਨਾ ਕੀ ਹੈ? ਧਿਆਨ ਨਾਲ ਸਮਝ। ਐਵੇਂ ਪਹਿਲੀ ਜਮਾਤ 'ਚ ਸਮਾਂ ਬਰਬਾਦ ਕਰਕੇ, ਸਾਰੀ ਉਮਰ ਬਰਬਾਦ ਕਰ ਕੇ ਚਲੇ ਜਾਂਦਾ ਹੈ। ਲਾਰੇ-ਲੂਰੇ ਲਾ ਕੇ ਪ੍ਰਚਾਰ ਕਰਨ ਵਾਲੇ ਵੀ ਤੈਨੂੰ ਤੱਤ ਦੀ ਬਾਤ ਨਹੀਂ ਦਸਦੇ। ਵਿਚਾਲੇ ਹੀ ਰਹਿ ਜਾਂਦਾ ਹੈ। ਇਹ ਤਾਂ ਕੋਈ-ਕੋਈ ਮਹਾਤਮਾ ਨੇ ਜਿਹੜੇ ਏਸ ਤਰ੍ਹਾਂ ਦੀ ਗੱਲ ਦਸਦੇ ਨੇ –

***ਨਾਮੈ ਹੀ ਤੇ ਸਭੁ ਕਿਛੁ ਹੋਆ.....॥***

***ਅੰਗ – 753***

ਜਿੰਨਾਂ ਕੁਛ ਹੋਇਆ ਹੈ, ਨਾਮ ਤੋਂ ਹੋਇਆ ਹੈ, ਉਹ ਨਾਮ ਨੇ ਹੀ ਧਾਰਨ ਕਰਿਆ ਹੋਇਆ ਹੈ –

***ਨਾਮ ਕੇ ਧਾਰੇ ਸਗਲੇ ਜੰਤ॥***
***ਨਾਮ ਕੇ ਧਾਰੇ ਖੰਡ ਬ੍ਰਹਿਮੰਡ॥ ਅੰਗ – 284***

ਜਿੰਨਾਂ ਕੁਛ ਨਜ਼ਰ ਆਉਂਦਾ ਹੈ, ਨਾਮ ਨੇ ਧਾਰਨ ਕੀਤਾ ਹੋਇਆ ਹੈ। ਨਾਮ ਕੀ ਹੈ? ਕਹਿੰਦੇ, ਏਤੇ ਵੀ ਨਹੀਂ ਪਤਾ ਲਗਦਾ। ਮਹਾਰਾਜ ਕਹਿੰਦੇ, 'ਨਾਮ' ਤਾਂ ਅਸੀਂ ਦੱਸ ਆਏ ਹਾਂ। ਏਕੇ (੧) ਦੇ ਨਾਲ ਅਸੀਂ 'ਓਅੰਕਾਰ' ਸ਼ਕਤੀ, ਓਅੰਕਾਰ ਦਾ ਸਰੂਪ ਲਿਖਿਐ। ਇਹ ਜਿਹੜਾ ੧ਓ ਹੈ, ਇਹ ਨਾਮ ਹੀ ਹੈ। ਇਹੀ ਸ਼ਕਤੀ ਹੈ ਜਿਥੇ ਤੁਸੀਂ ਪਹੁੰਚਣਾ ਹੈ, ਜਿਹਨੂੰ ਅਨੁਭਵ ਕਰਨਾ ਹੈ, ਜਿਸਨੂੰ ਘਟਿ-ਘਟਿ 'ਚ ਵਿਆਪਕ ਦੇਖਣਾ ਹੈ। ਇਹੀ ਅੰਦਰ ਹੈ –

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ॥***
***ਸੁੰਨ ਸਮਾਧਿ ਅਨਹਤ ਤਹ ਨਾਦ॥***
***ਕਹਨੁ ਨ ਜਾਈ ਅਚਰਜ ਬਿਸਮਾਦ॥***

***ਅੰਗ – 293***

ਇਸੇ ਨੂੰ 'ਸੋ ਸ਼ਬਦ' ਕਹਿੰਦੇ ਨੇ। ਜਿਥੇ ਨਾਮ ਦਾ ਵਾਸਾ ਹੈ, ਉਸਨੂੰ ਸੁਖ ਦਾ ਘਰ ਕਹਿੰਦੇ ਨੇ, ਉਸੇ ਨੂੰ 'ਸੋ ਘਰ' ਕਹਿੰਦੇ ਨੇ, 'ਨਿਜ ਘਰ' ਕਹਿੰਦੇ ਨੇ। ਕਹਿੰਦੇ, ਆਪੇ ਹੀ ਆਪਣੇ ਆਪ ਤੋਂ ਨਾਮ ਪ੍ਰਗਟ ਕਰਕੇ, ਉਸ ਸ਼ਕਤੀ ਦੇ ਨਾਲ ਕੁਦਰਤ ਸਾਜ ਕੇ ਦੂਜਾ ਖੜ੍ਹਾ ਕਰ ਦਿਤਾ, ਲੇਕਿਨ ਹੈ ਇਕੋ ਹੀ। ਉਹ ਪੀਰ ਬੜੇ ਧਿਆਨ ਨਾਲ ਸੁਣ ਰਿਹਾ ਸੀ। ਕਹਿਣ ਲੱਗੇ, ਮਹਾਰਾਜ! ਕੁਦਰਤ? ਕਹਿੰਦੇ, ਕੁਦਰਤ 'ਸ਼ਕਤੀ' ਨੂੰ ਕਹਿੰਦੇ ਨੇ। ਉਹਨੇ ਆਪਣੀ ਸ਼ਕਤੀ ਤੋਂ ਬੇਅੰਤ ਬਣਾ ਦਿਤੇ। ਦ੍ਰਿਸ਼ਟਮਾਨ ਪੈਦਾ ਕਰ ਦਿਤਾ। ਉਹ ਦੂਜਾ ਨਹੀਂ ਹੈ, ਉਹ ਵੀ ਇਕੋ ਹੀ ਹੈ। ਦਰਖਤ ਦੇ ਬੀਜ ਤੋਂ ਦਰਖਤ ਦੂਆ ਨਹੀਂ ਬਣਿਆ ਕਰਦਾ ਕਦੇ ਵੀ, ਉਹ ਬੀਜ ਲਾਂਭੇ ਨਹੀਂ ਹੁੰਦਾ। ਏਕੇ ਤੋਂ ਰਕਮ ਜਿਹੜੀ ਹੈ, ਉਹ ਕਦੇ ਦੋ ਨਹੀਂ ਬਣਦੀ। ਉਹ ਏਕੇ ਹੀ ਇਕੱਠੇ ਕਰੇ ਹੁੰਦੇ ਨੇ। ਨੌਂ ਲੈ ਲਉ। ਉਹ ਨੌਂ ਏਕੇ ਹੀ ਨੇ, ਉਨ੍ਹਾਂ ਦਾ ਨਾਉਂ ਰੱਖ ਲਿਆ 'ਨੌਂ'। ਦਰਅਸਲ ਨੌਂ ਏਕੇ ਹੀ ਨੇ ਉਹ। ਉਹ ਸੁਖਾਲਾ ਕਰਨ ਵਾਸਤੇ ਨੌਂ ਸ਼ਕਲ ਜਿਹੀ ਬਣਾ ਦਿਤੀ। ਗਿਣਤੀ ਗਿਣਨੀ ਸ਼ੁਰੂ ਹੋ ਗਈ। ਮਹਾਰਾਜ ਕਹਿੰਦੇ, ਉਹ ਇਕ ਆਪੇ ਹੀ ਕੁਦਰਤ ਬਣਾ ਕੇ ਵੇਖਣ ਲਗ ਗਿਆ ਉਹਨੂੰ, ਵਿਚ ਫਸਿਆ ਨਹੀਂ ਮਾਇਆ ਦੇ, ਕਿਉਂਕਿ ਤਿੰਨ ਗੁਣ ਪੈਦਾ ਕਰ ਦਿਤੇ, ਰਚਨਾ ਨੂੰ ਤਿੰਨਾਂ ਗੁਣਾਂ 'ਚ ਕਰ ਦਿਤਾ ਤੇ ਆਪ ਫੇਰ ਲਾਂਭੇ ਹੋ ਗਿਆ। ਦੋ ਫੇਰ ਵੀ ਨਹੀਂ ਬਣੇ, ਏਧਰ ਵੀ ਉਹੀ ਐ, ਓਧਰ ਵੀ ਓਹੀ ਐ। ਫੇਰ ਉਹ ਦਾਤਾ ਹੈ, ਦਿੰਦੈ, ਨਾਲੇ ਕਰਤਾ ਹੈ, ਨਾਲੇ ਦਾਤਾ ਹੈ। ਪਹਿਲਾਂ ਦਾਤਾ ਹੈ, ਦੇਣ ਵਾਲੀਆਂ ਚੀਜ਼ਾਂ ਪਹਿਲਾਂ ਬਣਾਈਆਂ। ਕਰਤਾ ਬਾਦ 'ਚ ਬਣਿਆ, ਕਰਤਾ ਦਾ ਪਦ ਬਾਅਦ ' ਆਇਆ, ਪਹਿਲਾਂ ਦਿਤਾ –

***ਪਹਿਲੋ ਦੇ ਤੈਂ ਰਿਜਕੁ ਸਮਾਹਾ॥***
***ਪਿਛੋ ਦੇ ਤੈਂ ਜੰਤੁ ਉਪਾਹਾ॥ ਅੰਗ – 130***

ਇਕੋ ਵਾਰ ਦੇ ਦਿਤਾ ਸਾਰਾ –

***ਜੋ ਕਿਛੁ ਪਾਇਆ ਸੁ ਏਕਾ ਵਾਰ॥ ਅੰਗ – 7***

ਫੇਰ ਉਹ ਪ੍ਰਸੰਨ ਐਂ ਤੇ ਸਭ ਨੂੰ ਜਾਣਦਾ ਹੈ। ਜਿੰਦ ਦਿੰਦਾ ਵੀ ਆਪ ਹੈ, ਜਿੰਦ ਲੈਂਦਾ ਵੀ ਆਪ ਹੈ ਤੇ ਪਿਆਰ ਦੇ ਨਾਲ ਸੰਸਾਰ ਦੇਖ ਰਿਹਾ ਹੈ, ਬਾਹਰ ਨਹੀਂ ਬੈਠਾ। ਘਟਿ ਘਟਿ 'ਚ ਵਿਆਪਕ ਹੋ ਕੇ ਦੇਖ ਰਿਹਾ ਹੈ –

***ਪ੍ਰਣਵੋ ਆਦਿ ਏਕੰਕਾਰਾ॥***
***ਜਲ ਥਲ ਮਹੀਅਲ ਕੀਓ ਪਸਾਰਾ॥***
***ਆਦਿ ਪੁਰਖੁ ਅਬਗਤਿ ਅਬਿਨਾਸੀ॥***
***ਲੋਕ ਚਤੁਰਸ ਜੋਤਿ ਪ੍ਰਕਾਸੀ॥***

***ਅਕਾਲ ਉਸਤਿਤ***

ਤੇ ਇਹ ਦੋ ਰੂਪ ਨਹੀਂ ਬਣੇ, ਇਕੋ ਹੀ ਰੂਪ ਬਣਦੈ। ਇਸ ਤਰ੍ਹਾਂ ਫੁਰਮਾਨ ਕਰਦੇ ਨੇ –

***ਧਾਰਨਾ – ਆਪੇ ਸਰਗੁਨ ਨਿਰਗੁਨ ਆਪੇ,***
***ਆਪੇ ਸੁੰਨ ਸਮਾਧੀ ਐ – 2.***

***ਸਰਗੁਨ ਨਿਰਗੁਨ ਨਿਰੰਕਾਰ***
***ਸੁੰਨ ਸਮਾਧੀ ਆਪਿ॥***
***ਆਪਨ ਕੀਆ ਨਾਨਕਾ***
***ਆਪੇ ਹੀ ਫਿਰਿ ਜਾਪਿ॥ ਅੰਗ – 290***

ਸੋ ਗੁਰੂ ਨਾਨਕ ਪਾਤਸ਼ਾਹ ਨੇ ਜੋ ਸਾਨੂੰ ਸਤਿ ਦਾ ਲੱਛਣ ਦਿਤਾ, ਸਾਨੂੰ ਸਮਝਾਇਆ ਕਿ ਜਿੰਨਾ ਪਸਾਰਾ ਹੈ, ਉਹ ਆਪ ਹੀ ਹੈ। ਆਪੇ ਸਰਗੁਨ ਹੈ, ਆਪੇ ਹੀ ਨਿਰਗੁਨ ਹੈ, ਆਪੇ ਹੀ ਸੁੰਨ ਸਮਾਧ ਹੈ, ਆਪੇ ਹੀ ਨਾਮ ਹੈ। ਫੇਰ ਉਹਦਾ ਨਾਉਂ ਕੋਈ ਨਹੀਂ ਹੈ। ਉਹਦਾ ਨਾਉਂ ਇਕੋ ਹੀ

ਹੈ, ਜਿਹਨੂੰ ਸਤਿ ਕਹਿੰਦੇ ਨੇ। ੧ੴ ਸਤਿ, ਗਹਾਂ ਨਾਮ ਆ ਗਿਆ। ਉਸ ਤੋਂ ਬਾਅਦ ਕਿਉਂਕਿ ਸਰਗੁਨ ਸਰੂਪ ਹੈ, ਹੁਣ ਕਰਤਾ ਬਣ ਗਿਆ। ਫੇਰ ਨਿਰਭਉ ਹੈ, ਨਿਰਵੈਰ ਹੈ, ਕਾਲ ਦਾ ਉਹਦੇ ਤੇ ਕੋਈ ਅਸਰ ਨਹੀਂ ਹੈ, ਅਕਾਲ ਮੂਰਤ ਹੈ, ਹਸਤੀ ਹੈ, ਆਪਣੇ ਆਪ ਏ ਗਿਆਨ ਹੈ। ਸਾਨੂੰ ਕਿਤਾਬਾਂ ਪੜ੍ਹ ਕੇ ਆਉਂਦੈ, ਉਹਨੂੰ ਆਪੇ ਹੀ ਆਉਂਦਾ ਹੈ। ਆਪਣੇ ਆਪ ਹੀ ਗਿਆਨ ਦਾ ਸਰੂਪ ਹੈ, ਕਿਸੇ ਜੂਨ 'ਚ ਨਹੀਂ ਆਉਂਦਾ। ਆਪਣੇ ਆਪ ਹੀ ਗਿਆਨ ਹੈ ਤੇ ਆਪੇ ਸਭ ਤੋਂ ਵੱਡਾ ਤੇ ਆਪੇ ਹੀ ਕ੍ਰਿਪਾ ਕਰਦਾ ਹੈ। ਦੂਸਰਾ ਇਹਦੇ ਨਾਲ ਦੋ ਜੋੜ ਦਿਤੇ, ਗੁਰੂ ਤੇ ਕ੍ਰਿਪਾ ਤੋਂ ਬਗੈਰ ਆਹ ਨਾਮ ਦੀ ਪ੍ਰਾਪਤੀ ਨਹੀਂ ਹੁੰਦੀ। ਜਿਹੜਾ ਮੂਲਮੰਤਰ ਹੈ, ਇਹਦਾ ਬੀਜ ਕੀ ਹੈ? ਇਹਦਾ ਬੀਜ ਹੈ - ੧ੴ। ਉਹਦਾ ਫੇਰ ਮੂਲ ਬਣ ਗਿਆ - ਜੜ੍ਹ। ਬੀਜ ਤੋਂ ਜੜ੍ਹ ਬਣਦੀ ਹੈ। ਧਿਆਨ ਦੇਵੋ, ਗੱਲ ਸਮਝੋ, ਇਹ ਗੱਲਾਂ ਨਹੀਂ ਲੱਭਣੀਆਂ, ਨਾ ਕਿਤਾਬਾਂ 'ਚੋਂ ਲੱਭਣੀਆਂ ਨੇ, ਨਾ ਕੋਈ ਸਮਝਾਵੇ। ਇਹੀ ਮੈਂ ਬੇਨਤੀ ਕਰਦਾ ਹਾਂ ਕਿ ਮੁਸ਼ਕਲ ਹੈ ਇਹ ਗੱਲਾਂ ਲੱਭਣੀਆਂ। ਇਹ ਬੀਜ ਜਿਹੜਾ ਸੀ, ਜੜ੍ਹ ਬਣ ਗਿਆ। ਉਹਨੂੰ ਮੂਲ ਕਹਿੰਦੇ ਨੇ। ਬੀਜ ਕੀ ਸੀਗਾ, ਬੀਜ ਮੰਤਰ ਕਹਿੰਦੇ ਨੇ।

***ਬੀਜ ਮੰਤ੍ਰ ਸਰਬ ਕੋ ਗਿਆਨ॥ ਅੰਗ - 274***

'ਸੁਖਮਨੀ ਸਾਹਿਬ' 'ਚ ਬੜੀਆਂ ਡੂੰਘੀਆਂ ਗੱਲਾਂ ਆਉਂਦੀਆਂ ਨੇ। ਮੈਂ ਜੀ ਪੰਜ ਪਾਠ 'ਸੁਖਮਨੀ ਸਾਹਿਬ' ਦੇ ਕਰ ਲੈਂਦਾ ਹਾਂ, ਕੁਛ ਸਮਝ 'ਚ ਵੀ ਆਇਆ ਹੈ?

***ਸੋਧਤ ਸੋਧਤ ਸੋਧਤ ਸੀਝਿਆ॥***
***ਗੁਰ ਪ੍ਰਸਾਦਿ ਤਤੁ ਸਭੁ ਬੂਝਿਆ॥***
***ਜਬ ਦੇਖਉ ਤਬ ਸਭੁ ਕਿਛੁ ਮੂਲੁ।.***
***ਨਾਨਕ ਸੋ ਸੂਖਮੁ ਸੋਈ ਅਸਥੂਲੁ॥***
***ਅੰਗ - 281***

ਜਿੰਨਾਂ ਪਸਾਰਾ ਦੇਖਦੇ ਹੋ, ਵਾਹਿਗੁਰੂ ਤੋਂ ਬਗੈਰ ਹੈ ਕੀ ਇਥੇ? ਆਪ ਹੀ ਅਨੇਕ ਰੂਪ ਧਾਰ ਲਏ -

***ਏਕ ਮੂਰਤਿ ਅਨੇਕ ਦਰਸਨ***
***ਕੀਨ ਰੂਪ ਅਨੇਕ॥***
***ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥***
***ਜਾਪੁ ਸਾਹਿਬ***

ਮਹਾਰਾਜ ਕਹਿੰਦੇ, ਜਿਹਨੂੰ ਇਹ ਗੱਲ ਸਮਝ ਆ ਗਈ ਨਾ, ਜਿਹੜਾ ਇਥੇ ਟਿਕ ਗਿਆ, ਇਕ ਤਾਂ ਹੁੰਦੀ ਹੈ ਬੁੱਧੀ ਦੇ ਨਾਲ ਸਮਝ 'ਚ ਆਉਣੀ, ਇਕ ਹੁੰਦੀ ਹੈ ਨਿਹਚੇ ਪੂਰਵਕ। ਏਸ ਸਥਾਨ ਤੇ ਜਾ ਕੇ ਟਿਕ ਗਿਆ, ਕੌਣ ਟਿਕਿਆ ਸੀ? ਭਾਈ ਘਨਈਆ ਟਿਕਿਆ ਸੀ, ਪਾਣੀ ਪਿਲਾਈ ਜਾਂਦਾ ਹੈ ਕਿਉਂਕਿ ਉਹਨੂੰ ਦੂਜਾ ਨਜ਼ਰ ਨਹੀਂ ਆਉਂਦਾ। ਕਿਉਂਕਿ ਗੱਲ ਸਮਝ ਲਈ ਉਹਨੇ ਕਿ ਜਦ ਇਥੇ ਦੂਜਾ ਹੈ ਹੀ ਨਹੀਂ, ਮੈਂ ਦੂਜਾ ਕਿਵੇਂ ਸਮਝਾਂ? ਸ਼ੱਕ ਹੋਵੇ ਤਾਂ ਕਹੇ ਕਿ ਆਹ ਸਿੰਘ ਨੇ, ਆਹ ਮੁਗਲ ਨੇ, ਆਹ ਫਲਾਣੇ ਨੇ। ਗੁਰੂ ਸਾਹਿਬ ਨੇ ਸਿਰੀ ਸਾਹਿਬ ਪੁਆ ਦਿਤੀ। ਉਹਨੇ ਸਿਰੀ ਸਾਹਿਬ ਦਾ ਮੂੰਹ ਪਿਛਲੇ ਪਾਸੇ ਨੂੰ ਕਰ ਲਿਆ। ਕਹਿੰਦੇ, ਸੱਚੇ ਪਾਤਸ਼ਾਹ, ਇਹਦਾ ਮੁੱਠੇ ਦਾ ਮੂੰਹ ਅੱਗੇ ਨੂੰ ਨਹੀਂ ਕਰਦਾ। ਇਹ ਪਿਛੇ ਨੂੰ ਕਰਕੇ ਬੰਨ੍ਹ ਲੈਂਦਾ ਹੈ। ਮਹਾਰਾਜ ਕਹਿੰਦੇ, ਘਨਈਆ! ਇਹ ਕੀ ਕਰਦਾ ਹੈਂ? ਕਹਿੰਦਾ, ਸੱਚੇ ਪਾਤਸ਼ਾਹ! ਕਿਸੇ ਨੇ ਜੇ ਮਾਰਨਾ ਹੋਇਆ ਤਾਂ ਉਹਨੂੰ ਬਹੁਤੀ ਤਕਲੀਫ ਨਾ ਹੋਵੇ। ਮੇਰੇ ਵਾਲੀ ਖਿੱਚ ਕੇ ਮਾਰ ਦੇਵੇ। ਕਿੱਡਾ ਨਿਹਚਾ ਸੀ - ਪਰਪੱਕ ਨਿਹਚਾ। ਐਨੇ ਨਿਹਚੇ ਤੋਂ ਬਗੈਰ ਨਹੀਂ ਗੱਲ ਬਣਦੀ।

ਬਾਬਾ ਭਾਗ ਸਿੰਘ ਜੀ ਹਜ਼ੂਰ ਸਾਹਿਬ ਗਏ। ਰਾਤ ਨੂੰ ਓਸ ਥਾਂ ਤੇ ਨਿਵਾਸ ਕਰ ਲਿਆ ਜਿਥੇ ਮਾਨਸ ਖਾਣਾ ਸ਼ੇਰ ਆਇਆ ਕਰਦਾ ਸੀ। ਪਿੰਡ ਵਾਲੇ ਲੰਘੇ ਜਾਂਦੇ ਨੇ। ਕਾਹਲੀ ਕਾਹਲੀ ਤੁਰੇ ਜਾਂਦੇ ਨੇ। ਸੂਰਜ ਛਿਪਣ ਵਾਲੇ। ਲੱਕੜੀਆਂ ਚੁੱਕੀਆਂ ਹੋਈਆਂ ਨੇ। ਕਹਿੰਦੇ ਓਏ, ਆਹ ਬਾਲ ਯੋਗੀ ਬੈਠਾ ਹੈ ਏਥੇ। ਆਪ ਦੀ ਉਮਰ ਉਸ ਵੇਲੇ 22 ਸਾਲ ਦੀ ਸੀ - 21 ਜਾਂ 22 ਸਾਲ ਦੀ। ਲਗਨ ਲੱਗ ਗਈ। ਉਹ ਵਿਰਲੇ ਵਿਰਲੇ ਪੁਰਸ਼ ਨੇ ਜਿਨ੍ਹਾਂ ਨੂੰ ਲਗਨ ਲੱਗ ਜਾਂਦੀ ਹੈ, ਫੇਰ ਨਹੀਂ ਪਿਛੇ ਮੁੜਦੇ। ਇਕ ਵਾਰੀ ਪੈਰ ਪੁੱਟ ਲਿਆ ਸੋ ਪੁੱਟ ਲਿਆ, ਉਹ ਕਾਇਰ ਨਹੀਂ ਹੁੰਦੇ। ਫੇਰ ਇਹ ਨਹੀਂ ਕਿ ਮੈਂ ਹੁਣ ਘਰ ਨੂੰ ਜਾਵਾਂ, ਘਰ ਜਾ ਕੇ ਮੈਂ ਕੰਮ ਕਰਾਂ। ਉਹ ਬੰਦੇ ਐਵੇਂ ਈ ਹੁੰਦੇ ਨੇ। ਜਿਹਨੇ ਸਮਝ ਕੇ ਗੱਲ ਕਰ ਲਈ, ਉਹ ਨਹੀਂ ਫੇਰ ਪਿਛੇ ਮੁੜਦਾ।

***ਆਗਾਹਾਂ ਕੂ ਤ੍ਰਾਂਘਿ ਪਿਛਾ ਫੇਰਿ ਨ ਮੁਹਡੜਾ॥***
***ਅੰਗ - 1096***

ਅੱਗੇ ਨੂੰ ਤਾਂ ਵਧ। ਜੇ ਗਿਰਨੈਂ ਤਾਂ ਵੀ ਅੱਗੇ ਨੂੰ ਤਾਂ ਗਿਰ, ਪਿਛੇ ਨੂੰ ਨਾ ਗਿਰ, ਪਿੱਠ ਨਾ ਲਵਾ। ਉਨ੍ਹਾਂ ਨੇ ਕਿਹਾ, ਬਾਲ ਯੋਗੀ! ਏਥੇ ਰਾਤ ਨੂੰ ਸ਼ੇਰ ਆਉਂਦੇ - ਮਾਨਸ ਖਾਣਾ, ਬੰਦਿਆਂ ਨੂੰ ਖਾ ਜਾਂਦਾ ਹੈ। ਏਥੇ ਹੈ ਪਾਣੀ, ਉਹਨੇ ਪਾਣੀ ਪੀਣ ਵੀ ਆਉਣਾ ਹੈ ਤੇ ਤੈਨੂੰ ਖਾ ਜਾਏਗਾ। ਚੁੱਪ ਕਰ ਰਹੇ, ਕਹਿੰਦੇ, ਕੋਈ ਨਾ। ਧੰਨਵਾਦ ਤੁਹਾਡਾ। ਕਹਿੰਦੇ, ਧੰਨਵਾਦ ਨਹੀਂ, ਤੂੰ ਪਿੰਡ 'ਚ ਚਲ। ਕਹਿੰਦੇ, ਕੋਈ ਨਾ, ਇਥੇ ਹੀ ਬੈਠਾਂਗੇ। ਦਰਸ਼ਨ ਕਰਾਂਗੇ ਉਸ ਦੇ ਵੀ। ਉਹ ਵੀ ਪ੍ਰਭੂ ਰੂਪ 'ਚ ਆਉਣੈ, ਦਰਸ਼ਨ ਕਰਾਂਗੇ। ਸਵੇਰੇ ਹੀ ਪਿੰਡ ਵਾਲਿਆਂ ਨੇ ਕਿਹਾ ਕਿ ਉਹ ਤਾਂ ਖਾ ਲਿਆ ਹੋਣਾ ਹੈ। ਪਿੰਡ ਦੇ ਲੋਕ ਜਾਂਦੇ ਨੇ, ਡੰਡੇ ਹੱਥਾਂ 'ਚ ਨੇ, ਹਥਿਆਰ ਹੱਥਾਂ 'ਚ ਚੱਕੇ ਹੋਏ ਨੇ। ਜਾ ਕੇ ਕੀ ਦੇਖਦੇ ਨੇ ਕਿ ਉਹ ਤਾਂ ਉਵੇਂ ਜਿਵੇਂ ਬੈਠੈ, ਸਮਾਧੀ ਲੱਗੀ ਹੋਈ ਹੈ ਤੇ ਇਕ ਟੱਕ ਬੈਠੇ ਨੇ, ਸਭ ਕੁਝ ਭੁੱਲਿਆ ਹੋਇਆ ਹੈ ਤੇ ਉਥੇ ਜਾ ਕੇ ਆਲੇ ਦੁਆਲੇ ਦੇਖਣ ਲਗ ਗਏ - ਸਿਆਣੇ ਬੰਦੇ। ਕੀ ਦੇਖਦੇ ਨੇ ਕਿ ਚਾਰੇ ਪਾਸੇ

ਸ਼ੇਰ ਘੁੰਮੇ ਹੋਏ ਨੇ। ਇਕ ਨਹੀਂ, ਵੱਖਰੀਆਂ-ਵੱਖਰੀਆਂ ਪੈੜਾਂ ਨੇ। ਕਹਿਣ ਲੱਗੇ, ਇਹਨੂੰ ਤਾਂ ਸੁੰਘ-ਸੁੰਘ ਕੇ ਗਏ ਨੇ ਸਾਰੇ ਸ਼ੇਰ। ਸਿਆਣਾ ਬੰਦਾ ਸੀ, ਕਹਿੰਦਾ, ਓ ਸੁੰਘਿਆ ਨਹੀਂ ਹੈ, ਇਹਨੂੰ ਮੱਥਾ ਟੇਕ ਕੇ ਗਏ ਨੇ, ਇਹ ਕੋਈ ਬਹੁਤ ਵੱਡੀ ਰੂਹ ਹੈ। ਉਹ ਤਾਂ ਇਹਦਾ ਦਰਸ਼ਨ ਕਰਨ ਆਏ ਨੇ। ਉਸ ਤੋਂ ਬਾਅਦ ਬਾਬਾ ਜੀ ਨੇ ਨੇਤਰ ਖੋਲ੍ਹੇ। ਇਨ੍ਹਾਂ ਨੇ ਨਮਸਕਾਰਾਂ ਕੀਤੀਆਂ। ਬਾਬਾ! ਤੂੰ ਤਾਂ ਕੋਈ ਬਹੁਤ ਬੜਾ ਸਿੱਧ ਪੁਰਸ਼ ਹੈਂ। ਧੰਨ ਭਾਗ ਸਾਨੂੰ ਦਰਸ਼ਨ ਹੋਏ। ਪਰ ਇਕ ਸਾਨੂੰ ਗੱਲ ਦਸ ਦੇ। ਤੈਨੂੰ ਸ਼ੇਰ ਨੇ ਕਿਉਂ ਨਾ ਖਾਧਾ? ਕਹਿੰਦੇ, ਪਿਆਰਿਓ! ਹੁਣ ਮੈਂ ਤੁਹਾਡੇ ਨਾਲ ਡੂੰਘੀ ਗੱਲ ਤਾਂ ਕਰਨੀ ਨਹੀਂ। ਤੁਹਾਨੂੰ ਮੈਂ ਇਕ ਬੇਨਤੀ ਕਰਨੀ ਹੈ ਕਿ ਜੇ ਤੁਹਾਨੂੰ ਭੁੱਖ ਲੱਗੀ ਹੋਵੇ ਤਾਂ ਆਪਣਾ ਹੱਥ ਖਾ ਲੈਂਦੇ ਓਂ। ਕਹਿੰਦੇ, ਆਪਣਾ ਹੱਥ ਤਾਂ ਕੋਈ ਖਾਂਦਾ ਹੀ ਨਹੀਂ। ਕਹਿੰਦੇ, ਪੱਟ ਦੇ ਉਤੇ ਮਾਸ ਹੁੰਦਾ ਹੈ, ਉਹ ਖਾ ਲੈਨੇ ਓਂ? ਕਹਿੰਦੇ, ਆਪਣੇ ਆਪ ਤਾਂ ਕੋਈ ਵੀ ਨਹੀਂ ਖਾਂਦਾ, ਚਾਹੇ ਮਰ ਜਾਵੇ। ਕਹਿੰਦੇ, ਫੇਰ ਉਹ ਮੈਨੂੰ ਕਿਉਂ ਖਾ ਲੈਂਦਾ। ਉਹ ਮੇਰਾ ਆਪਣਾ ਆਪ ਸੀ, ਆਹ ਦਰਖਤ ਵੀ ਮੇਰਾ ਆਪਣਾ ਆਪ ਨੇ, ਤੁਸੀਂ ਵੀ ਮੇਰੇ, ਮੈਂ ਤੁਹਾਡੇ ਵਿਚ, ਤੁਸੀਂ ਮੇਰੇ ਵਿਚ। ਉਹ ਦ੍ਰਿਸਟੀ ਪਰਪੱਕ ਹੁੰਦੀ ਹੈ –

***ਗਿਆਨੁ ਨ ਗਲੀਈ ਢੂੰਢੀਐ***
***ਕਥਨਾ ਕਰੜਾ ਸਾਰੁ।। ਅੰਗ - 465***

ਗੱਲਾਂ ਨਾਲ ਨਹੀਂ ਗਿਆਨ ਆਉਂਦਾ। ਇਹ ਬੜਾ ਹੀ ਔਖਾ ਸਾਧਨ ਹੈ। ਕਿਤਾਬਾਂ ਲਿਖਣ ਵਾਲੇ ਤਾਂ ਲਿਖ ਦਿੰਦੇ ਨੇ। ਲੇਕਿਨ ਆਪ ਨੂੰ ਭੋਰਾ ਜਿੰਨਾਂ ਵੀ ਪਤਾ ਨਹੀਂ ਹੁੰਦਾ। ਏਸੇ ਕਰਕੇ ਸੰਤਾਂ ਦਾ ਅਤੇ ਅਕਲ ਵਾਲੇ ਬੰਦਿਆਂ ਦਾ ਫਰਕ ਹੋਇਆ ਕਰਦਾ ਹੈ। ਸੰਤ ਜਿਹੜੇ ਨੇ, ਇਹ ਘਾਲਣਾ ਘਾਲ ਕੇ ਇਥੇ ਪਹੁੰਚਦੇ ਨੇ। ਵਿਦਵਾਨ ਜਿਹੜੇ ਨੇ ਉਹ ਕਿਤਾਬਾਂ ਪੜ੍ਹ ਕੇ ਪਹੁੰਚਦੇ ਨੇ ਲੇਕਿਨ ਉਥੇ ਫੇਰ ਹੋ ਜਾਇਆ ਕਰਦਾ ਹੈ।

ਸੋ ਮਹਾਰਾਜ ਕਹਿੰਦੇ, ਜਿਹਨੇ ਇਹ ਗੱਲ ਬੁੱਝ ਲਈ ਨਾ ਕਿ ਆਹ ਸਾਰਾ ਸੰਸਾਰ ਸਰਗੁਨ ਜਿਹੜਾ ਹੈ, ਇਹ ਵੀ ਤੇ ਨਿਰਗੁਨ ਬ੍ਰਹਮਾ, ਜਿਹੜਾ ਚੁੱਪ ਕਰਿਆ ਆਪਣੇ ਆਪ 'ਚ ਬੈਠਾ ਸੀ, ਇਹ ਦੋਵੇਂ ਇਕ ਨੇ। ਜਿਹਦੇ ਅੰਦਰ ਬੈਠ ਗਿਆ, ਉਹਦੇ ਅੰਦਰ ਨਾਮ ਵਸ ਗਿਆ। ਨਾਮ ਪ੍ਰਗਟ ਹੋ ਗਿਆ ਜਾਂ ਹੋਰ ਸੁਖਾਲਾ ਅੱਖਰ ਵਰਤ ਲਓ ਕਿ ਨਾਮ ਤਾਂ ਵਸਦਾ ਹੀ ਐ, ਲੇਕਿਨ ਪ੍ਰਗਟ ਹੋ ਗਿਆ, ਨਾਮ ਤਕ ਓਹਦੀ ਰੁਸਵਾਈ ਹੋ ਗਈ। ਗੁਰੂ ਗ੍ਰੰਥ ਸਾਹਿਬ ਦੇ 1430 ਪੰਨੇ ਵਿਚ ਨਾਮ-ਨਾਮ-ਨਾਮ, ਸ਼ਬਦ-ਸ਼ਬਦ-ਸ਼ਬਦ ਕਰੀ ਜਾਂਦੇ ਨੇ ਪਰ ਮਜਾਲ ਐ ਕਿ ਸਾਨੂੰ ਸਮਝ 'ਚ ਆ ਜਾਏ? ਉਥੇ ਦੇ ਉਥੇ ਹੀ ਰਹਿੰਦੇ ਹਾਂ, ਗੱਲ ਹੀ ਨਹੀਂ ਸਮਝਣ ਦਾ ਯਤਨ ਕਰਦੇ, ਹੋਰ ਹੀ ਗੱਲਾਂ 'ਚ ਉਲਝ ਗਏ। ਸਾਧਸੰਗਤ ਜੀ। ਕਹਿੰਦੇ, ਜੇ ਸੱਚ ਬੋਲੀਏ ਤਾਂ ਭਾਂਬੜ ਮਚਣ ਲਗ ਜਾਂਦੇ ਨੇ। ਚੁੱਪ ਕਰਨ ਤੇ ਹੀ ਗੁਜ਼ਾਰਾ ਹੁੰਦਾ ਹੈ। ਮਹਾਰਾਜ ਕਹਿੰਦੇ, ਨਾ-ਨਾ, ਉਚੀ ਨਾ ਬੋਲੀਂ।

***ਊਚਾ ਨਹੀ ਕਹਣਾ ਮਨ ਮਹਿ ਰਹਣਾ॥***
***ਅੰਗ - 580***

ਡੰਡੇ ਮਾਰਨਗੇ। ਇੱਟਾਂ ਮਾਰਨੀਆਂ ਸ਼ੁਰੂ ਕਰ ਦੇਣਗੇ। ਮਨਸੂਰ ਨੇ ਕਿਹਾ ਸੀ, ਸਭ ਇੱਟਾਂ ਮਾਰਨ ਲਗ ਗਏ ਉਹਦੇ - ਸੂਲੀ ਤੇ ਚਾੜ੍ਹ ਦਿਤਾ।

ਸ਼ਮਸ ਤਬਰੇਜ਼ ਨੇ ਕਿਹਾ ਸੀ, ਖੱਲ ਲਾਹ ਦਿਤੀ। ਸਮਝ ਨਾ ਆਈ ਉਨ੍ਹਾਂ ਨੂੰ ਕਿ ਉਹ ਗੱਲ ਕੀ ਕਹਿੰਦਾ ਹੈ। ਉਹ ਸਤਿ ਦੀ ਗੱਲ ਬੋਲ ਰਿਹਾ ਹੈ। ਉਹ ਕਹਿੰਦੇ, ਲਾਹੋ ਏਹਦੀ ਖੱਲ। ਇਹ ਤਾਂ ਗਲਤ ਗੱਲਾਂ ਕਰਦਾ ਹੈ। ਨਾਸਤਕ ਬਣਾ ਦਿਓ ਲੋਕਾਂ ਨੂੰ। ਉਹ ਸਤਿ ਦੀ ਗੱਲ ਨਹੀਂ ਕਿਸੇ ਨੇ ਸਮਝੀ। ਇਕ ਨੇ ਸਮਝੀ ਜਿਹਦਾ ਨਾਉਂ 'ਮੌਲਾਨਾ ਰੂਮ' ਸੀ। ਉਹ ਮੌਲਾਨਾ ਹੀ ਫ਼ਤਵੇ ਦੇਂਦਾ ਸੀ, ਲੇਕਿਨ ਉਹਨੇ ਗੱਲ ਸਮਝ ਲਈ। ਸੋ ਮਹਾਰਾਜ ਕਹਿੰਦੇ, ਜਿਹਨੇ ਇਹ ਗੱਲ ਸਮਝ ਲਈ, ਉਹਦੇ ਮਨ ਵਿਚ ਨਾਮ ਵਸ ਗਿਆ। ਜਿਹਦੇ ਮਨ 'ਚ ਨਾਮ ਵਸ ਗਿਆ, ਉਹਦੀ ਅਵਸਥਾ ਕੀ ਹੁੰਦੀ ਹੈ? ਉਹ ਆਪ ਵੀ ਤਰਦਾ ਹੈ, 101 ਕੁਲਾਂ ਦਾ ਉਧਾਰ ਕਰ ਦਿੰਦਾ ਹੈ।

***ਧਾਰਨਾ - ਆਪ ਤਰਦਾ ਤੇ ਕੁਲਾਂ ਨੂੰ ਤਾਰ ਦੇਵੇ,***
***ਜਿਨ੍ਹਾਂ ਦੇ ਮਨ ਰਾਮ ਵਸਿਆ - 2.***

ਨਾਮ ਦਾ ਵਸਣਾ, ਇਹ ਅਨੁਭਵ ਜਿਹਦਾ ਜਾਗ ਪਿਆ ਸਾਧਸੰਗਤ ਜੀ, ਉਹ ਆਪ ਹੀ ਨਹੀਂ ਤਰਦਾ, ਕੁਲਾਂ ਵੀ ਤਾਰ ਦਿੰਦਾ ਹੈ। 101 ਕੁਲ ਨੂੰ। ਚੌਵੀ ਦਾਦਕਿਆਂ ਦੀਆਂ, ਵੀਹ ਨਾਨਕਿਆਂ ਦੀਆਂ, ਸੋਲਾਂ - ਜਿਥੇ ਵਿਆਹਿਆ ਹੋਇਆ ਹੈ, ਬਾਰਾਂ - ਜਿਥੇ ਲੜਕਾ ਲੜਕੀ ਦੀ ਸ਼ਾਦੀ ਹੋਈ ਹੈ, ਗਿਆਰਾਂ - ਜਿਸ ਥਾਂ ਭੈਣ ਹੈ, ਅੱਠ - ਮਾਸੀ ਹੈ ਜਿਥੇ, ਨੌਂ - ਜਿਥੇ ਭੂਆ ਹੈ, ਇਕ ਸੌ ਇਕ ਕੁਲ ਦਾ ਉਧਾਰ ਕਰ ਦਿੰਦਾ ਹੈ। ਆਪ ਵੀ ਤਰਦਾ ਹੈ ਤੇ ਕੁਲਾਂ ਨੂੰ ਵੀ ਤਾਰ ਦਿੰਦਾ ਹੈ -

***ਨਿਰਗੁਣੁ ਸਰਗੁਣੁ ਆਪੇ ਸੋਈ॥***
***ਤਤੁ ਪਛਾਣੈ ਸੋ ਪੰਡਿਤੁ ਹੋਈ॥***
***ਅੰਗ - 128***

ਕਹਿੰਦੇ, ਅਸੀਂ ਪੜ੍ਹਿਆਂ ਹੋਇਆਂ ਨੂੰ ਪੰਡਿਤ ਨਹੀਂ ਕਹਿੰਦੇ। ਗਿਆਨੀ ਪਾਸ ਕਰ ਲਈ ਤਾਂ ਗਿਆਨੀ ਨਹੀਂ ਹੁੰਦਾ। ਪੰਡਿਤ ਉਹ ਹੈ ਜਿਹੜਾ ਤਿੰਨਾਂ ਗੁਣਾਂ ਦੀ ਪੰਡ ਉਤਾਰ ਕੇ ਪਰ੍ਹੇ ਮਾਰੇ, ਤੇ ਤੱਤ ਗਿਆਨ ਜਿਹਦੇ ਅੰਦਰ ਪ੍ਰਗਟ ਹੋ ਜਾਵੇ। ਉਹ ਕੀ ਕਰਦਾ ਹੈ? ਕਹਿੰਦੇ -

***ਆਪਿ ਤਰੈ ਸਗਲੇ ਕੁਲ ਤਾਰੈ***
***ਹਰਿ ਨਾਮੁ ਮੰਨਿ ਵਸਾਵਣਿਆ॥ ਅੰਗ - 128***

ਜਿਹਦੇ ਮਨ ਵਿਚ ਨਾਮ ਵਸ ਗਿਆ।

ਸੋ ਇਹ ਵਿਚਾਰ ਮੈਂ ਲੰਮੀ ਚੌੜੀ ਇਕ ਘੰਟੇ, ਦਸ ਮਿੰਟ ਦੀ ਇਸ ਕਰਕੇ ਕੀਤੀ ਐ ਤਾਂ ਕਿ ਸਾਨੂੰ ਗੱਲ ਸਮਝ ਆ ਜਾਏ ਕਿ ਸਾਡਾ ਸਫਰ ਕਿਥੋਂ ਸ਼ੁਰੂ ਹੋਇਆ ਹੈ ? ਅਸੀਂ ਕਿਥੇ ਜਾਣਾ ਹੈ ? ਜਿਹੜਾ ਅਸੀਂ ਕਹਿੰਦੇ ਹਾਂ ਨਾ ਕਿ ਰੱਬ ਨੂੰ ਮਿਲ ਲਓ, ਉਹ ਗੱਲ ਸਮਝਾਉਣੀ ਔਖੀ ਹੈ ਕਿ ਰੱਬ ਨੂੰ ਮਿਲਣਾ ਕੀ ਹੈ ? ਤੁਸੀਂ ਮੁੜ ਆਪਣੇ ਸੋਮੇ ਵਲ ਜਾਣਾ ਹੈ। ਜਿਥੋਂ ਆਏ ਹੋ, ਜਿਥੋਂ ਵਿਛੜੇ ਹੋ, ਉਥੇ ਹੀ ਪਹੁੰਚੋ। ਵਿਛੜ ਕੇ ਤੂੰ ਦੂਰ ਚਲਿਆ ਗਿਆ। ਹੁਣ ਪ੍ਰਮੇਸ਼ਰ ਨੇ ਰਚਨਾ ਤ੍ਰਿਗੁਣੀ ਰਚ ਦਿਤੀ ਤੇ ਇਹਦੇ ਵਿਚ ਅੰਡਜ, ਜੇਰਜ, ਸੇਤਜ, ਉਤਭੁਜ ਚਾਰੇ ਖਾਣੀਆਂ ਆ ਗਈਆਂ। ਕੁਛ ਤਾਂ ਅੰਡਿਆਂ ਤੋਂ ਪੈਦਾ ਹੋਏ, ਕੁਛ ਜੇਰ ਤੋਂ ਪੈਦਾ ਹੋਏ, ਕੁਝ ਗਰਮੀ ਤੋਂ ਪੈਦਾ ਹੋਈਆਂ ਚੀਜ਼ਾਂ, ਕੁਛ ਆਹ ਧਾਤਾਂ ਵਗੈਰਾ ਪੈਦਾ ਹੋਈਆਂ। ਚਾਰ ਇਹਦੇ ਵਿਚ ਬਾਣੀਆਂ ਆ ਗਈਆਂ - ਪਰਾ ਬਾਣੀ ਆ ਗਈ, ਪਸੰਤੀ ਬਾਣੀ ਆ ਗਈ, ਮਧਮਾ ਬਾਣੀ ਆ ਗਈ ਤੇ ਆਹ ਇਕ ਬੈਖਰੀ ਬਾਣੀ ਆ ਗਈ। ਇਹਦੇ ਵਿਚ ਅਨੇਕਾਂ ਜੀਵ-ਜੰਤੂ, ਅਨੇਕਾਂ ਜਿਨਸਾਂ ਦੇ ਜੀਵ ਪੈਦਾ ਹੋ ਗਏ। ਇਹ ਸਾਰੀ ਸ੍ਰਿਸਟੀ ਦੇ ਵਿਚੋਂ ਗਿਣਨ ਵਾਲਿਆਂ ਨੇ ਗਿਣੀ ਹੈ ਕਿ ਚੌਰਾਸੀ ਲੱਖ ਹੈ ਤੇ ਇਹਦੇ ਵਿਚੋਂ ਜਿਹੜੀ ਉਤਮ ਚੀਜ਼ ਹੈ -

***ਲਖ ਚਉਰਾਸੀਹ ਜੋਨਿ ਸਬਾਈ॥***
***ਮਾਣਸ ਕਉ ਪ੍ਰਭਿ ਦੀਈ ਵਡਿਆਈ॥***

***ਅੰਗ - 1075***

ਐਹ ਮਨੁੱਖ ਨੂੰ ਵਡਿਆਈ ਦੇ ਦਿਤੀ - ਪਾਰਬ੍ਰਹਮ ਪ੍ਰਮੇਸ਼ਰ ਨੇ। ਮਹਾਰਾਜ ਕਹਿੰਦੇ ਕਿ ਆਹ ਜਿਹੜੀ ਜੂਨ ਐ ਨਾ ਮਨੁੱਖ ਦੀ, ਇਹਨੂੰ ਸਾਰਿਆਂ ਦਾ ਸਰਦਾਰ ਬਣਾ ਦਿਉ ਤਾਂ -

***ਅਵਰ ਜੋਨਿ ਤੇਰੀ ਪਨਿਹਾਰੀ॥***
***ਇਸੁ ਧਰਤੀ ਮਹਿ ਤੇਰੀ ਸਿਕਦਾਰੀ॥***

***ਅੰਗ - 374***

ਬਾਕੀ ਜੂਨਾਂ ਜਿਹੜੀਆਂ ਨੇ, ਤੂੰ ਇਨ੍ਹਾਂ ਨੂੰ ਸਾਂਭਣਾ ਹੈ, ਤੂੰ ਇਨ੍ਹਾਂ ਦੀ ਰਖਸ਼ਾ ਕਰਨੀ ਹੈ। ਮਾਰ-ਮਾਰ, ਖਾ ਕੇ ਮੁਕਾ ਨਹੀਂ ਦੇਣੀਆਂ। ਤੈਨੂੰ ਰਾਜਾ ਬਣਾ ਦਿਤਾ, ਸਿਕਦਾਰ ਬਣਾ ਦਿਤਾ। ਵਿਉਂਤ ਤੋਂ ਕੰਮ ਲੈਣਾ ਹੈ ਤੂੰ। ਜਿਵੇਂ ਰਾਜਾ ਇਨਸਾਫ ਕਰਦਾ ਹੈ, ਐਉਂ ਇਨਸਾਫ ਕਰਨਾ ਹੈ ਤੂੰ, ਤੇਰੀ ਸਰਦਾਰੀ ਕਾਇਮ ਕਰ ਦਿਤੀ।

***ਮਾਣਸ ਕਉ ਪ੍ਰਭਿ ਦੀਈ ਵਡਿਆਈ॥***

***ਅੰਗ - 1075***

ਵੱਡੀ ਵਡਿਆਈ, ਆਹ ਜਿਹੜਾ ਸਰੀਰ ਹੈ ਨਾ ਸਾਡਾ ਪੰਜਾਂ ਤੱਤਾਂ ਦਾ ਬਣਿਆ ਹੋਇਆ, ਤੁਰਦਾ ਫਿਰਦਾ, ਇਹਨੂੰ ਮਾਨਸ ਸਰੀਰ ਕਹਿੰਦੇ ਨੇ। ਮਾਨਸ ਹੋਰ ਚੀਜ਼ ਹੈ, ਸਰੀਰ ਹੋਰ ਚੀਜ਼ ਹੈ। ਇਹ ਮਾਨਸ ਸਰੀਰ ਨੂੰ ਵਡਿਆਈ ਦੇ ਦਿਤੀ। ਕਿਉਂ ਦੇ ਦਿਤੀ ? ਕਿਉਂਕਿ ਇਹਦੇ ਕੋਲ ਇਕ ਚੀਜ਼ ਵਾਧੂ ਹੈ - ਬਾਕੀਆਂ ਨਾਲੋਂ। ਮਨ ਉਨ੍ਹਾਂ ਕੋਲ ਵੀ ਹੈ। ਥੋੜ੍ਹੀ ਜਿਹੀ ਉਨ੍ਹਾਂ ਕੋਲ ਬੁੱਧੀ ਹੈ, ਮਾੜੀ ਜਿਹੀ। ਪਤਾ ਲੱਗ ਜਾਂਦਾ ਹੈ ਕਿ ਆਹ ਪਸ਼ੂ ਤਕੜਾ ਹੈ ਮੇਰੇ ਨਾਲੋਂ, ਮੈਨੂੰ ਮਾਰ ਦਊ ਤੇ ਨੱਠ ਜਾਂਦੇ ਨੇ। ਪਤਾ ਲੱਗ ਜਾਂਦਾ ਹੈ ਕਿ ਸ਼ਿਕਾਰੀ ਮਾਰਨ ਆਇਆ ਹੈ ਤੇ ਹੁਣ ਮੈਂ ਨੱਠ ਜਾਵਾਂ। ਫੇਰ ਉਨ੍ਹਾਂ ਕੋਲ ਚਿੱਤ ਜਿਹੜਾ ਹੈ, ਉਹ ਵੀ ਛੋਟਾ ਹੈ, ਸਾਡੇ ਵਰਗਾ ਨਹੀਂ। ਸਾਡੇ ਤਾਂ ਕਿਤੇ ਵਿਛੋੜਾ ਹੋ ਜਾਵੇ, ਧੀ-ਪੁੱਤ ਦਾ, ਸਾਰੀ ਜ਼ਿੰਦਗੀ ਨਹੀਂ ਭੁੱਲਦਾ। ਉਹ ਥੋੜ੍ਹਾ ਜਿਹਾ ਤਾਂ ਕਰਦੇ ਨੇ, ਦੱਸ ਪੰਦਰਾਂ ਦਿਨਾਂ ਬਾਅਦ ਉਨ੍ਹਾਂ ਨੂੰ ਭੁੱਲ ਜਾਂਦਾ ਹੈ ਸਭ ਕੁਛ। ਏਸ ਤੋਂ ਬਾਅਦ ਇਕ ਚੀਜ਼ ਹੈ ਸਾਡੇ ਕੋਲ ਜਿਹੜੀ ਉਨ੍ਹਾਂ ਨਾਲੋਂ ਵੱਧ ਹੈ, ਬੜੀ ਭੈੜੀ ਹੈ। ਉਹ ਹੈ 'ਹਉਮੈ', 'ਮੈਂ'। ਉਨ੍ਹਾਂ 'ਚ ਹਉਮੈ ਨਹੀਂ ਹੈ। ਹਉਮੈ ਨਾ ਹੋਣ ਕਰਕੇ, ਕਰਮ ਦਾ ਫਲ ਉਨ੍ਹਾਂ ਨੂੰ ਨਹੀਂ ਲਗਦਾ। ਚਾਹੇ ਲੱਖ ਗਊ ਰੋਜ਼ ਮਾਰੀ ਜਾਏ, ਉਹਨੂੰ ਪਾਪ ਨਹੀਂ ਲੱਗਦਾ ਕਿਉਂਕਿ ਉਹ ਹਉਮੈ ਨਹੀਂ, ਸਹਿਜ ਵਿਚ ਮਾਰਦਾ ਹੈ, ਸਹਿਜ ਸੁਭਾਅ 'ਚ। ਉਹਦਾ ਕੋਈ ਇਰਾਦਾ ਨਹੀਂ ਹੈ ਕਿ ਮੈਂ ਮਾਰ ਦੇਣਾ ਹੈ। ਬੰਦੇ ਦਾ ਹੁੰਦਾ ਹੈ ਕਿ ਮੈਂ ਫਲਾਣੇ ਦੇਸ਼ ਨੂੰ ਮਾਰ ਦੇਵਾਂ। ਉਹ 'ਮੈਂ' ਸਾਡੇ ਕੋਲ ਆ ਗਈ। 'ਮੈਂ' ਬੜੀ ਮਾੜੀ ਚੀਜ਼ ਹੈ। 'ਮੈਂ' ਨੇ ਸਾਨੂੰ ਫਸਾ ਦਿਤਾ। ਕਰਮ ਉਹ ਵੀ ਕਰਦੇ ਨੇ, ਕਰਮ ਅਸੀਂ ਵੀ ਕਰਦੇ ਹਾਂ, ਪਰ ਅਸੀਂ ਮੈਂ ਧਾਰ ਕੇ ਕਰਦੇ ਹਾਂ। ਅਸੀਂ ਫਸ ਗਏ। ਜੂਨਾਂ 'ਚ ਫੇਰ ਅੱਗੇ ਨੂੰ ਸਫਰ ਕਰ ਲਿਆ। ਮਹਾਰਾਜ ਕਹਿੰਦੇ, ਤੂੰ ਆਪਣੀ ਵਡਿਆਈ ਨੂੰ ਸਮਝ। ਤੇਰੇ ਕੋਲ ਇਕ ਚੀਜ਼ ਵਾਹਿਗੁਰੂ ਨੇ ਵਾਧੂ ਦਿਤੀ ਹੈ, ਉਹ ਇਹ ਹੈ ਕਿ -

***ਕਾਇਆ ਨਗਰੁ ਨਗਰ ਗੜ੍ਹ ਅੰਦਰਿ॥***
***ਸਾਚਾ ਵਾਸਾ ਪੁਰਿ ਗਗਨੰਦਰਿ॥***

***ਅੰਗ - 1033***

ਤੇਰੇ ਅੰਦਰ ਵਾਹਿਗੁਰੂ ਦਾ ਅਸਥਾਨ ਪ੍ਰਗਟ ਕੀਤਾ ਹੋਇਆ ਹੈ। ਵਾਹਿਗੁਰੂ ਰਹਿੰਦਾ ਤਾਂ ਉਨ੍ਹਾਂ ਦੇ ਅੰਦਰ ਵੀ ਹੈ ਪਰ ਉਥੇ ਅਸਥਾਨ ਪ੍ਰਗਟ ਨਹੀਂ ਹੈ। ਤੇਰੇ ਅੰਦਰ ਪ੍ਰਗਟ ਹੈ -

***ਨਉ ਦਰਵਾਜੇ ਕਾਇਆ ਕੋਟੁ ਹੈ***
***ਦਸਵੈ ਗੁਪਤੁ ਰਖੀਜੈ॥***
***ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ।.***
***ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ॥***
***ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ॥***
***ਸਭ ਮਹਿ ਏਕੁ ਵਰਤਦਾ***
***ਜਿਨਿ ਆਪੇ ਰਚਨ ਰਚਾਈ॥***
***ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ॥***

***ਅੰਗ - 947***

***'ਚਲਦਾ'***

# ਹਿਮਾਲੀਅਨ ਯੋਗੀ ਦਾ ਸੰਗ
## (Walking With Himalayan Master)

*ਡਾ. ਜਸਟਿਨ ਓਬਰਾਇਨ*
*ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ*

## ਦਿੱਲੀ ਵਿਚ ਸਾਡਾ ਪੜਾਓ

ਜਦੋਂ ਤੁਸੀਂ ਸਵਾਮੀ ਜੀ ਦੇ ਕੋਲ ਹੁੰਦੇ ਹੋ ਕੁਝ ਵੀ ਹੋ ਸਕਦਾ ਹੈ ਤੇ ਹੋ ਜਾਂਦਾ ਹੈ, ਜਿਵੇਂ ਹੀ ਅਸੀਂ ਦਿੱਲੀ ਪਹੁੰਚੇ, ਕਾਫੀ ਤਰ੍ਹਾਂ ਨਾਲ ਸਾਡੇ ਨਾਲ ਅਚੰਭੇ ਹੋਏ। ਅਸੀਂ 3.30 ਵਜੇ ਸਵੇਰੇ ਪਹੁੰਚੇ, ਸਵਾਮੀ ਜੀ ਨੂੰ ਦੱਸਿਆ ਹੋਇਆ ਸੀ ਪਰ ਸਾਨੂੰ ਕੋਈ ਵੀ ਟੈਕਸੀ ਨਹੀਂ ਮਿਲੀ, ਹੋਟਲ ਵਿਚ ਕੋਈ ਕਮਰਾ ਨਹੀਂ ਮਿਲਿਆ। ਭਾਵੇਂ ਸਾਡੀ ਬੁਕਿੰਗ ਸੀ, ਅਸੀਂ ਹਿਆਤ ਹੋਟਲ ਦੇ ਅੰਦਰ ਵੜੇ। ਅਸੀਂ ਇਕ ਵੱਡਾ ਸਾਰਾ ਸੋਫਾ ਦੇਖਿਆ ਤੇ ਸੌਂ ਗਏ ਤੇ ਸਵੇਰ ਦੇ 6.30 ਵਜੇ ਤਕ ਸੁਤੇ ਰਹੇ। ਫੇਰ ਉਠ ਕੇ ਅਸੀਂ ਇਕ ਮਿਤ੍ਰ ਨੂੰ ਫੋਨ ਕੀਤਾ, ਉਸ ਨੇ ਟੈਲੀਫੋਨ ਤੇ ਸਵਾਮੀ ਜੀ ਨਾਲ ਗੱਲ ਕੀਤੀ ਤੇ ਉਹ ਕਹਿਣ ਲੱਗੇ ਸਾਡੇ ਲਈ ਕਮਰਾ ਰੱਖਿਆ ਹੋਇਆ ਹੈ। ਕਮਰਾ ਖੋਲ੍ਹ ਦਿਤਾ ਗਿਆ। ਅਸੀਂ ਕਮਰੇ ਵਿਚ ਗਏ ਤੇ ਦੁਪਹਿਰ ਤਕ ਸੁਤੇ ਰਹੇ।

ਅਸੀਂ ਫਲ ਵਗੈਰਾ ਖਾ ਕੇ ਸਵਾਮੀ ਜੀ ਦੇ ਫਲੈਟ ਵਲ ਗਏ। ਮੈਨੂੰ ਰਸਤਾ ਵਧੇਰੇ ਹੀ ਸਾਫ ਸੁਥਰਾ ਲਗ ਰਿਹਾ ਸੀ, ਇਮਾਰਤਾਂ ਵੀ ਠੀਕ ਲਗ ਰਹੀਆਂ ਸੀ, ਲਗ ਰਿਹਾ ਸੀ ਕਿ ਕਿਸੇ ਦੂਸਰੇ ਰਸਤੇ ਤੋਂ ਜਾ ਰਹੇ ਹਾਂ।

ਸਵਾਮੀ ਜੀ ਕੋਲ ਪਹੁੰਚੇ ਤੇ ਸਭ ਤੋਂ ਪਹਿਲਾਂ ਉਹ ਪੁੱਛਣ ਲੱਗੇ ਤੁਸੀਂ ਦੇਖਿਆ ਸੜਕਾਂ ਕਿੰਨੀਆਂ ਸਾਫ ਹਨ ਤੇ ਫੇਰ ਪੁੱਛਣ ਲੱਗੇ ਸਾਨੂੰ ਜਾਪਾਨ ਵਿਚ ਰਹਿਣਾ ਕਿਵੇਂ ਲੱਗਾ।

ਮੈਨੂੰ ਸਦਾ ਹੀ ਇਹ ਚੰਗਾ ਲਗਦਾ ਰਿਹਾ ਹੈ ਕਿ ਸਵਾਮੀ ਜੀ ਮੇਰੇ ਵਿਚਾਰ ਪੜ੍ਹ ਕੇ ਮੈਨੂੰ ਆਦੇਸ਼ ਦਿੰਦੇ ਰਹੇ ਹਨ, ਮੈਨੂੰ ਚੰਗਾ ਲਗਦਾ ਸੀ ਕਿ ਮੇਰਾ ਗੁਰੂ ਸਦਾ ਹੀ ਮੈਨੂੰ ਆਪਣੇ ਨਾਲ ਰਖਦਾ ਹੈ।

ਮੈਂ ਇਕ ਦਮ ਮਤਲਬ ਦੀ ਗੱਲ ਸ਼ੁਰੂ ਕੀਤੀ ਤੇ ਕਿਹਾ ਮੈਨੂੰ ਸੰਨਿਆਸ ਕਦੋਂ ਦੇਓਗੇ, ਕਿਉਂਕਿ ਮੈਂ ਵੀ ਸਵਾਮੀ ਹੀ ਬਣ ਜਾਣਾ ਸੀ। ਸਵਾਮੀ ਜੀ ਨੇ ਹੀ ਬਹੁਤ ਪਹਿਲਾਂ ਕਿਹਾ ਸੀ ਕਿ ਤੇਰੇ ਅੰਦਰ ਇਕ ਤਿਆਗੀ ਸੁੱਤਾ ਪਿਆ ਹੈ। ਮੈਂ ਸਵਾਮੀ ਜੀ ਨੂੰ ਦਿੱਕਤ ਦੱਸੀ, ਆਪਣੀ ਚਿੰਤਾ ਦੱਸੀ ਤੇ ਵਾਦ ਵਿਵਾਦ ਜੋ ਥਰੀਸਾ ਨਾਲ ਹੁੰਦਾ ਰਿਹਾ ਉਹ ਸਾਰਾ ਦੱਸਿਆ।

ਸਵਾਮੀ ਜੀ ਨੇ ਮੇਰੀਆਂ ਅੱਖਾਂ ਵਿਚ ਅੱਖਾਂ ਪਾ ਕੇ ਦੇਖਿਆ ਤੇ ਕਿਹਾ, ਇਹ ਇਕ ਦਮ ਤਾਂ ਹੋ ਨਹੀਂ ਸਕਦਾ। ਇਹ ਮਾਰਚ ਤਕ ਨਹੀਂ ਹੋ ਸਕਦਾ। ਮੈਨੂੰ ਕੋਈ ਸ਼ੱਕ ਪਿਆ ਪਰ ਮੇਰਾ ਸ਼ੱਕ ਖਤਮ ਹੋ ਗਿਆ ਜਦੋਂ ਮੈਂ ਦੱਸਿਆ ਕਿ ਮੈਂ ਮਾਰਚ ਵਿਚ ਨਹੀਂ ਆ ਸਕਦਾ ਕਿਉਂਕਿ ਮੈਂ ਲੈਕਚਰਾਂ ਲਈ ਤਰੀਕਾਂ ਦੇ ਚੁੱਕਾ ਹਾਂ ਤੇ ਮੈਂ ਲੰਡਨ ਜਾਣਾ ਹੈ। ਇਕ ਦਮ ਸਵਾਮੀ ਜੀ ਕਹਿਣ ਲੱਗੇ ਤੁਸੀਂ ਹੁਣੇ ਹੀ ਡਾ. ਆਰੀਆ ਕੋਲ ਚਲੇ ਜਾਓ ਤੇ ਤਰੀਕ ਤਹਿ ਕਰ ਲਓ ਤੇ ਸਾਰਾ ਪ੍ਰਬੰਧ ਕਰ ਲਓ।

ਦੂਸਰੇ ਦਿਨ ਅਸੀਂ ਦੁਪਹਿਰ ਦੇ ਖਾਣੇ ਲਈ ਸਵਾਮੀ ਜੀ ਕੋਲ ਪਹੁੰਚੇ, ਅਸੀਂ ਸੋਚਿਆ ਸੀ ਅਸੀਂ ਖ਼ੂਬ ਰੱਜ ਕੇ ਖਾਵਾਂਗੇ। ਅਸੀਂ ਸਵੇਰ ਦਾ ਨਾਸ਼ਤਾ ਕੀਤਾ ਹੀ ਨਹੀਂ ਸੀ ਜਿਵੇਂ ਹੀ ਅਸੀਂ ਖਾਣ ਲਈ ਬੈਠਣ ਲੱਗੇ। ਸਵਾਮੀ ਜੀ ਕਹਿਣ ਲੱਗੇ, ਤੁਸੀਂ ਹੁਣੇ ਹੀ ਮੇਰੇ ਸਾਧਕ ਅਨਿਲ ਨਾਲ ਰਿਸ਼ੀਕੇਸ਼ ਚਲੇ ਜਾਓ ਉਹ ਤੁਹਾਨੂੰ ਡੀ ਲਕਸ ਬੱਸ ਤੇ ਲੈ ਜਾਏਗਾ।

ਮੈਂ ਕਿਹਾ ਸਵਾਮੀ ਜੀ ਕੋਈ ਖਾਸ ਰਸ਼ ਨਹੀਂ ਹੈ। ਅਸੀਂ ਕੱਲ ਸਵੇਰੇ ਚਲੇ ਜਾਵਾਂਗੇ। ਮੈਨੂੰ ਬਹੁਤ ਭੁੱਖ ਲੱਗੀ ਸੀ ਤੇ ਮੈਂ ਖਾਣਾ ਚਾਹੁੰਦਾ ਸੀ।

ਸਵਾਮੀ ਜੀ ਮੇਰੀ ਗੱਲ ਸੁਣਨ ਲਈ ਤਿਆਰ ਨਹੀਂ ਸੀ। ਉਹ ਕਹਿ ਰਹੇ ਸੀ ਹੁਣੇ ਹੀ ਜਾਓ, ਮੈਂ ਬਥੇਰੀ ਕੋਸ਼ਿਸ਼ ਕੀਤੀ ਕਿ ਅਸੀਂ ਸਵੇਰੇ ਚਲੇ ਜਾਵਾਂਗੇ ਪਰ ਨਹੀਂ, ਮੈਨੂੰ ਬਿਲਕੁਲ ਵੀ ਸਮਝ ਨਹੀਂ ਆ ਰਹੀ ਸੀ ਕਿ ਕਿਉਂ ਮੈਨੂੰ ਮਜ਼ਬੂਰ ਕੀਤਾ ਜਾ ਰਿਹਾ ਹੈ, ਮੈਂ ਚੱਲ ਪਿਆ ਪਰ ਮੈਨੂੰ ਚੰਗਾ ਨਹੀਂ ਲੱਗਾ।

ਤੁਹਾਨੂੰ ਅੱਜ ਹੀ ਏਸੇ ਬੱਸ ਤੇ ਹੀ ਰਿਸ਼ੀਕੇਸ਼ ਜਾਣਾ ਹੈ ਸਿਰਫ ਪੰਜ ਘੰਟੇ ਦੀ ਗੱਲ ਹੈ, ਚਲੋ ਚਲੋ ਛੇਤੀ ਕਰੋ। ਸਵਾਮੀ ਜੀ ਕਹਿਣ ਲੱਗੇ।

ਮੈਂ ਥੋੜ੍ਹਾ ਘਬਰਾਇਆ ਸੀ, ਮੈਂ ਚਾਰ ਸੇਬ ਚੁੱਕ ਲਏ। ਥਰੀਸਾ ਨੇ ਪ੍ਰਣਾਮ ਕੀਤਾ, ਅਸੀਂ ਤੁਰ ਪਏ।

ਅਸੀਂ ਟੈਕਸੀ ਲਈ ਤੇ ਬੱਸ ਸਟੈਂਡ ਪਹੁੰਚੇ, ਪਤਾ ਲੱਗਾ ਇਹ ਤਾਂ ਕੋਈ ਠੀਕ ਬੱਸ ਵੀ ਨਹੀਂ ਲਗ ਰਹੀ, ਬਹੁਤ ਹੀ ਗੰਦੀ ਤੇ ਲਗ ਰਿਹਾ ਸੀ ਜਿਵੇਂ ਕੂੜੇ ਦੀ ਭਰੀ

ਹੋਵੇ। ਮੈਂ ਕਿਹਾ ਚਲੋ ਹੋਟਲ ਚਲਦੇ ਹਾਂ ਤੇ ਸਵੇਰੇ ਜਾਵਾਂਗੇ ਸਵਾਮੀ ਜੀ ਨੂੰ ਕਿਹੜਾ ਪਤਾ ਲੱਗਣਾ ਹੈ।

ਪਰ ਮੈਂ ਜਾਣਦਾ ਸੀ ਕਿ ਇਹ ਮੇਰੀ ਭੁੱਖ ਬੋਲ ਰਹੀ ਹੈ। ਮੈਨੂੰ ਪਤਾ ਸੀ ਕਿ ਮੈਂ ਗਲਤ ਕਹਿ ਰਿਹਾ ਹਾਂ ਕਿ ਸਵਾਮੀ ਜੀ ਨੂੰ ਪਤਾ ਨਹੀਂ ਲਗੇਗਾ।

ਥਰੀਸਾ ਤਾਂ ਇਸ ਬਾਰੇ ਵਿਚ ਸੁਣਨਾ ਵੀ ਨਹੀਂ ਸੀ ਚਾਹੁੰਦੀ। ਉਹ ਤਾਂ ਗੁਰੂ ਆਗਿਆ ਵਿਚ ਹੀ ਸਭ ਕੁਝ ਕਰ ਰਹੀ ਸੀ। ਅਸੀਂ ਬਹਿਸ ਰਹੇ ਸੀ। ਅਨਿਲ ਟਿਕਟਾਂ ਦਿਖਾ ਰਿਹਾ ਸੀ ਤੇ ਕਹਿ ਰਿਹਾ ਸੀ ਕਿ ਦੌੜੋ ਲੇਟ ਨਾ ਹੋ ਜਾਇਓ। ਡੀਲਕਸ ਬੱਸ ਕੀ ਸੀ ਇਹ ਮੈਂ ਅਗਲੇ ਪੰਜ ਘੰਟਿਆਂ ਵਿਚ ਚੰਗੀ ਤਰ੍ਹਾਂ ਜਾਣ ਲਿਆ, ਅਸੀਂ ਦੌੜ ਕੇ ਬੱਸ ਪਕੜੀ।

ਬੱਸ ਕਾਫੀ ਗੰਦੀ ਸੀ ਮਿੱਟੀ ਦੀ ਭਰੀ ਹੋਈ, ਹਰ ਤਰ੍ਹਾਂ ਦਾ ਗੰਦ ਬੱਸ ਵਿਚ ਸੀ ਕੋਈ ਲੋਹੇ ਦਾ ਟੁੱਕੜਾ, ਕੋਈ ਪਲਾਸਟਿਕ ਦਾ ਟੁਕੜਾ, ਕੋਈ ਕੁਝ ਕੋਈ ਕੁਝ, ਬੱਚੇ ਹੋਰ ਬੜਾ ਕੁਝ। ਮੈਂ ਤਾਂ ਉਸ ਦਿਨ ਜ਼ਰਾ ਬਹੁਤਾ ਹੀ ਚੰਗੀ ਤਰ੍ਹਾਂ ਤਿਆਰ ਹੋਇਆ ਸੀ। ਮੈਂ ਤਾਂ ਸੋਹਣੀ ਚਿੱਟੀ ਕਮੀਜ਼ ਬਲੇਜ਼ਰ, ਮੇਰੀ ਟਾਈ ਹਲਕੇ ਗਰੇ ਰੰਗ ਦੀ ਪੈਂਟ ਸੋਹਣੇ ਚਮਕਦੇ ਪਾਲਿਸ ਕੀਤੇ ਬੂਟ ਬੱਸ ਦੇ ਲੋਕੀ ਹੈਰਾਨ ਸੀ ਕਿ ਇਹ ਗੋਰੇ ਕਿਉਂ ਇਸ ਟੁੱਟੀ ਬੱਸ ਵਿਚ ਚਲ ਰਹੇ ਹਨ। ਬੱਸ ਨੇ ਆਪਣੀ ਸਪੀਡ ਫੜੀ ਤੇ ਗਾਡੀ ਰਾਹ ਤੇ ਚੱਲ ਪਈ। ਮੇਰੀ ਭੁੱਖ ਹੋਰ ਵਧਦੀ ਗਈ ਤੇ ਮੇਰੇ ਤੇ ਮਿੱਟੀ ਹੋਰ ਪੈਂਦੀ ਗਈ। ਪੰਜ ਘੰਟੇ ਦੀ ਬਜਾਏ ਕਈ ਹੋਰ ਘੰਟੇ ਲੱਗੇ। ਬੱਸ ਜਗ੍ਹਾਂ-ਜਗ੍ਹਾਂ ਤੇ ਰੁਕਦੀ ਰਹੀ ਤੇ ਹੌਲੀ-ਹੌਲੀ ਚਲਦੀ ਰਹੀ। ਬੱਸ ਇਕ ਜਗ੍ਹਾ ਰੁਕੀ, ਥੋੜ੍ਹੀ ਦੇਰ ਨੂੰ ਫੇਰ ਟੁਰ ਪਈ।

ਅੱਧ ਵਿਚ ਪਹੁੰਚ ਕੇ ਬਸ ਬਹੁਤੀ ਦੇਰ ਲਈ ਰੁਕੀ। ਮੈਂ ਕੁਝ ਖਾਣ ਲਈ ਲੈਣ ਗਿਆ। ਥਰੀਸਾ ਨੂੰ ਗਰਮੀ ਵਧ ਲਗ ਰਹੀ ਸੀ। ਭੁੱਖ ਘੱਟ ਸੀ। ਮੇਰੀ ਭੁੱਖ ਨਾਲ ਜਾਨ ਨਿਕਲ ਪਈ ਸੀ। ਮੈਂ ਖਾਣ ਲਈ ਕੁਝ ਲੈਣ ਗਿਆ, ਮੈਂ ਖਾ ਰਿਹਾ ਸੀ। ਮੈਂ ਦੇਖਿਆ ਬੱਸ ਤੁਰ ਪਈ, ਥਰੀਸਾ ਨੇ ਰੌਲਾ ਪਾਇਆ। ਡਰਾਈਵਰ ਨੂੰ ਧਮਕੀਆਂ ਦਿੱਤੀਆਂ ਫੇਰ ਕਿਤੇ ਉਹ ਰੁਕਿਆ। ਮੈਂ ਫੇਰ ਦੌੜ ਕੇ ਬੱਸ ਫੜੀ, ਮੈਂ ਦੇਖਿਆ ਥਰੀਸਾ ਹੱਥ ਹਿਲਾ ਰਹੀ ਸੀ। ਮੈਂ ਖਾਂਦਾ ਖਾਂਦਾ ਦੌੜਿਆ ਮੇਰਾ ਪੇਟ ਖਰਾਬ ਹੋ ਗਿਆ, ਮੈਨੂੰ ਸਵਾਮੀ ਜੀ ਤੇ ਗੁੱਸਾ ਵੀ ਆਇਆ। ਮੈਨੂੰ ਸਵਾਮੀ ਜੀ ਦੇ ਸ਼ਬਦ ਯਾਦ ਆ ਰਹੇ ਸੀ ਕਿ ਇਹ ਹੀ ਤਰੀਕਾ ਹੈ ਅਸੀਂ ਰਿਸ਼ੀਕੇਸ਼ ਪਹੁੰਚੀਏ। ਮੈਂ ਆਪਣੇ ਆਪ ਨੂੰ ਸਮਝਾਇਆ ਇਹ ਇਕ ਭੈੜਾ ਸੁਪਨਾ ਹੈ, ਛੇਤੀ ਹੀ ਖਤਮ ਹੋ ਜਾਏਗਾ। ਇਹ ਕਹਿ ਕੇ ਮੈਂ ਸ਼ਾਂਤ ਹੋ ਗਿਆ।

ਅੱਧੀ ਰਾਤ ਹੁੰਦਿਆਂ ਬੱਸ ਰਿਸ਼ੀਕੇਸ਼ ਪਹੁੰਚੀ। ਅਸੀਂ ਇਕ ਦੂਸਰੇ ਵਲ ਦੇਖ ਕੇ ਹੱਸੇ। ਮੇਰੀ ਕਮੀਜ਼ ਹੁਣ ਤਕ ਗਰੇ ਹੋ ਚੁੱਕੀ ਸੀ, ਮੇਰੇ ਬਲੇਜ਼ਰ ਤੇ ਮਿੱਟੀ ਦੀ ਤਹਿ ਜਮ ਚੁੱਕੀ ਸੀ। ਮੇਰੀ ਟਾਈ ਅਜੇ ਸਾਬਤ ਸੀ ਹਾਂ ਥਰੀਸਾ ਉਸੇ ਤਰ੍ਹਾਂ ਹੀ ਲਗ ਰਹੀ ਸੀ।

ਅਸੀਂ ਉਥੇ ਇਕ ਛੋਟਾ ਜਿਹਾ ਹੋਟਲ ਦੇਖਿਆ। ਉਥੇ ਅਸੀਂ ਚਿਪਸ ਖਾਂਧੇ ਤੇ ਚਾਹ ਪੀਤੀ। ਫੇਰ ਅਸੀਂ ਇਕ ਟੈਕਸੀ ਡਰਾਈਵਰ ਨੂੰ ਉਠਾਇਆ ਤੇ ਕਿਹਾ ਉਹ ਸਾਨੂੰ ਆਸ਼ਰਮ ਲੈ ਜਾਵੇ।

ਡਰਾਈਵਰ ਨੂੰ ਅਸੀਂ ਪੈਸੇ ਦੇ ਕੇ ਭੇਜ ਦਿੱਤਾ ਅਸੀਂ ਅੱਗੇ ਆਸ਼ਰਮ ਦੇ ਗੇਟ ਤੇ ਪਹੁੰਚੇ ਤਾਂ ਦੇਖਿਆ ਗੇਟ ਤੇ ਤਾਲਾ ਲੱਗਾ ਹੋਇਆ ਸੀ। ਚੌਕੀਦਾਰ ਨੇ ਗੇਟ ਖੋਲ੍ਹਣ ਤੋਂ ਮਨਾ ਕਰ ਦਿਤਾ ਤੇ ਕਿਹਾ ਉਸ ਨੂੰ ਕਿਸੇ ਨੇ ਨਹੀਂ ਦੱਸਿਆ ਕਿ ਦੋ ਅਮਰੀਕਨ ਆ ਰਹੇ ਹਨ ਤੇ ਗੇਟ ਖੋਲ੍ਹਣਾ ਹੈ। ਐਨਾ ਕਹਿ ਕੇ ਉਹ ਰਾਈਫਲ ਫੜ ਕੇ ਪਾਸੇ ਹੋ ਬੈਠ ਗਿਆ।

ਮੈਂ ਥਰੀਸਾ ਵਲ ਦੇਖਿਆ। ਉਹ ਮੁਸਕਰਾ ਰਹੀਂ ਸੀ ਏਸ ਵੇਲੇ ਰਾਤ ਦਾ ਸਵਾ ਇਕ ਹੋਇਆ ਸੀ। ਸਾਨੂੰ ਆਪਣਾ ਸਫਰ ਸ਼ੁਰੂ ਕੀਤਿਆਂ ਤੇਰ੍ਹਾਂ ਘੰਟੇ ਹੋ ਚੁੱਕੇ ਸੀ। ਮੈਂ ਇਕ ਵਾਰੀ ਫੇਰ ਚੌਕੀਦਾਰ ਨਾਲ ਗੱਲ ਕਰਨ ਦੀ ਕੋਸ਼ਿਸ਼ ਕੀਤੀ। ਪੰਦਰਾਂ ਮਿੰਟਾਂ ਬਾਅਦ ਜਦੋਂ ਉਸ ਨੇ ਦੇਖਿਆ ਕਿ ਅਸੀਂ ਕਿਤੇ ਨਹੀਂ ਜਾ ਰਹੇ ਉਸ ਨੇ ਗੇਟ ਖੋਲ੍ਹ ਦਿਤਾ।

ਇਹ ਠੀਕ ਸੀ ਕਿ ਆਸ਼ਰਮ ਵਿਚ ਕੋਈ ਖਬਰ ਨਹੀਂ ਸੀ ਕਿ ਅਸੀਂ ਆ ਰਹੇ ਹਾਂ। ਅੰਦਰ ਦੇ ਚੌਕੀਦਾਰ ਨੇ ਚਾਬੀਆਂ ਲਿਆ ਕੇ ਕਮਰਾ ਖੋਲ੍ਹਿਆ। ਮੇਰੇ ਮਨ ਵਿਚ ਇਕ ਹੀ ਵਿਚਾਰ ਮੁੜ ਮੁੜ ਕੇ ਆ ਰਿਹਾ ਸੀ, ਅਸੀਂ ਇਥੇ ਆਏ ਕਿਉਂ ਹਾਂ।

ਦੂਸਰੇ ਦਿਨ ਡਾ. ਆਰੀਆ ਤੇ ਸ੍ਰੀ ਮਤੀ ਆਰੀਆ ਨੇ ਸਾਨੂੰ ਆਪਣੇ ਘਰ ਰੋਟੀ ਤੇ ਬੁਲਾਇਆ ਤੇ ਨਾਲ ਹੀ ਮੈਨੂੰ ਤਿਆਗ ਦੀ ਰਸਮ ਲਈ ਤਿਆਰ ਕੀਤਾ। ਡਾ. ਆਰੀਆ ਵੀ ਬੜੀ ਦੇਰ ਤੋਂ ਸੰਨਿਆਸ, ਹੀ ਲੈਣਾ ਚਾਹੁੰਦੇ ਸੀ। ਮੈਂ ਆਪਣੇ ਮਰਨ ਦੀ ਰਸਮ ਆਪ ਹੀ ਕਰਨੀ ਸੀ। ਡਾ. ਆਰੀਆ ਨੇ ਮੈਨੂੰ ਸਭ ਕੁਝ ਦੇ ਦਿਤਾ, ਭਗਵੇਂ ਕਪੜੇ, ਸੰਸਕ੍ਰਿਤ ਦੇ ਸਲੋਕਾਂ ਦਾ ਅੰਗ੍ਰੇਜ਼ੀ ਵਿਚ ਉਲਥਾ, ਅਸੀਂ ਥੋੜ੍ਹਾ ਆਰਾਮ ਕੀਤਾ ਤੇ ਬਹੁਤ ਅੱਛਾ ਖਾਣਾ ਖਾਇਆ, ਦੋ ਦਿਨ ਅਸੀਂ ਓਥੇ ਰਹੇ ਤੇ ਫੇਰ ਆਸ਼ਰਮ ਆ

ਗਏ।

ਮੈਂ ਕੋਸ਼ਿਸ਼ ਕੀਤੀ ਕਿ ਜੇ ਅਮਰੀਕਾ ਦੇ ਟਿਕਟਾਂ ਦੇ ਪੈਸੇ ਵਾਪਸ ਮਿਲ ਜਾਣ ਤੇ ਜਾਪਾਨ ਵੀ ਟੈਲੀਫੋਨ ਕਰਕੇ ਉਨ੍ਹਾਂ ਨੂੰ ਹਵਾਈ ਅੱਡੇ ਤੋਂ ਸਾਮਾਨ ਚੁਕਣ ਲਈ ਕਹਿਣਾ ਸੀ। ਟੈਲੀਫੋਨ ਜਾ ਨਹੀਂ ਸੀ ਰਿਹਾ ਮੈਂ ਫੈਕਸ ਕਰਨ ਦੀ ਕੋਸ਼ਿਸ਼ ਕੀਤਾ। ਅਸੀਂ ਸਵਾਮੀ ਜੀ ਨੂੰ ਇਨ੍ਹਾਂ ਗੱਲਾਂ ਦਾ ਸੁਨੇਹਾ ਭੇਜ ਦਿਤਾ। ਮੈਂ ਐਨੀ ਦੇਰ ਵਿਚ ਡਾਕਟਰ ਨੂੰ ਦਿਖਾਇਆ। ਉਸ ਨੇ ਦੱਸਿਆ ਕਿ ਮੈਨੂੰ ਕੋਈ ਬਿਮਾਰੀ ਹੋ ਗਈ ਹੈ ਮੈਨੂੰ ਠੀਕ ਹੋਣ ਲਈ ਮਹੀਨਾ ਚਾਹੀਦਾ ਹੈ। ਉਸ ਰਾਤ ਮੈਨੂੰ ਨਵੀਂ ਦਿੱਲੀ ਦਾ ਟੈਲੀਫੋਨ ਮਿਲ ਗਿਆ ਸੀ। ਮੈਨੂੰ ਇਸ ਤਰ੍ਹਾਂ ਲੱਗਾ ਜਿਵੇਂ ਕੁਝ ਹੋਇਆ ਹੀ ਨਹੀਂ, ਉਨ੍ਹਾਂ ਨੇ ਸਾਡੇ ਨਵੇਂ ਟਿਕਟ ਦੇ ਦਿਤੇ। ਜਦੋਂ ਮੈਂ ਹੁਣ ਸਭ ਕੁਝ ਕੀਤਾ ਇਕ ਦਮ ਹੋ ਗਿਆ ਜਿਵੇਂ ਕੋਈ ਗੱਲ ਹੀ ਨਹੀਂ।

ਜਦੋਂ ਇਹ ਸਭ ਕੁਝ ਖਤਮ ਹੋ ਗਿਆ, ਇਹ ਗੱਲਾਂ ਹੋ ਗਈਆਂ, ਫੇਰ ਸਵਾਮੀ ਜੀ ਦਾ ਟੈਲੀਫੋਨ ਆਇਆ ਕਿ ਤੁਸੀਂ ਹੁਣ ਥੋੜ੍ਹੀ ਦੇਰ ਆਰਾਮ ਕਰੋ। ਇਹ ਇਕ ਬਹੁਤ ਹੀ ਲੋੜੀਂਦਾ ਫੈਸਲਾ ਸੀ। ਅਸੀਂ ਦੋਨੋਂ ਇਹ ਫੈਸਲੇ ਤੋਂ ਬਹੁਤ ਹੀ ਖੁਸ਼ ਹੋਏ। ਉਸ ਸਮੇਂ ਸਾਰਾ ਆਸ਼ਰਮ ਖਾਲੀ ਸੀ, ਕੇਵਲ ਕੰਮ ਕਰਨ ਵਾਲੇ ਸੀ ਤੇ ਅਸੀਂ ਸੀ, ਮੌਸਮ ਬਹੁਤ ਹੀ ਸੋਹਣਾ ਸੀ ਤੇ ਦਿਨ ਬੜੇ ਹੀ ਸੋਹਣੇ ਤੇ ਲੰਮੇ ਸੀ।

ਸਾਡੇ ਕੋਲ ਕਪੜਿਆਂ ਦਾ ਕੇਵਲ ਇਕ ਇਕ ਹੀ ਜੋੜਾ ਸੀ। ਅਸੀਂ ਕੋਈ ਰਹਿਣ ਦੀ ਤਿਆਰੀ ਕਰਕੇ ਤਾਂ ਆਏ ਨਹੀਂ ਸੀ, ਸਾਨੂੰ ਰਿਸ਼ੀਕੇਸ਼ ਤੋਂ ਹੀ ਕਪੜੇ ਖਰੀਦਣੇ ਪਏ। ਥਰੀਸਾ ਨੇ ਸਾੜੀ ਤੇ ਸੂਟ ਖਰੀਦੇ। ਮੈਂ ਪਜਾਮਾ ਕੁਰਤਾ ਖਰੀਦਿਆ। ਅਸੀਂ ਅਸ਼ੋਕ ਨੂੰ ਮਿਲੇ। ਉਹ ਸ਼ਿਵਨਾਥ ਦਾ ਮਿੱਤਰ ਰਹਿ ਚੁੱਕਾ ਸੀ ਜੋ ਕਿ ਸਵਾਮੀ ਜੀ ਦਾ ਸ਼ਿਸ਼ ਸੀ। ਉਹ ਸਾਨੂੰ ਮੰਦਰਾਂ ਵਿਚ ਲੈ ਕੇ ਗਿਆ। ਆਸੇ ਪਾਸੇ ਦੇ ਖੇਤਾਂ ਵਿਚ ਦੇਖਿਆ। ਇਕ ਦਿਨ ਅਸ਼ੋਕ ਨੇ ਖੇਤਾਂ ਵਿਚ ਇਕ ਝੌਂਪੜੀ ਦੇਖੀ ਜਿਵੇਂ ਹੀ ਅਸੀਂ ਖੇਤਾਂ ਵਿਚੋਂ ਲੰਘ ਕੇ ਗਏ ਤਾਂ ਦੇਖਿਆ ਉਹ ਪੁਰਾਤਨ ਸ਼ਿਵ ਮੰਦਰ ਸੀ। ਇਹ ਉਹ ਸਥਾਨ ਸੀ ਜਿਥੇ ਮੰਨੂੰ ਨੇ ਲੱਖਾਂ ਵਿਚ ਮਹਾਂ ਮਿਰਤਿੰਜੇ ਦਾ ਜਾਪ ਕੀਤਾ ਸੀ ਇਹ ਸਦੀਆਂ ਪੁਰਾਣਾ ਮੰਦਰ ਸੀ।

ਅਸ਼ੋਕ ਨੇ ਦੱਸਿਆ ਕਿ ਕੁਝ ਮਹੀਨੇ ਪਹਿਲਾਂ ਉਹ ਮੋਟਰ ਸਾਈਕਲ ਤੇ ਘੁੰਮ ਰਿਹਾ ਸੀ। ਉਹ ਸੜਕ ਦੇ ਕੰਡੇ ਕੰਡੇ ਜਾ ਰਿਹਾ ਸੀ। ਉਸ ਨੇ ਉਚੇ-ਉਚੇ ਘਾਹ ਦੇ ਵਿਚੋਂ ਸੰਗਮਰਮਰ ਦਾ ਇਕ ਟੁਕੜਾ ਦੇਖਿਆ। ਉਹ ਕੋਈ ਚਾਰ ਫੁੱਟ ਧਰਤੀ ਤੋਂ ਉਪਰ ਦਿਖ ਰਿਹਾ ਸੀ। ਅਸ਼ੋਕ ਮੁੜ ਕੇ ਗਿਆ ਉਸ ਨੇ ਉਹ ਸਥਾਨ ਦੇਖਿਆ, ਕਾਫੀ ਘਾਹ ਕਟਣ ਤੋਂ ਬਾਅਦ ਕਾਫੀ ਝਾੜੀਆਂ ਤੇ ਦਰਖਤ ਕੱਟਣ ਤੋਂ ਬਾਅਦ ਉਨ੍ਹਾਂ ਨੂੰ ਇਹ ਮੰਦਰ ਲੱਭਿਆ ਸੀ। ਉਹ ਕਿਸਾਨ ਦੱਸਣ ਲੱਗਾ ਕਿ ਉਸ ਦੇ ਪਿਤਾ ਨੇ ਕੁਝ ਦੱਸਿਆ ਸੀ ਪਰ ਉਸ ਨੇ ਯਾਦ ਰੱਖਣਾ ਕੋਈ ਜ਼ਰੂਰੀ ਨਹੀਂ ਸੀ ਸਮਝਿਆ। ਅਸ਼ੋਕ ਤੇ ਉਸ ਦੇ ਸਾਥੀਆਂ ਨੇ ਥਾਂ ਨੂੰ ਚੰਗੀ ਤਰ੍ਹਾਂ ਸਾਫ ਕੀਤਾ। ਸਫੇਦੀ ਕੀਤੀ ਸਾਰੀ ਥਾਂ ਦੁੱਧ ਨਾਲ ਧੋਤੀ, ਥਰੀਸਾ ਤੇ ਮੈਂ ਅਸੀਂ ਰੋਜ਼ ਉਥੇ ਜਾਣਾ ਸ਼ੁਰੂ ਕਰ ਦਿਤਾ। ਅਸੀਂ ਜੰਗਲੀ ਫੁੱਲ ਉਥੇ ਚੜ੍ਹਾਉਂਦੇ ਤੇ ਉਥੇ ਬੈਠ ਕੇ ਮੈਡੀਟੇਸ਼ਨ ਕਰਦੇ ਇਹ ਜਗ੍ਹਾ ਕਣਕ ਦੇ ਖੇਤਾਂ ਦੇ ਵਿਚ ਸੀ।

ਰੋਜ਼ ਅਸੀਂ ਗੰਗਾ ਦੇ ਕਿਨਾਰੇ ਟੁਰਦੇ ਤੇ ਮੰਦਰ ਨੂੰ ਮੁੜ ਜਾਂਦੇ। ਓਥੋਂ ਛੋਟੀ ਜਿਹੀ ਨਦੀ ਟਪ ਕੇ ਖੇਤਾਂ ਵਿਚੋਂ ਹੋ ਕੇ ਮੰਦਰ ਪਹੁੰਚ ਜਾਂਦੇ। ਰਸਤੇ ਵਿਚ ਸਾਨੂੰ ਬੀਬੀਆਂ ਵੀ ਮਿਲਦੀਆਂ। ਕਦੀ-ਕਦੀ ਅਸੀਂ ਨਾਰੀਅਲ, ਸ਼ੱਕਰ ਤੇ ਫੁਲੀਆਂ ਵੀ ਮੰਦਰ ਲੈ ਜਾਂਦੇ। ਪੰਡਤ ਭੇਟਾ ਲੈ ਕੇ ਸਾਡੇ ਮੱਥਿਆਂ ਤੇ ਤਿਲਕ ਲਗਾ ਦਿੰਦਾ ਤੇ ਪ੍ਰਸ਼ਾਦ ਦੇ ਦਿੰਦਾ।

ਇਕ ਹਫਤੇ ਤੋਂ ਬਾਅਦ ਪਿੰਡ ਵਾਲੇ ਸਾਨੂੰ ਉਡੀਕਣ ਲਗ ਪਏ, ਉਹ ਰਸਤੇ ਵਿਚ ਸਾਨੂੰ ਦੇਖ ਕੇ ਮੁਸਕਰਾਉਂਦੇ। ਕੋਈ ਹੱਥ ਜੋੜਦੇ, ਕੋਈ ਸਾਡੇ ਭਾਰਤੀ ਕਪੜੇ ਦੇਖ ਕੇ ਬੜੇ ਖੁਸ਼ ਹੁੰਦੇ ਤੇ ਹੈਰਾਨ ਵੀ ਹੁੰਦੇ। ਇਕ ਦਿਨ ਅਸੀਂ ਇਕ ਸਪੇਰਾ ਵੀ ਦੇਖਿਆ। ਜਦੋਂ ਉਸ ਨੇ ਸਾਨੂੰ ਦੇਖਿਆ ਅਸੀਂ ਉਸ ਦਾ ਪਿੱਛਾ ਕਰ ਰਹੇ ਹਾਂ ਉਸ ਨੇ ਇਕ ਦਮ ਸੱਪ ਨੂੰ ਪਟਾਰੀ ਵਿਚ ਬੰਦ ਕਰ ਲਿਆ। ਸੱਪ ਗਰਮੀ ਵਿਚ ਬੇਹਾਲ ਲਗ ਰਿਹਾ ਸੀ। ਜਦੋਂ ਸਪੇਰੇ ਨੇ ਉਸ ਨੂੰ ਮੁੜ ਕੇ ਕੱਢਿਆ। ਸੱਪ ਉਸ ਦੀ ਬੀਨ ਸੁਣ ਕੇ ਆਪਣਾ ਫਨ ਕੱਢ ਰਿਹਾ ਸੀ। ਅਸੀਂ ਉਸ ਦੀ ਟੋਕਰੀ ਵਿਚ ਪੈਸੇ ਪਾਏ ਤੇ ਅੱਗੇ ਚਲੇ ਗਏ। ਅੱਗੇ ਗਾਂ ਬਛੜੇ ਨੂੰ ਦੁੱਧ ਪਿਲਾ ਰਹੀ ਸੀ। ਅੱਗੇ ਗਏ ਤਾਂ ਸੂਰ ਉਛਲ ਕੁਦ ਕਰ ਰਹੇ ਸੀ। ਪਿੰਡਾਂ ਦੀਆਂ ਝੌਂਪੜੀਆਂ ਤੇ ਸੋਹਣੇ ਫੁੱਲਾਂ ਦੀਆਂ ਬੇਲਾਂ ਚੜ੍ਹੀਆਂ ਹੋਈਆਂ ਸੀ ਤੇ ਸੱਚਮੁੱਚ ਹੀ ਇਸ ਤਰ੍ਹਾਂ ਲਗ ਰਿਹਾ ਸੀ ਜਿਵੇਂ ਇਥੇ ਰੱਬ ਵਸਦਾ ਹੋਵੇ।

ਇਕ ਦਿਨ ਸ਼ਾਮ ਨੂੰ ਸਵਾਮੀ ਜੀ ਦਾ ਦਿੱਲੀ ਤੋਂ ਟੈਲੀਫੋਨ ਆਇਆ ਤੇ ਸਾਨੂੰ ਆਦੇਸ਼ ਹੋਇਆ ਕਿ ਅਸੀਂ ਮਸੂਰੀ ਦੇ ਇਕ ਉਘੇ ਸਕੂਲ ਵਿਚ ਜਾਈਏ ਤੇ ਪਤਾ ਕਰੀਏ ਕਿਉਂਕਿ ਨੈਪਾਲ ਦੀ ਰਾਜਸੀ ਘਰਾਣੇ ਦੀ ਕੋਈ ਬੀਬਾ ਉਥੇ ਦਾਖਲ ਕਰਾਉਣਾ ਚਾਹੁੰਦੇ ਸੀ। ਉਹ ਸਵਾਮੀ ਜੀ ਤੋਂ ਪੁੱਛ ਰਹੇ ਸੀ। ਅਸੀਂ ਤਾਂ ਸਵਾਮੀ ਜੀ ਦੇ ਹੁਕਮ ਦਾ ਪਾਲਣ ਕਰਨ ਲਈ ਤਿਆਰ ਹੀ ਰਹਿੰਦੇ ਸੀ। ਉਹ

ਬੰਦਾ ਸਾਨੂੰ ਨੇਪਾਲ ਮਿਲਿਆ ਵੀ ਸੀ, ਵੈਸੇ ਵੀ ਮਸੂਰੀ ਸੋਹਣੀ ਥਾਂ ਹੈ, ਮੈਨੂੰ ਚੰਗੀ ਤਰ੍ਹਾਂ ਯਾਦ ਹੈ ਜਦੋਂ ਮੈਂ ਸਵਾਮੀ ਜੀ ਨਾਲ ਆਇਆ ਸੀ ਤੇ ਹਰ ਥਾਂ ਦੇਖੀ ਸੀ ਜਿਥੇ ਸਵਾਮੀ ਜੀ ਰਹੇ ਸੀ, ਤਪੱਸਿਆ ਕੀਤੀ ਸੀ। ਸਕੂਲ ਦੇ ਅਧਿਆਪਕ ਤੇ ਕਰਮਚਾਰੀ ਬਹੁਤ ਹੀ ਸੁਚੱਜੇ ਤੇ ਆਓ ਭਗਤ ਕਰਨ ਵਾਲੇ ਸੀ, ਉਨ੍ਹਾਂ ਨੇ ਸਾਨੂੰ ਸਾਰਾ ਸਕੂਲ ਦਿਖਾਇਆ ਤੇ ਕਿਹਾ ਕਿ ਉਹ ਬੀਬਾ ਦੀ ਅਰਜ਼ੀ ਨੂੰ ਜ਼ਰੂਰ ਧਿਆਨ ਨਾਲ ਦੇਖਣਗੇ। ਥੋੜ੍ਹੇ ਦਿਨਾਂ ਬਾਅਦ ਪੜ੍ਹਾਈ ਸ਼ੁਰੂ ਹੋ ਜਾਣੀ ਸੀ।

ਸਵਾਮੀ ਜੀ ਨੇ ਥਰੀਸਾ ਨਾਲ ਗੱਲ ਕਰਨ ਲਈ ਟੈਲੀਫੋਨ ਕੀਤਾ। ਮੇਰੇ ਨਾਲ ਵੀ ਗੱਲ ਕੀਤੀ ਤੇ ਕਹਿਣ ਲੱਗੇ ਜੇ ਤੇਰੇ ਕੋਲ ਸਮਾਂ ਹੈ ਤੇ ਪੁਰਾਣੇ ਸ਼ਿਵ ਮੰਦਰ ਜ਼ਰੂਰ ਜਾਈਂ। ਸਵਾਮੀ ਜੀ ਇਹ ਆਦੇਸ਼ ਦੇ ਰਹੇ ਸੀ। ਮੈਂ ਦੇਖਿਆ ਥਰੀਸਾ ਆਸ਼ਰਮ ਦੇ ਬਾਗ ਵਿਚ ਕੰਮ ਕਰ ਰਹੀ ਸੀ। ਮੈਂ ਗੰਗਾ ਦੇ ਕਿਨਾਰੇ ਚਲਾ ਗਿਆ, ਮੈਂ ਸੋਚ ਰਿਹਾ ਸੀ ਸਵਾਮੀ ਜੀ ਦੇ ਆਦੇਸ਼ ਦਾ ਕੀ ਮੰਤਵ ਹੈ। ਮੇਰੇ ਲਈ ਕੀ ਉਡੀਕ ਰਿਹਾ ਹੈ। ਮੈਂ ਪੌੜੀਆਂ ਤਕ ਗਿਆ ਉਥੇ ਜਾ ਕੇ ਖੜ੍ਹਾ ਹੋ ਗਿਆ ਪਰ ਥੋੜ੍ਹੀ ਦੇਰ ਬਾਅਦ ਮੈਂ ਮਹਿਸੂਸ ਕੀਤਾ ਕਿ ਇਹ ਉਹ ਮੰਦਰ ਨਹੀਂ ਹੈ ਜਿਸ ਬਾਰੇ ਸਵਾਮੀ ਜੀ ਕਹਿ ਰਹੇ ਹਨ। ਇਕ ਬਜ਼ੁਰਗ ਮੇਰੇ ਕੋਲ ਆਏ ਤੇ ਪੁੱਛਣ ਲੱਗੇ ਕੀ ਮੈਨੂੰ ਕੋਈ ਮਦਦ ਚਾਹੀਦੀ ਹੈ? ਮੈਂ ਉਨ੍ਹਾਂ ਨੂੰ ਪੁਛਿਆ ਏਥੇ ਕੋਈ ਪੁਰਾਣੇ ਮੰਦਰ ਹਨ ਉਹ ਦੱਸਣ ਲੱਗੇ ਕਿ ਕੋਈ ਇਕ ਸੌ ਮੀਟਰ ਦੀ ਦੂਰੀ ਤੇ ਪਿੰਡ ਦੇ ਆਸ ਪਾਸ ਕਈ ਪੁਰਾਣੇ ਮੰਦਰ ਹਨ। ਮੈਂ ਸਮਝ ਗਿਆ ਕਿ ਉਨ੍ਹਾਂ ਵਿਚੋਂ ਹੀ ਇਕ ਹੋਵੇਗਾ। ਮੈਂ ਖੱਬੇ ਮੁੜ ਕੇ ਤੁਰ ਪਿਆ, ਥੋੜ੍ਹੀ ਦੂਰ ਹੀ ਗਿਆ ਸੀ। ਮੈਂ ਦੇਖਿਆ ਮੇਰੇ ਪੈਰ ਦੇ ਨਾਲ ਕੁਝ ਲਗਿਆ ਹੈ ਮੈਨੂੰ ਲੱਗਾ ਕੋਈ ਗੇਂਦ ਜਿਹਾ ਹੈ ਪਰ ਜਦੋਂ ਮੈਂ ਧਿਆਨ ਨਾਲ ਦੇਖਿਆ, ਉਹ ਧਰਤੀ ਤੋਂ ਉਚੀ ਇਕ ਕੰਧ ਸੀ। ਮੈਂ ਥੋੜ੍ਹਾ ਜਿਹਾ ਅੱਗੇ ਦੇਖਿਆ, ਮੈਨੂੰ ਇਸ ਤਰ੍ਹਾਂ ਲੱਗਾ ਜਿਵੇਂ ਤਿੰਨ ਵੱਖ-ਵੱਖ ਕਮਰੇ ਹੋਣ, ਮੈਂ ਅਜੇ ਓਧਰ ਜਾ ਹੀ ਰਿਹਾ ਸੀ ਕਿ ਮੈਨੂੰ ਇਕ ਪੁਰਾਣਾ ਸ਼ਿਵ ਲਿੰਗ ਨਜ਼ਰ ਆਇਆ। ਸ਼ਿਵ ਲਿੰਗ ਦਾ ਪੱਥਰ ਧਰਤੀ ਤੋਂ ਬਾਹਰ ਨਿਕਲਿਆ ਹੋਇਆ ਸੀ। ਮੈਂ ਦੇਖ ਕੇ ਬਹੁਤ ਹੀ ਸ਼ਾਂਤ ਹੋਇਆ ਤੇ ਇਕ ਦਮ ਧਿਆਨ ਵਿਚ ਚਲਾ ਗਿਆ। ਮੈਨੂੰ ਕੋਈ ਚਿੰਤਾ ਨਹੀਂ ਰਹੀ, ਮੈਨੂੰ ਆਪਣੀ ਚੇਤਨਤਾ ਦਾ ਵਿਸਤਾਰ ਤੇ ਵਿਕਾਸ ਹੁੰਦਾ ਮਹਿਸੂਸ ਹੋਇਆ।

ਮੈਂ ਜਿਵੇਂ ਕੀਲਿਆ ਗਿਆ ਹੋਵਾਂ, ਮੇਰਾ ਉਥੋਂ ਹਿੱਲਣ ਨੂੰ ਜੀਅ ਨਹੀਂ ਸੀ ਕਰਦਾ, ਹੌਲੀ ਹੌਲੀ ਮੈਨੂੰ ਆਵਾਜ਼ਾਂ ਸੁਣਨ ਲਗ ਪਈਆਂ। ਇਸ ਤਰ੍ਹਾਂ ਲਗ ਰਿਹਾ ਸੀ ਕਿ ਦੂਰੋਂ ਕੋਈ ਆਵਾਜ਼ਾਂ ਆ ਰਹੀਆਂ ਹੋਣ। ਪਿੰਡ ਦੀਆਂ ਬੀਬੀਆਂ ਦੂਰੋਂ ਆ ਰਹੀਆਂ ਸੀ। ਮੇਰੇ ਅੰਦਰ ਇਕ ਖਿਚੋਤਾਣ ਸ਼ੁਰੂ ਹੋ ਗਈ। ਮੈਂ ਚਾਹੁੰਦਾ ਸੀ ਕਿ ਮੈਂ ਮੈਡੀਟੇਸ਼ਨ ਕਰਾਂ ਪਰ ਮੈਂ ਇਹ ਵੀ ਨਹੀਂ ਸੀ ਚਾਹੁੰਦਾ ਕਿ ਮੈਂ ਲੋਕਾਂ ਦਾ ਧਿਆਨ ਆਪਣੇ ਵਲ ਖਿੱਚਾਂ, ਉਹ ਮੈਨੂੰ ਦੇਖਣ। ਬੜੀ ਹੀ ਕੋਸ਼ਿਸ਼ ਕਰਕੇ ਮੈਂ ਆਪਣੇ ਆਪ ਨੂੰ ਮੈਡੀਟੇਸ਼ਨ ਵਿਚੋਂ ਕੱਢਿਆ ਤੇ ਮੈਂ ਰਸਤੇ ਤੇ ਤੁਰਨ ਲਗ ਪਿਆ ਤਾਂ ਜੋ ਮੈਂ ਆਸ਼ਰਮ ਪਹੁੰਚ ਜਾਵਾਂ, ਜਿਹੜੀ ਸ਼ਾਂਤੀ ਮੈਨੂੰ ਮੰਦਰ ਤੇ ਮੈਡੀਟੇਸ਼ਨ ਕਰਕੇ ਪ੍ਰਾਪਤ ਹੋਈ ਸੀ ਉਹ ਮੇਰੇ ਅੰਦਰ ਹੀ ਰਹੀ, ਫੇਰ ਉਹ ਇਕ ਯਾਦ ਬਣ ਗਈ। ਮੈਂ ਜਾਂਦਿਆਂ ਹੀ ਸਵਾਮੀ ਜੀ ਨੂੰ ਟੈਲੀਫੋਨ ਕੀਤਾ ਤੇ ਜੋ ਜੋ ਕੁਝ ਹੋਇਆ ਉਹ ਦੱਸਿਆ।

ਜਸਟਿਨ ਤੂੰ ਪਿਛਲੇ ਜਨਮ ਵਿਚ ਏਸ ਮੰਦਰ ਵਿਚ ਬੈਠ ਕੇ ਸਾਧਨਾ ਕੀਤੀ ਹੈ। ਇਕ ਹਫਤਾ ਬੜੀ ਛੇਤੀ ਹੀ ਨਿਕਲ ਗਿਆ। ਮੇਰੇ ਸੰਨਿਆਸ ਲੈਣ ਦੀ ਰਸਮ ਨੂੰ ਕੇਵਲ ਇਕ ਦਿਨ ਰਹਿ ਗਿਆ ਸੀ। ਉਥੋਂ ਦਾ ਹੀ ਪੰਡਤ ਸੀ ਜਿਸ ਨੂੰ ਸੱਦਿਆ ਗਿਆ ਸੀ। ਉਸ ਨੇ ਹੀ ਸਾਰੀ ਰਸਮ ਵਿਧੀਪੂਰਵਕ ਗੰਗਾ ਦੇ ਕੰਢੇ ਕਰਵਾਉਣੀ ਸੀ। ਸਵਾਮੀ ਜੀ ਦਿੱਲੀ ਤੋਂ ਖਾਸ ਇਸ ਰਸਮ ਨੂੰ ਸੰਪੂਰਣ ਕਰਨ ਲਈ ਹੀ ਪਹੁੰਚੇ ਸੀ। ਜਿਹੜੇ ਜਿਥੇ ਅਮਰੀਕਾ ਤੋਂ ਆਏ ਹੋਏ ਸੀ। ਉਹ ਸਾਰੇ ਤੀਰਥ ਯਾਤਰਾ ਤੇ ਗਏ ਹੋਏ ਸੀ। ਉਹ ਵੀ ਸਾਰੇ ਵਾਪਸ ਪਹੁੰਚ ਗਏ ਸੀ। ਸਾਰਾ ਆਸ਼ਰਮ ਰੌਣਕ ਭਰਪੂਰ ਹੋ ਗਿਆ ਸੀ। ਆਸ਼ਰਮ ਦੇ ਨਾਲ ਲਗਦਾ ਹੀ ਇਕ ਹੋਟਲ ਸੀ। ਕੁਝ ਸੱਜਣਾਂ ਨੂੰ ਓਥੇ ਠਹਿਰਾਇਆ ਗਿਆ ਸੀ। ਸਾਰਿਆਂ ਲਈ ਇਹ ਬਹੁਤ ਹੀ ਅਚੰਭੇ ਦੀ ਗੱਲ ਸੀ ਕਿ ਜਸਟਿਨ ਸੰਨਿਆਸ ਲੈ ਰਹੇ ਹਨ ਤੇ ਸਵਾਮੀ ਬਣਨ ਜਾ ਰਹੇ ਹਨ। ਉਸ ਜਥੇ ਵਿਚ ਮੇਰਾ ਦੋਸਤ ਮਾਇਕ ਵੀ ਸੀ। ਮਾਇਕ ਮੈਨੂੰ ਕਹਿਣ ਲੱਗਾ ਚਲੋ, ਗੰਗਾ ਦੇ ਕੰਢੇ ਸੈਰ ਕਰਨ ਚੱਲੀਏ। ਉਹ ਮੈਨੂੰ ਪੁੱਛਣ ਲੱਗਾ ਕਿ ਇਹ ਅਫਵਾਹ ਸੱਚ ਹੈ ਕਿ ਮੈਂ ਸੰਨਿਆਸ ਲੈ ਰਿਹਾ ਹਾਂ ਤੇ ਥਰੀਸਾ ਨੇ ਮੈਨੂੰ ਘਰੋਂ ਕੱਢ ਦਿਤਾ ਹੈ।

ਮਾਇਕ ਤੂੰ ਮੈਨੂੰ ਵੀ ਭਲੀ ਭਾਂਤੀ ਜਾਣਦਾ ਹੈਂ ਤੇ ਥਰੀਸਾ ਨੂੰ ਵੀ ਤੂੰ ਮੇਰੇ ਵਲ ਦੇਖ ਕੇ ਦੱਸ ਕੀ ਮੈਂ ਤੈਨੂੰ ਘਰੋਂ ਕੱਢਿਆ ਹੋਇਆ ਲਗਦਾ ਹਾਂ। ਮੈਂ ਉਸ ਨੂੰ ਦੱਸਿਆ ਕਿ ਸੰਨਿਆਸ ਲੈਣਾ ਮੇਰਾ ਨਿਜੀ ਫੈਸਲਾ ਹੈ। ਥਰੀਸਾ ਨੇ ਉਸ ਨੂੰ ਸਿਰ ਮੱਥੇ ਤੇ ਪਰਵਾਨ ਕੀਤਾ ਹੈ। ਇਸ ਤਰ੍ਹਾਂ ਕਰਨ ਨਾਲ ਮੇਰਾ ਪਿਆਰ ਜੋ ਥਰੀਸਾ ਲਈ ਹੈ। ਉਸ ਵਿਚ ਕੋਈ ਅੰਤਰ ਨਹੀਂ ਆਇਆ, ਕੇਵਲ ਮੇਰਾ ਵਿਆਹੁਤਾ ਜੀਵਨ ਬਦਲਿਆ ਹੈ। ਸਾਡੀ ਇਹ ਸਲਾਹ ਹੈ ਕਿ ਅਸੀਂ ਇਕੋ ਹੀ ਬਿਲਡਿੰਗ ਵਿਚ ਵੱਖ-ਵੱਖ ਕਮਰੇ

ਲੈ ਕੇ ਰਹਾਂਗੇ ਤੇ ਇਕੱਠੇ ਹੀ ਕੰਮ ਕਰ ਰਹੇ ਹਾਂ ਜਿਵੇਂ ਕਿ ਅਸੀਂ ਕਰਦੇ ਆਏ ਹਾਂ।

ਜਦੋਂ ਅਸੀਂ ਆਸ਼ਰਮ ਵਾਪਸ ਪਹੁੰਚੇ ਥਰੀਸਾ ਕਾਫੀ ਪਰੇਸ਼ਾਨ ਸੀ। ਜਥੇ ਦੇ ਸੱਜਣਾਂ ਨੇ ਵੱਖ-ਵੱਖ ਸਵਾਲ ਪੁੱਛ ਕੇ ਉਸ ਨੂੰ ਕਾਫੀ ਪਰੇਸ਼ਾਨ ਕਰ ਦਿਤਾ ਸੀ ਹਰ ਤਰ੍ਹਾਂ ਦੀਆਂ ਅਫਵਾਹਾਂ ਉਸ ਨੂੰ ਆ ਕੇ ਦੱਸੀਆਂ ਤੇ ਉਸ ਕੋਲੋਂ ਬਹੁਤ ਸਾਰੇ ਪ੍ਰਸ਼ਨ ਉਹ ਪੁੱਛ ਰਹੇ ਸੀ। ਇਕ ਗੱਲ ਬੜੀ ਚੰਗੀ ਹੋਈ ਕਿ ਸ਼ਾਮ ਪੈ ਚੁੱਕੀ ਤੇ ਚੁੱਪ ਰਹਿਣ ਦਾ ਸਮਾਂ ਆ ਚੁੱਕਾ ਸੀ ਉਸ ਨਾਲ ਸਾਨੂੰ ਬਹੁਤ ਹੀ ਆਰਾਮ, ਬਹੁਤ ਹੀ ਸ਼ਾਂਤੀ ਮਿਲੀ।

ਅਗਲੀ ਸਵੇਰ ਸਵਾਮੀ ਜੀ ਨੇ ਸਾਨੂੰ ਆਪਣੇ ਕਮਰੇ ਵਿਚ ਬੁਲਾਇਆ, ਉਨ੍ਹਾਂ ਨੇ ਸਾਡੇ ਨਾਲ ਗੱਲਾਂਬਾਤਾਂ ਸ਼ੁਰੂ ਕੀਤੀਆਂ। ਪੁੱਛਣ ਲੱਗੀ, "ਤੁਹਾਡੀ ਛੁੱਟੀ ਤੁਹਾਡਾ ਇਕਾਂਤ ਕਿਸ ਤਰ੍ਹਾਂ ਰਿਹਾ? ਤੁਸੀਂ ਕੀ ਕੀਤਾ, ਸੰਨਿਆਸ ਦੀ ਰਸਮ ਲਈ ਸਭ ਕੁਝ ਤਿਆਰ ਹੈ? ਸਵਾਮੀ ਜੀ ਬੜੇ ਸਾਧਾਰਨ ਤਰ੍ਹਾਂ ਨਾਲ ਸਭ ਕੁਝ ਪੁੱਛ ਰਹੇ ਸੀ ਪਰ ਮੈਨੂੰ ਇਨ੍ਹਾਂ ਦੇ ਪਿਛੇ ਬੜਾ ਹੀ ਗੂੜ੍ਹਾ ਕੋਈ ਮਤਲਬ ਲਗ ਰਿਹਾ ਸੀ।

ਮੈਂ ਕਿਹਾ, ਜੀ ਸਵਾਮੀ ਜੀ ਸਭ ਕੁਝ ਤਿਆਰ ਹੈ, ਪਰ ਦਿੱਲੀ ਵਾਲੀ ਭਾਵਨਾ ਮੇਰੇ ਅੰਦਰ ਫੇਰ ਜਾਗ ਗਈ।

ਜਸਟਿਨ ਤੈਨੂੰ ਪਤਾ ਹੈ ਨਾ ਕਿ ਤੈਨੂੰ ਭਗਵੇਂ ਕਪੜੇ ਪਾਉਣੇ ਪੈਣਗੇ। ਮੈਂ ਇਹ ਚੰਗੀ ਤਰ੍ਹਾਂ ਜਾਣਦਾ ਹਾਂ ਕਿ ਤੈਨੂੰ ਉਹ ਕੁਝ ਵੀ ਪਾਉਣਾ ਚੰਗਾ ਨਹੀਂ ਲਗਦਾ ਜਿਹੜਾ ਇਕ ਵਰਦੀ ਦੀ ਤਰ੍ਹਾਂ ਲਗਦਾ ਹੋਵੇ। ਸਵਾਮੀ ਜੀ ਨੇ ਆਪਣੀ ਗੱਲ ਬਾਤ ਜਾਰੀ ਰੱਖੀ। ਉਨ੍ਹਾਂ ਦੇ ਚਿਹਰੇ ਤੇ ਥੋੜ੍ਹੀ ਜਿਹੀ ਚਿੰਤਾ ਵੀ ਝਲਕ ਰਹੀ ਸੀ, ਜਦੋਂ ਉਹ ਇਹ ਸਾਰੀ ਗੱਲਬਾਤ ਕਰ ਰਹੇ ਸੀ।

ਹਾਂ, ਸਵਾਮੀ ਜੀ ਤੁਸੀਂ ਠੀਕ ਕਹਿ ਰਹੇ ਹੋ, ਮੈਨੂੰ ਵਰਦੀ ਤਾਂ ਬਿਲਕੁਲ ਵੀ ਚੰਗੀ ਨਹੀਂ ਲਗਦੀ। ਮੈਂ ਛੇਤੀ ਨਾਲ ਜਵਾਬ ਦਿਤਾ। ਜੇ ਮੈਂ ਆਪਣੇ ਅੰਦਰ ਦੇ ਵਸਤਰ, ਭਾਵ ਬਨਿਆਨ ਤੇ ਕਛਹਿਰਾ ਹੀ ਭਗਵਾ ਪਾ ਲਿਆ ਕਰਾਂ, ਕੀ ਉਹ ਕਾਫੀ ਨਹੀਂ ਹੋਏਗਾ?

'ਹਾਂ' ਸਵਾਮੀ ਜੀ ਕਹਿਣ ਲੱਗੇ, ਮੇਰਾ ਵਿਚਾਰ ਹੈ ਕਿ ਉਹ ਕਾਫੀ ਨਹੀਂ ਹੋਏਗਾ। ਨਾ ਹੀ ਉਹ ਸੰਭਵ ਹੈ, ਨਾਲ ਹੀ ਉਨ੍ਹਾਂ ਨੇ ਆਪਣਾ ਸਿਰ ਹਿਲਾਇਆ ਕਿ ਇਸ ਤਰ੍ਹਾਂ ਨਾਲ ਨਹੀਂ ਹੋ ਸਕਦਾ।

ਮੈਂ ਸਾਹ ਅੰਦਰ ਕਰਕੇ ਕਿਹਾ, ਮੈਨੂੰ ਵਿਸ਼ਵਾਸ਼ ਹੈ ਆਪ ਜੀ ਕੋਈ ਰਸਤਾ ਲੱਭ ਹੀ ਲਵੋਗੇ, ਜੋ ਕੁਝ ਵੀ ਸੰਭਵ ਹੋ ਸਕਦਾ ਹੈ, ਤੁਸੀਂ ਕਰੋਗੇ ਮੈਨੂੰ ਇਸ ਗੱਲ ਦਾ ਪੂਰਾ-ਪੂਰਾ ਵਿਸ਼ਵਾਸ਼ ਹੈ।

ਤੂੰ ਛੇਤੀ ਹੀ ਵਲੈਤ ਜਾ ਰਿਹਾ ਹੈਂ, ਤੂੰ ਉਨ੍ਹਾਂ ਦੇ ਡਾਕਟਰਾਂ ਵਿਚ ਰਹੇਂਗਾ? ਉਨ੍ਹਾਂ ਨਾਲ ਹੀ ਕੰਮ ਕਰੇਂਗਾ, ਸਵਾਮੀ ਜੀ ਅੱਗੇ ਨੂੰ ਹੋ ਕੇ ਇਹ ਕਹਿਣ ਲੱਗੇ ਉਨ੍ਹਾਂ ਦੇ ਚਿਹਰੇ ਤੇ ਬਹੁਤ ਹੀ ਗੰਭੀਰਤਾ ਸੀ।

ਹਾਂ ਜੀ, ਮੈਂ ਜਨਵਰੀ ਵਿਚ ਲੰਡਨ ਕੰਮ ਸ਼ੁਰੂ ਕਰ ਦੇਣਾ ਹੈ ਤੇ ਮੈਂ ਓਥੇ ਤਿੰਨ ਸਾਲ ਰਹਿਣਾ ਹੈ। ਮੈਂ ਥੋੜ੍ਹਾ ਜਿਹਾ ਹੈਰਾਨ ਹੋ ਕੇ ਇਹ ਜਵਾਬ ਦਿਤਾ ਕਿਉਂਕਿ ਮੈਨੂੰ ਸਮਝ ਨਹੀਂ ਸੀ ਆ ਰਹੀ ਕਿ ਸਵਾਮੀ ਜੀ ਕਿਸ ਮੰਤਵ ਨਾਲ ਇਹ ਸਭ ਕੁਝ ਪੁੱਛ ਰਹੇ ਹਨ, ਮੈਂ ਪੁਛਿਆ ਕੀ ਇਸ ਵਿਚ ਕੋਈ ਗਲਤ ਗੱਲ ਹੈ?

ਬਿਲਕੁਲ ਨਹੀਂ ਕੁਝ ਵੀ ਗਲਤ ਨਹੀਂ ਹੈ ਪਰ ਤੈਨੂੰ ਪਤਾ ਹੈ ਨਾ ਕਿ ਅੰਗ੍ਰੇਜ਼ ਤਾਂ ਸਵਾਮੀਆਂ ਦੀ ਬਿਲਕੁਲ ਪਰਵਾਹ ਨਹੀਂ ਕਰਦੇ। ਉਨ੍ਹਾਂ ਨੂੰ ਤਾਂ ਭਾਰਤੀ ਕੋਈ ਵੀ ਚੀਜ਼ ਪਸੰਦ ਨਹੀਂ, ਤੂੰ ਉਨ੍ਹਾਂ ਦੇ ਸਟਾਫ ਤੇ ਹੋਏਂਗਾ। ਤੂੰ ਉਨ੍ਹਾਂ ਦੇ ਸਟਾਫ ਲਈ ਚੁਣਿਆ ਗਿਆ ਹੈਂ ਤੇ ਜੇ ਤੂੰ ਸਵਾਮੀ ਹੋ ਗਿਆ। ਇਹ ਵਸਤਰ ਪਾ ਲਏ ਤੇ ਤੇਰੇ ਲਈ ਸਮੱਸਿਆ ਹੀ ਨਾ ਖੜ੍ਹੀ ਹੋ ਜਾਏ। ਤੈਨੂੰ ਆਪਣਾ ਨਾਮ ਤੇਰੇ ਅਹੁਦੇ ਛੱਡਣੇ ਪੈਣਗੇ।

ਇਸ ਤੋਂ ਪਹਿਲਾਂ ਕਿ ਮੈਂ ਕੋਈ ਜਵਾਬ ਦਿੰਦਾ। ਸਵਾਮੀ ਜੀ ਨੇ ਆਪਣਾ ਸਿਰ ਮੋੜ ਕੇ ਦੂਸਰੇ ਪਾਸੇ ਦੇਖਿਆ ਤੇ ਉਥੇ ਬੈਠੇ ਇਕ ਵਪਾਰੀ ਕੋਲੋਂ ਪੁੱਛਣ ਲੱਗੇ ਕਿਉਂ ਭਾਈ, ਮੈਂ ਠੀਕ ਕਹਿ ਰਿਹਾ ਹਾਂ।

ਬਿਨਾਂ ਕਿਸੇ ਸੰਕੋਚ ਦੇ ਉਹ ਕਹਿਣ ਲੱਗਾ, ਤੁਸੀਂ ਬਿਲਕੁਲ ਠੀਕ ਕਹਿ ਰਹੇ ਹੋ।

ਮੇਰਾ ਮਨ ਬਹੁਤ ਹੀ ਅਜੀਬ ਤਰ੍ਹਾਂ ਦੀਆਂ ਦੌੜਾਂ ਲਗਾ ਰਿਹਾ ਸੀ। ਮੈਂ ਆਪਣੇ ਮਨ ਵਿਚ ਹੀ ਕਹਿਣ ਲੱਗਾ, ਇਹ ਹੋ ਕੀ ਰਿਹਾ ਹੈ? ਕੀ ਇਹ ਮੇਰੇ ਉਤੇ ਕੋਈ ਕਸਵੱਟੀ ਲਗ ਰਹੀ ਹੈ? ਕੀ ਜੋ ਕੁਝ ਹੋ ਰਿਹਾ ਹੈ ਮੈਨੂੰ ਸਮਝ ਨਹੀਂ ਆ ਰਹੀ? ਜਦੋਂ ਮੇਰੇ ਦਿਮਾਗ ਵਿਚ ਇਹ ਸਭ ਕੁਝ ਚਲ ਰਿਹਾ ਸੀ, ਮੈਂ ਇਹ ਵੀ ਜਾਣਦਾ ਸੀ ਕਿ ਮੈਂ ਸਵਾਮੀ ਜੀ ਨੂੰ ਉਤਰ ਵੀ ਦੇਣਾ ਹੈ, ਮੈਨੂੰ ਸਮਝ ਨਹੀਂ ਸੀ ਆ ਰਿਹਾ, ਮੈਂ ਕੀ ਜਵਾਬ ਦਿਆਂ।

ਤੂੰ ਜਾਣਦਾ ਹੈਂ ਕਿ ਸਾਡੇ ਏਥੇ ਨਾਈ ਹੈ ਜੋ ਸਿਰ ਦੀ ਹਜਾਮਤ ਕਰ ਦਿੰਦਾ ਹੈ। ਸਵਾਮੀ ਜੀ ਮੈਨੂੰ ਕਹਿ ਰਹੇ ਸੀ ਪਰ ਉਨ੍ਹਾਂ ਦੀ ਆਵਾਜ਼ ਵਿਚ ਹੁਣ ਉਹ ਜ਼ੋਰ ਨਹੀਂ ਸੀ।

ਮੈਨੂੰ ਇਕ ਦਮ ਯਾਦ ਆਇਆ ਕਿ ਪਰੰਪਰਾ ਅਨੁਸਾਰ, ਮੈਨੂੰ ਆਪਣਾ ਸਿਰ ਮੁੰਡਵਾ ਦੇਣਾ ਚਾਹੀਦਾ ਸੀ। ਇਹ ਮੈਨੂੰ ਸੰਨਿਆਸ ਦੀ ਰਸਮ ਅਦਾ ਹੋਣ ਤੋਂ ਪਹਿਲਾਂ ਹੀ ਕਰ ਲੈਣਾ ਚਾਹੀਦਾ ਸੀ।

ਬਿਲਕੁਲ, ਤੈਨੂੰ ਪਤਾ ਹੈ ਨਾ ਕਿ ਅੰਗ੍ਰੇਜ਼ਾਂ ਨੂੰ ਤਾਂ ਸਾਫ ਸਿਰ ਵੀ ਬਿਲਕੁਲ ਪਸੰਦ ਨਹੀਂ।

ਉਹ ਜਿਹੜਾ ਵਪਾਰੀ ਦਿੱਲੀ ਤੋਂ ਆਇਆ ਬੈਠਾ ਸੀ। ਉਸ ਨੇ ਫੇਰ ਸਿਰ ਹਿਲਾਇਆ ਤੇ ਹਾਮੀ ਭਰੀ ਕਿ ਸਵਾਮੀ ਜੀ ਜੋ ਕਹਿ ਰਹੇ ਹਨ, ਉਹ ਠੀਕ ਕਹਿ ਰਹੇ ਹਨ।

ਤੂੰ ਤੇ ਥਰੀਸਾ ਵੀ ਇਕ ਦੂਸਰੇ ਨੂੰ ਨਹੀਂ ਮਿਲ ਸਕੋਗੇ, ਨਾ ਹੀ ਇਕ ਦੂਸਰੇ ਨਾਲ ਬਾਰ੍ਹਾਂ ਸਾਲ ਤਕ ਬੋਲੋਗੇ। ਇਹ ਗੱਲ ਸਵਾਮੀ ਜੀ ਨੇ ਬੜੇ ਹੀ ਸ਼ਾਂਤੀਪੂਰਵਕ ਕਹੀ ਤੇ ਉਹ ਆਪਣੀ ਕੁਰਸੀ ਤੇ ਆਰਾਮ ਨਾਲ ਬੈਠ ਗਏ।

ਇਹ ਗੱਲ ਸੁਣ ਕੇ ਜਿਵੇਂ ਸਨਾਟਾ ਛਾ ਗਿਆ, ਇਹ ਆਖਰੀ ਸ਼ਬਦ ਜਿਵੇਂ ਮੇਰੇ ਕਲੇਜੇ ਵਿਚ ਲਗ ਗਏ। ਇਹ ਮੈਂ ਜਾਣਦਾ ਸੀ ਕਿ ਸੰਨਿਆਸ ਤੋਂ ਬਾਅਦ ਸਵਾਮੀਆਂ ਦਾ ਕੋਈ ਘਰ ਨਹੀਂ ਹੁੰਦਾ, ਕੋਈ ਦੋਸਤ, ਕੋਈ ਰਿਸ਼ਤੇਦਾਰ, ਕੋਈ ਕੁਛ ਨਹੀਂ ਹੁੰਦਾ। ਇਹ ਸਭ ਕੁਝ ਇਸ ਤਰ੍ਹਾਂ ਨਾਲ ਘੱਟੋ-ਘੱਟ ਬਾਰ੍ਹਾਂ ਸਾਲ ਤਾਂ ਇਸ ਤਰ੍ਹਾਂ ਹੀ ਰਹਿੰਦਾ ਹੈ। ਪਰ ਮੈਂ ਇਹ ਵੀ ਜਾਣਦਾ ਸੀ ਕਿ ਪੱਛਮੀ ਸੱਜਣਾਂ ਲਈ ਕੁਝ ਇਕ ਸ਼ਰਤਾਂ ਦੀ ਢਿੱਲ ਦੇ ਦਿਤੀ ਜਾਂਦੀ ਹੈ। ਮੈਂ ਸੋਚ ਰਿਹਾ ਸੀ ਕਿ ਹੁਣ ਸਵਾਮੀ ਜੀ ਨੇ ਜੋ ਆਪਣਾ ਆਖਰੀ ਵਾਰ ਕਰ ਦਿਤਾ ਹੈ ਤੇ ਉਹ ਚੁੱਪ ਚਾਪ ਬੈਠ ਗਏ ਹਨ। ਹੁਣ ਜਿਵੇਂ ਸਭ ਕੁਝ ਮੇਰੇ ਤੇ ਹੋਵੇ ਮੈਂ ਕੀ ਚਾਹੁੰਦਾ ਹਾਂ।

ਮੇਰਾ ਰਿਸ਼ਤਾ ਸਵਾਮੀ ਜੀ ਨਾਲ ਇਕ ਬਹੁਤ ਹੀ ਖੁਲ੍ਹਾ ਰਿਸ਼ਤਾ ਰਿਹਾ ਹੈ, ਜਿਸ ਵਿਚ ਮੈਂ ਉਨ੍ਹਾਂ ਦੇ ਸਾਰੇ ਬਚਨ ਨੂੰ ਖੋਜਿਆ ਹੈ, ਵਿਚਾਰ ਅਧੀਨ ਕੀਤਾ ਹੈ। ਜਦੋਂ ਮੈਨੂੰ ਕਿਤੇ ਦੁਬਿਧਾ ਹੋਈ ਹੈ, ਮੈਂ ਪ੍ਰਸ਼ਨ ਵੀ ਕੀਤਾ ਹੈ। ਮੈਂ ਆਪਣੇ ਆਪ ਨੂੰ ਕਦੇ ਵੀ ਉਨ੍ਹਾਂ ਦੇ ਬਰਾਬਰ ਨਹੀਂ ਸਮਝਿਆ। ਕਦੀ ਭੁੱਲ ਕੇ ਵੀ ਨਹੀਂ, ਮੈਂ ਉਨ੍ਹਾਂ ਦਾ ਐਨਾ ਮਾਨ ਕਰਦਾ ਹਾਂ ਐਨਾ ਸਤਿਕਾਰ ਕਰਦਾ ਹਾਂ ਉਹ ਪੂਜਨੀਅ ਹਨ। ਮੈਨੂੰ ਉਨ੍ਹਾਂ ਨਾਲ ਕੰਮ ਕਰਕੇ ਸਦਾ ਹੀ ਬਹੁਤ ਚੰਗਾ ਲੱਗਾ ਹੈ, ਮੈਨੂੰ ਉਨ੍ਹਾਂ ਦਾ ਸੁਨੇਹਾ ਲੈ ਕੇ ਜਾਣਾ ਬਹੁਤ ਹੀ ਚੰਗਾ ਲੱਗਾ। ਮੈਂ ਬਹੁਤ ਉਤਸ਼ਾਹ ਨਾਲ ਸਵਾਮੀ ਜੀ ਦੇ ਨਾਲ ਜੁੜ ਕੇ ਕੰਮ ਕੀਤੇ। ਉਸ ਵਿਚ ਬਹੁਤ ਅਨੰਦ ਵੀ ਮਾਣਿਆ ਹੈ। ਪੱਛਮੀ ਦੇਸ਼ਾਂ ਵਿਚ ਮੈਂ ਉਨ੍ਹਾਂ ਦਾ ਸੁਨੇਹਾ ਲੈ ਜਾਣ ਵਾਲਾ ਰਿਹਾ ਹਾਂ। ਉਨ੍ਹਾਂ ਦੇ ਕਾਰਜ ਦਾ ਸਹੀ ਕਿਸਮ ਦੀ ਰਿਪੋਰਟ ਲਿਖਣ ਵਾਲਾ ਰਿਹਾ ਹਾਂ। ਪੂਰਬ ਵਿਚ ਮੈਂ ਉਨ੍ਹਾਂ ਲਈ ਇਹ ਕੰਮ ਕੀਤਾ। ਉਨ੍ਹਾਂ ਦੀ ਫਿਲੋਸਫੀ ਤੇ ਮੈਂ ਖੋਜ ਕਰਨ ਵਾਲਾ ਖੋਜੀ ਵੀ ਹਾਂ, ਮੈਂ ਉਨ੍ਹਾਂ ਦਾ ਇਕ ਮਾਤਰ ਪਿਆਦਾ ਵੀ ਹਾਂ। ਇਕ ਪ੍ਰੈਕਟੀਕਲ ਸਾਧਕ। ਇਕ ਵਾਰੀ ਮੈਨੂੰ ਸਵਾਮੀ ਜੀ ਨੇ ਹਰ ਮਸਾਲੇ ਪਿਪਲਾ ਮੂਲ ਵੀ ਕਿਹਾ। ਮੈਂ ਸਵਾਮੀ ਜੀ ਨੂੰ ਕੁਝ ਵੀ ਕਰਦਾ ਸੀ। ਮੈਨੂੰ ਉਨ੍ਹਾਂ ਲਈ ਕੁਝ ਵੀ ਕਰਨਾ ਚੰਗਾ ਲਗਦਾ ਸੀ, ਖਾਸ ਕਰਕੇ ਜੋ ਹੋਰ ਕੋਈ ਨਾ ਕਰ ਸਕੇ, ਪਹਿਲੇ ਦਿਨ ਤੋਂ ਜਦੋਂ ਮੈਂ ਸਵਾਮੀ ਜੀ ਨੂੰ ਮਿਲਿਆ, ਮੈਨੂੰ ਲੱਗਾ ਮੈਂ ਕਦੀ ਵੀ ਉਨ੍ਹਾਂ ਕੋਲ ਜਾ ਸਕਦਾ ਹਾਂ। ਉਹ ਮੇਰੇ ਗੁਰੂ ਹਨ, ਜਿਵੇਂ ਇਕ ਸ਼ਿਸ਼ ਗੁਰੂ ਕੋਲ ਕਦੀ ਵੀ ਕੋਈ ਵੀ ਸਮੱਸਿਆ ਲੈ ਕੇ ਜਾ ਸਕਦਾ ਹੈ ਬਿਲਕੁਲ ਉਸ ਤਰ੍ਹਾਂ ਹੀ, ਮੈਨੂੰ ਲੱਗਾ ਉਹ ਮੇਰੇ ਸਭ ਤੋਂ ਉਤਮ ਮਿੱਤਰ ਹਨ, ਮੈਂ ਉਨ੍ਹਾਂ ਕੋਲ ਇਕ ਮਿੱਤਰ ਦੇ ਰਿਸ਼ਤੇ ਕਦੀ ਵੀ ਕਿਤੇ ਵੀ, ਕਿਸੇ ਵੀ ਸਮੇਂ ਜਾ ਸਕਦਾ ਹਾਂ। ਇਹ ਸਭ ਕੁਝ ਸਵਾਮੀ ਜੀ ਨੇ ਮੈਨੂੰ ਓਦੋਂ ਕਿਹਾ ਸੀ ਜਦੋਂ ਮੈਂ ਉਨ੍ਹਾਂ ਨੂੰ ਮਿਲਿਆ ਸੀ। ਇਹ 1972 ਦੀ ਗੱਲ ਹੈ। ਮੈਨੂੰ ਪੂਰਾ ਭਰੋਸਾ ਹੈ ਮੈਂ ਉਨ੍ਹਾਂ ਨੂੰ ਕੁਝ ਵੀ ਕਹਾਂ। ਉਹ ਸੁਣਨਗੇ, ਮੈਨੂੰ ਸਲਾਹ ਵੀ ਦੇਣਗੇ। ਮੇਰੇ ਭਲੇ ਲਈ ਹੀ ਮੇਰਾ ਮਾਰਗ ਦਰਸ਼ਨ ਕਰਨਗੇ। ਇਸ ਗੱਲ ਦਾ ਮੈਂ ਸਦਾ ਹੀ ਅਭਾਰੀ ਰਿਹਾ ਹਾਂ ਤੇ ਮੈਂ ਇਸ ਗੱਲ ਨੂੰ ਪੂਰੀ ਤਰ੍ਹਾਂ ਨਾਲ ਮਾਣਿਆ ਵੀ ਹੈ। ਮੈਂ ਆਪਣੇ ਮਨ ਵਿਚ ਕੁਝ ਵੀ ਸੋਚਾਂ ਕਦੀ ਕੁਝ ਗਲਤ ਵੀ ਸੋਚਾਂ, ਕਹਾਂ, ਪਰ ਉਹ ਹੀ ਮੇਰੇ ਗੁਰੂ ਹਨ। ਮੈਂ ਕਦੀ ਕਿਸੇ ਹੋਰ ਬਾਰੇ ਉਸ ਸਥਾਨ ਤੇ ਸੋਚਿਆ ਵੀ ਨਹੀਂ। ਮੈਂ ਉਨ੍ਹਾਂ ਨੂੰ ਹੱਦੋਂ ਵੱਧ ਪਿਆਰ ਕਰਦਾ ਹਾਂ ਪਰ ਮੈਨੂੰ ਸਮਝ ਨਹੀਂ ਸੀ ਆ ਰਹੀ, ਮੈਂ ਕੀ ਕਹਾਂ ਤੇ ਕਿਸ ਤਰ੍ਹਾਂ ਕਰਾਂ।

ਮੇਰੇ ਦਿਮਾਗ ਵਿਚ ਇਹ ਸਭ ਕੁਝ ਚਲ ਰਿਹਾ ਸੀ। ਥਰੀਸਾ ਇਕ ਪਾਸੇ ਚੁੱਪ ਕਰਕੇ ਬੈਠੀ ਸੀ। ਇਹ ਸਭ ਕੁਝ ਸੁਣ ਕੇ ਇਕ ਦਮ ਬੋਲਣ ਲੱਗੀ। ਤੁਹਾਡਾ ਇਸ ਤੋਂ ਕੀ ਭਾਵ ਹੈ ਕਿ ਜਸਟਿਨ ਮੈਨੂੰ ਬਾਰ੍ਹਾਂ ਸਾਲ ਮਿਲ ਨਹੀਂ ਸਕਦਾ। ਮੇਰੇ ਨਾਲ ਬੋਲ ਨਹੀਂ ਸਕਦਾ। ਮੈਂ ਤਾਂ ਪਹਿਲਾਂ ਇਹ ਕਦੀ ਨਹੀਂ ਸੁਣਿਆ ਤੁਸੀਂ ਪਹਿਲਾਂ ਵੀ ਕਈਆਂ ਨੂੰ ਸੰਨਿਆਸ ਦਿਤਾ ਹੈ ਪਰ ਇਹ ਕੰਡੀਸ਼ਨ ਤਾਂ ਕਿਸੇ ਉਤੇ ਨਹੀਂ ਲਗਾਈ।

ਸਵਾਮੀ ਜੀ ਬਿਲਕੁਲ ਸਥਿਰ ਤੇ ਸਹਿਜ ਵਿਚ ਰਹੇ। ਇਹ ਕੁਝ ਕੁਝ ਸੁਣਨ ਤੋਂ ਬਾਅਦ ਵੀ ਉਹ ਸ਼ਾਂਤ ਸੀ। ਮੇਰੇ ਅੰਦਰ ਇਕ ਦਮ ਭਾਵਨਾਵਾਂ ਦਾ, ਸੰਵੇਦਾਂ ਦਾ ਜਿਵੇਂ ਪਹਾੜ ਟੁੱਟ ਪਿਆ ਹੋਵੇ, ਮੇਰੇ ਅੰਦਰ ਗੁੱਸਾ, ਅਸ਼ਾਂਤੀ

ਸ਼ਰਮ ਸਭ ਕੁਝ ਜਿਵੇਂ ਇਕੱਠਾ ਹੋ ਗਿਆ ਹੋਵੇ। ਸੰਨਿਆਸ ਲੈਣ ਦਾ ਸਾਰਾ ਬੰਦੋਬਸਤ ਹੋ ਚੁੱਕਾ ਸੀ। ਸਾਰੇ ਅਮਰੀਕਨ ਉਡੀਕ ਰਹੇ ਸੀ, ਮੈਨੂੰ ਕੁਝ ਵੀ ਸਮਝ ਨਹੀਂ ਸੀ ਆ ਰਿਹਾ। ਇਕ ਵਾਰੀ ਤਾਂ ਮੈਂ ਇਹ ਸੋਚਿਆ ਸਵਾਮੀ ਜੀ ਸਾਨੂੰ ਗਲੋਂ ਲਾਹ ਰਹੇ ਹਨ ਤੇ ਆਪਣੇ ਲਈ ਕੰਮ ਸੌਖਾ ਕਰ ਰਹੇ ਹਨ।

ਥਰੀਸਾ ਬਹੁਤ ਹੀ ਗੁੱਸੇ ਵਿਚ ਸੀ, ਉਹ ਅਜੇ ਵੀ ਬੋਲੀ ਜਾ ਰਹੀ ਸੀ। ਕਿਸੇ ਨੇ ਇਹ ਝੂਠੀਆਂ ਸੱਚੀਆਂ ਗੱਲਾਂ ਫੈਲਾਈਆਂ ਹਨ। ਉਹ ਕਿਹੜੇ ਇਹੋ ਜਿਹੇ ਦੋਸਤ ਹਨ। ਇਹ ਗੱਲਾਂ ਹੋ ਰਹੀ ਰਹੀਆਂ ਸੀ ਕਿ ਇਕ ਬੀਬੀ ਸਵਾਮੀ ਜੀ ਲਈ ਪ੍ਰਸ਼ਾਦਾ ਲੈ ਕੇ ਅੰਦਰ ਆਈ। ਉਸ ਨੇ ਥਾਲੀ ਸਵਾਮੀ ਜੀ ਦੇ ਅੱਗੇ ਰੱਖੀ।

ਥਰੀਸਾ ਉਚੀ ਸਾਰੀ ਬੋਲ ਕੇ ਕਹਿਣ ਲੱਗੀ। ਇਹ ਸਾਰੀਆਂ ਝੂਠੀਆਂ ਗੱਲਾਂ ਅਫਵਾਹਾਂ ਕਿਸ ਨੇ ਉਡਾਈਆਂ ਹਨ, ਕਿਸ ਨੇ ਇਹ ਸਭ ਕੁਝ ਕਿਹਾ, ਉਹ ਸਵਾਮੀ ਜੀ ਤੋਂ ਹੀ ਇਹ ਪੁੱਛ ਰਹੀ ਸੀ, ਸੰਨਿਆਸ ਲੈਣ ਦੀ ਗੱਲ ਤਾਂ ਕੇਵਲ ਤੁਹਾਨੂੰ ਹੀ ਪਤਾ ਸੀ, ਹੋਰ ਕਿਸੇ ਨੂੰ ਨਹੀਂ।

ਜਿਹੜੀ ਬੀਬੀ ਪ੍ਰਸ਼ਾਦਾ ਲੈ ਕੇ ਆਈ ਸੀ ਉਸ ਦੇ ਹੱਥੋਂ ਭਾਂਡਾ ਛੁੱਟ ਕੇ ਡਿਗ ਪਿਆ, ਉਹ ਡਰ ਜਿਹੀ ਗਈ। ਮੈਂ ਇਹ ਦੇਖ ਕੇ ਹੈਰਾਨ ਹੋ ਰਿਹਾ ਸੀ ਕਿ ਸਵਾਮੀ ਜੀ ਜਿਵੇਂ ਮੁਸਕਰਾ ਰਹੇ ਹੋਣ। ਉਹ ਕਹਿਣ ਲੱਗੇ, ਮੈਨੂੰ ਅਫਵਾਹਾਂ ਦਾ ਕੀ ਪਤਾ, ਮੈਂ ਕੀ ਜਾਣਾ, ਮੈਂ ਤਾਂ ਕੁਝ ਇਕ ਲੋਕਾਂ ਨੂੰ ਦੱਸਿਆ ਜ਼ਰੂਰ ਸੀ।

ਥਰੀਸਾ ਫੇਰ ਗੁੱਸੇ ਨਾਲ ਬੋਲਦੀ ਹੋਈ ਕਹਿਣ ਲੱਗੀ, ਉਹ ਕੌਣ ਲੋਕ ਸੀ ਜਿਨ੍ਹਾਂ ਨੂੰ ਤੁਸੀਂ ਦੱਸਿਆ ਸੀ।

ਇਸ ਵਾਰੀ ਸਵਾਮੀ ਜੀ ਦਾ ਹਾਸਾ ਨਿਕਲ ਹੀ ਗਿਆ, ਕੁਝ ਲੋਕਾਂ ਨੂੰ ਦੱਸਿਆ ਸੀ ਜਿਹੜੇ ਕਦੀ ਗੱਲ ਨਹੀਂ ਕਰਦੇ। ਉਨ੍ਹਾਂ ਨੇ ਦੋ ਸੱਜਣਾਂ ਦੇ ਨਾਮ ਲਏ, ਇਹ ਕਹਿ ਕੇ ਉਨ੍ਹਾਂ ਨੇ ਚਾਹ ਦਾ ਪਿਆਲਾ ਚੁਕਿਆ।

ਥਰੀਸਾ ਕਹਿਣ ਲੱਗੀ, ਚਾਹ ਤੁਹਾਡੇ ਗਲੇ ਵਿਚ ਫਸ ਜਾਣੀ ਹੈ। ਨਹੀਂ ਤਾਂ ਤੁਸੀਂ ਸੱਚ-ਸੱਚ ਦੱਸੋ, ਤੁਸੀਂ ਕਿਸਨੂੰ ਕਿਹਾ ਸੀ, ਉਹ ਬੀਬੀ ਜਿਹੜੀ ਪ੍ਰਸ਼ਾਦਾ ਲੈ ਕੇ ਆਈ ਸੀ, ਉਹ ਬਾਹਰ ਚਲੀ ਗਈ। ਸਵਾਮੀ ਜੀ ਨੇ ਚਾਹ ਦਾ ਪਿਆਲਾ ਟਰੇ ਵਿਚ ਰੱਖਿਆ ਤੇ ਉਚੀ-ਉਚੀ ਹੱਸਣ ਲਗ ਪਏ। ਮੈਂ ਤਾਂ ਆਪਣੇ ਅੰਦਰ ਉਪਰ ਥੱਲੇ ਹੋ ਰਿਹਾ ਸੀ ਜਿਵੇਂ ਕਿਸੇ ਚੂਹੇ ਨੂੰ ਪਿੰਜਰੇ ਵਿਚ ਬੰਦ ਕਰ ਦਿਤਾ ਹੋਵੇ।

ਜਦੋਂ ਸਵਾਮੀ ਜੀ ਰੱਜ ਕੇ ਹੱਸ ਚੁੱਕੇ ਤਾਂ ਕਹਿਣ ਲੱਗੇ, ਤੁਸੀਂ ਦੋਨੋਂ ਜਣੇ ਮੇਰੇ ਕੋਲ ਆਓ, ਬਾਕੀਆਂ ਸਾਰਿਆਂ ਨੇ ਇਕੱਠੇ ਹੋਏ ਸੱਜਣਾਂ ਨੂੰ ਸਵਾਮੀ ਜੀ ਨੇ ਜਾਣ ਲਈ ਕਿਹਾ, ਉਹ ਚਲੇ ਜਾਣ। ਬੜੇ ਹੀ ਪਿਆਰ ਨਾਲ ਸਾਨੂੰ ਦੋਨਾਂ ਨੂੰ ਦੇਖ ਕੇ ਕਹਿਣ ਲੱਗੇ। ਤੁਸੀਂ ਇਕੱਠੇ ਆਏ ਸੀ, ਪਰ ਹੁਣ ਤੁਹਾਡੀਆਂ ਡੀਊਟੀਆਂ ਤੁਹਾਡੇ ਜੀਵਨ ਦੇ ਰਸਤੇ ਵੱਖ-ਵੱਖ ਹਨ। ਹੁਣ ਜਸਟਿਨ ਨੂੰ ਦੰਪਤੀ ਜੀਵਨ ਵਿਚ ਨਹੀਂ ਰਹਿਣਾ ਚਾਹੀਦਾ ਤੇ ਥਰੀਸਾ ਨੂੰ ਕਿਸੇ ਹੋਰ ਨਾਲ ਰਹਿਣਾ ਚਾਹੀਦਾ ਹੈ। ਕੀ ਤੁਸੀਂ ਆਪਣੇ ਅੰਦਰ ਇਹ ਸਭ ਕੁਝ ਨਹੀਂ ਜਾਣਦੇ, ਆਪਣੇ ਅੰਦਰ ਦੇਖੋ। ਇਹ ਤੁਹਾਡੇ ਦੋਨਾਂ ਲਈ ਹੀ ਜ਼ਰੂਰੀ ਹੈ ਨਹੀਂ ਤਾਂ ਤੁਸੀਂ ਦੋਨੋਂ ਹੀ ਇਥੇ ਅਟਕ ਜਾਓਗੇ। ਤੁਹਾਡਾ ਵਿਕਾਸ ਨਹੀਂ ਹੋ ਸਕੇਗਾ। ਤੁਸੀਂ ਅਧਿਆਤਮ ਮਾਰਗ ਤੇ ਅੱਗੇ ਨਹੀਂ ਜਾ ਸਕੋਗੇ। ਮੈਂ ਤਾਂ ਕੇਵਲ ਇਹ ਚਾਹੁੰਦਾ ਹਾਂ ਕਿ ਤੁਸੀਂ ਆਪਣੇ ਜੀਵਨ ਦੇ ਫੈਸਲੇ ਛੇਤੀ ਤੋਂ ਚੇਤੀ ਲਵੋ, ਡਰੋ ਨਾ, ਨਿਰਭੈ ਹੋ ਕੇ ਅੱਗੇ ਵਧੋ ਜੋ ਕੁਝ ਤੁਹਾਡੇ ਅੰਦਰ ਹੈ ਜੋ ਜਾਣਦੇ ਹੋ ਉਸ ਅਨੁਸਾਰ ਜੀਓ ਤੇ ਵਧੋ।

ਫੇਰ ਇਕ ਚੁੱਪ ਵਰਤ ਗਈ। ਅਸੀਂ ਇਕ ਦੂਜੇ ਵਲ ਦੇਖਿਆ ਤੇ ਆਪਣੇ ਅੰਦਰ ਹੀ ਅੰਦਰ ਨੇਪਾਲ ਤੋਂ ਲੈ ਕੇ ਹੁਣ ਤਕ ਦੀਆਂ ਘਟਨਾਵਾਂ ਨੂੰ ਜਾਚਿਆ, ਉਹ ਸਾਡੇ ਅੱਗੋਂ ਫਿਲਮ ਦੀ ਤਰ੍ਹਾਂ ਲੰਘ ਗਈਆਂ, ਮੇਰੇ ਅੰਦਰ ਵਿਆਹਤ ਰਹਿਣ ਦੀ ਪੀੜਾ ਸੀ, ਰਹਾਂ ਕਿ ਨਾ, ਸੁਝ ਕੁਝ ਨਹੀਂ ਸੀ ਰਿਹਾ। ਮੇਰੇ ਸਾਮ੍ਹਣੇ ਆ ਕੇ ਖੜ੍ਹਾ ਹੋ ਗਿਆ। ਮੈਂ ਇਕ ਦੁਖ ਭਰਿਆ ਹਉਕਾ ਲਿਆ। ਮੈਨੂੰ ਦੱਸਿਆ ਕਿ ਦੰਪਤੀ ਜੀਵਨ ਮੇਰੇ ਆਤਮ ਮਾਰਗ ਦਾ ਪੈਂਡਾ ਨਹੀਂ ਹੈ, ਪਰ ਹਿੰਦੂ ਰਸਮ ਰਿਵਾਜ ਅਨੁਸਾਰ ਸਵਾਮੀ ਹੋ ਜਾਣਾ ਵੀ ਮੇਰਾ ਰਾਹ ਨਹੀਂ ਸੀ। ਮੇਰੇ ਸੰਨਿਆਸ ਦੀ ਕੋਈ ਵੱਖਰੀ ਹੀ ਦਿਸ਼ਾ ਸੀ। ਮੈਂ ਸਾਰੀਆਂ ਅਫਵਾਹਾਂ ਸੁਣਦਾ ਰਿਹਾ, ਮੈਂ ਆਪਣੀ ਪਤਨੀ ਦੇ ਅਥਰੂ ਵੀ ਦੇਖਦਾ ਰਿਹਾ, ਪੂੰਜਦਾ ਰਿਹਾ, ਮੈਂ ਆਪਣੇ ਮਿਤਰਾਂ ਨੂੰ ਇਹ ਕਹਿੰਦਾ ਰਿਹਾ। ਮੇਰੀ ਕਸਮਾਂ ਮੁਕ ਗਈਆਂ ਹਨ, ਪਰ ਇਹ ਸਭ ਕੁਝ ਕਰਕੇ ਮੇਰੇ ਅੰਦਰ ਮੈਨੂੰ ਚੰਗਾ ਲਗਾ।

ਸਵਾਮੀ ਜੀ ਨੇ ਸਾਨੂੰ ਦੋ ਦਿਨਾਂ ਲਈ ਆਪਣੇ ਕਿਸੇ ਜਗਿਆਸੂ ਦੇ ਘਰ ਭੇਜ ਦਿਤਾ, ਫੇਰ ਉਹ ਸਾਡੇ ਨਾਲ ਛੋਟੇ ਜਹਾਜ਼ ਤੇ ਬੈਠ ਕੇ ਦਿੱਲੀ ਗਏ। ਉਨ੍ਹਾਂ ਨੇ ਦੋ ਦਿਨ ਸਾਨੂੰ ਆਪਣੇ ਨਾਲ ਹੀ ਰੱਖਿਆ। ਜੋ ਕੁਝ ਮੇਰੇ ਮਨ ਵਿਚ ਆਇਆ ਮੈਂ ਪੁਛਿਆ ਗੱਲ ਕੀਤੀ। ਥਰੀਸਾ ਨੂੰ ਆਪਣੇ ਹੱਥ ਨਾਲ ਰੋਟੀ ਖਿਲਾਉਂਦੇ ਰਹੇ। ਸਾਨੂੰ ਇਕ ਵਿਆਹ ਤੇ ਲੈ ਕੇ ਗਏ ਫੇਰ ਵਿਆਹ ਦੇ ਵਿਚੋਂ ਹੀ ਅਸੀਂ ਚੁੱਪ ਕਰਕੇ ਨਿਕਲ ਆਏ। ਅਸੀਂ ਸਵਾਮੀ ਜੀ ਦੇ ਫਲੈਟ ਵਿਚ ਆਏ ਸਾਮਾਨ ਬੰਨਿਆ। ਉਨ੍ਹਾਂ ਦਾ ਆਸ਼ੀਰਵਾਦ ਲਿਆ, ਆਪਣੇ ਅਗਲੇ ਪਲੈਨ ਅਨੁਸਾਰ ਸਵਾਮੀ ਜੀ ਦੇ ਚਰਨ ਸਪਰਸ਼ ਕਰਕੇ ਅਸੀਂ ਸਵਾਮੀ ਜੀ ਨੂੰ ਅਲਵਿਦਾ ਕਿਹਾ।

# ਰਿਸ਼ੀਆਂ ਮੁਨੀਆਂ ਦਾ ਬ੍ਰਹਮਗਿਆਨ
# ਮੰਡੂਕ ਉਪਨਿਸ਼ਦ

*ਮੂਲ ਲੇਖਕ - ਡਾ. ਸਵਾਮੀ ਰਾਮ ਜੀ*
*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

## ਸਲੋਕ ਚਾਰ

'ਓਮ' ਤੀਰ ਕਮਾਨ ਹੈ, ਆਤਮਾ ਤੀਰ ਹੈ, ਬ੍ਰਹਮਾ (ਵਿਸ਼ਵ ਆਤਮਾ) ਤੁਹਾਡਾ ਨਿਸ਼ਾਨਾ ਹੈ। ਆਪਣੇ ਨਿਸ਼ਾਨੇ ਨੂੰ ਸਾਮ੍ਹਣੇ ਰੱਖੋ ਤੇ ਤੀਰ ਦੀ ਤਰ੍ਹਾਂ ਨਿਸ਼ਾਨੇ ਵਿਚ ਸਮਾ ਜਾਓ।

ਚੌਥੇ ਸਲੋਕ ਵਿਚ ਵੀ ਓਮ ਸ਼ਬਦ ਦੀ ਵਿਆਖਿਆ ਜਾਰੀ ਹੈ। 'ਓਮ' ਦੀ ਵਰਤੋਂ ਬਹੁਤ ਪਹੁੰਚੇ ਹੋਏ ਜਗਿਆਸੂ ਤੇ ਯੋਗੀ ਕਰਦੇ ਹਨ। 'ਓਮ' ਨੂੰ ਤੀਰ ਕਮਾਨ ਰਖਦੇ ਹਨ ਭਾਵ ਆਪ ਨੂੰ ਆਪਣੀ ਆਤਮਾ ਤੀਰ ਕਮਾਨ ਹੈ, ਜੀਵ ਆਤਮਾ ਤੀਰ ਹੈ। ਇਹੋ ਜਿਹਾ ਜਗਿਆਸੂ ਬ੍ਰਹਮਾ ਨੂੰ ਆਪਣਾ ਨਿਸ਼ਾਨਾ ਬਣਾਉਂਦਾ ਹੈ। ਇਹੋ ਜਿਹਾ ਨਿਸ਼ਾਨਾ ਕੇਵਲ ਇਕਾਗਰ ਹੋ ਕੇ ਆਪਣੇ ਆਪ ਨੂੰ ਸਭ ਕੁਝ ਤੋਂ ਸਮੇਟ ਕੇ ਇਕ ਮੁਖ ਹੋ ਕੇ ਹੀ ਹੋ ਸਕਦਾ ਹੈ। ਜੇ ਮਨ ਸ਼ੁਧ ਨਹੀਂ ਉਸ ਨੂੰ ਅੰਤਰਮੁਖੀ ਨਾ ਕੀਤਾ ਜਾਵੇ, ਇਕਾਗਰ ਨਾ ਕੀਤਾ ਜਾਵੇ ਫੇਰ ਤੀਰ ਨਹੀਂ ਚਲਾਇਆ ਜਾ ਸਕਦਾ। ਜੇ ਚਲਾਇਆ ਵੀ ਜਾਏ ਤਾਂ ਲਾਭਕਾਰੀ ਨਹੀਂ ਹੋ ਸਕਦਾ।

ਹਰ ਸਮੇਂ ਜਪ ਕਰਨਾ, ਮਨ ਨੂੰ ਇਕਾਗਰ ਕਰਨ ਦਾ ਇਕ ਬਹੁਤ ਵੱਡਾ ਤਰੀਕਾ ਹੈ। ਉਸ ਦੀ ਵਰਤੋਂ ਕਰਨੀ ਚਾਹੀਦੀ ਹੈ। 'ਓਮ' ਸ਼ਬਦ ਬਹੁਤ ਹੀ ਰਹੱਸਵਾਦੀ ਸ਼ਬਦ ਹੈ। ਇਹ ਰਹੱਸਵਾਦੀ ਹੈ ਕਿਉਂਕਿ ਇਹ ਸਾਰੇ ਨਾਵਾਂ ਤੇ ਆਕਾਰਾਂ ਤੋਂ ਪਰ੍ਹੇ ਹੈ। ਇਹ ਸੂਖਮ ਹੈ, ਅਮੂਰਤ ਹੈ ਇਸ ਦਾ ਸਬੰਧ ਜੀਵ ਆਤਮਾ ਦੀਆਂ ਵੱਖ-ਵੱਖ ਦਸ਼ਾ ਨਾਲ ਹੈ। ਅਨੁਭਵ ਨਾਲ ਹੈ ਜੋ ਜਾਗਤ, ਸੁਪਨ ਤੇ ਨਿੰਦ੍ਰਾ ਦੀ ਅਵਸਥਾ ਵਿਚ ਹੁੰਦੀਆਂ ਹਨ।

ਜਿਨ੍ਹਾਂ ਨੇ ਗ੍ਰੰਥ ਪੜ੍ਹੇ ਹਨ, ਜਿਨ੍ਹਾਂ ਨੇ ਵਿਚਾਰ ਕੀਤਾ ਹੈ, ਚਿੰਤਨ ਕੀਤਾ ਹੈ ਉਨ੍ਹਾਂ ਲਈ ਇਹ ਸ਼ਬਦ ਰਹੱਸਮਈ ਨਹੀਂ ਹੈ, ਉਨ੍ਹਾਂ ਨੇ ਮਨ ਇਕਾਗਰ ਕਰ ਲਿਆ ਹੈ, ਉਨ੍ਹਾਂ ਨੇ ਧਿਆਨ ਲਗਾ ਲਿਆ ਹੈ, ਉਹ ਅੰਤਰਮੁਖੀ ਹੋ ਗਏ ਹਨ।

ਜੇ ਮਨ ਵਿਚ 'ਓਮ' ਨੂੰ ਯਾਦ ਰੱਖੋ, ਆਪਣੇ ਵਿਚਾਰਾਂ ਵਿਚ ਸਦਾ 'ਓਮ' ਨੂੰ ਯਾਦ, 'ਓਮ' ਦੇ ਨਿਸ਼ਾਨ ਤੁਹਾਡੇ ਅਚੇਤ ਮਨ ਵਿਚ ਪੈ ਜਾਣਗੇ। ਅੰਤ ਵਿਚ ਇਹ ਤੁਹਾਡਾ ਹਿੱਸਾ ਬਣ ਜਾਵੇਗਾ। ਜਦੋਂ ਤੁਸੀਂ ਸੰਸਾਰ ਛੱਡ ਕੇ ਜਾਓਗੇ, ਇਹ ਤੁਹਾਡੀ ਮਦਦ ਕਰੇਗਾ, ਤੁਹਾਨੂੰ ਗਾਈਡ ਕਰੇਗਾ।

ਓਮ ਇਕ ਪ੍ਰਕਾਰ ਦਾ ਸੇਤੂ ਹੈ ਦੋ ਕੰਢਿਆਂ ਨੂੰ ਜੋੜਨ ਵਾਲਾ। ਜਦੋਂ ਆਤਮਾ ਸਰੀਰ ਛੱਡ ਦਿੰਦੀ ਹੈ ਕੁਝ ਸਮੇਂ ਲਈ ਜੀਵ ਬਿਲਕੁਲ ਇਕੱਲਾ ਹੁੰਦਾ ਹੈ, ਜੀਵਨ ਦੇ ਕਿਨਾਰੇ ਤੋਂ ਤੁਰ ਕੇ ਦੂਸਰੇ ਕਿਨਾਰੇ ਤੱਕ। ਉਸ ਰਸਤੇ ਤੇ ਬਿਲਕੁਲ ਇਕੱਲਾ ਹੁੰਦਾ ਹੈ ਤੇ ਬਿਲਕੁਲ ਹਨ੍ਹੇਰਾ ਹੁੰਦਾ ਹੈ ਤੇ ਜੀਵ ਨੂੰ ਰਾਹ ਦਿਖਾਣ ਵਾਲਾ, ਕੋਈ ਨਹੀਂ ਹੁੰਦਾ। ਓਮ ਦਾ ਉਚਾਰਣ ਓਮ ਨੂੰ ਸਮਝਣਾ। ਓਮ ਤੇ ਭਰੋਸਾ ਰੱਖਣਾ ਜਗਿਆਸੂ ਦੇ ਮਨ ਦੇ ਅੰਦਰ ਘਰ ਕਰ ਲੈਂਦਾ ਹੈ।

ਅੰਤ ਸਮੇਂ ਜਦੋਂ ਸਰੀਰ, ਸਵਾਸ ਤੇ ਚੇਤਨ ਮਨ ਜਵਾਬ ਦੇ ਦਿੰਦੇ ਹਨ, ਬਾਹਰ ਦੇ ਸੰਸਾਰ ਨਾਲ ਸਬੰਧ ਟੁੱਟ ਜਾਂਦਾ ਹੈ, ਕੋਈ ਸਹਾਇਕ ਵੀ ਨਹੀਂ ਹੁੰਦਾ ਓਦੋਂ ਓਮ ਸ਼ਬਦ ਤੇ ਕੀਤਾ ਅਭਿਆਸ ਉਸ ਦੀਆਂ ਲੀਹਾਂ ਜਿਹੜੀਆਂ ਅਚੇਤ ਮਨ ਵਿਚ ਪੈ ਜਾਂਦੀਆਂ ਹਨ ਉਹ ਹੀ ਮਦਦਗਾਰ ਹੁੰਦੀਆਂ ਹਨ। ਇਹ ਹੀ ਕਿਰਿਆ, ਇਸ ਸੰਸਾਰ ਤੇ ਦੂਸਰੇ ਸੰਸਾਰ ਵਿਚ ਪੁਲ ਇਕ ਸੇਤੂ ਦਾ ਕੰਮ ਕਰਦਾ ਹੈ।

ਪੂਰਨ ਯੋਗੀ ਸਰੀਰ ਛੱਡਣ ਦੀ ਕਿਰਿਆ ਦਾ ਅਭਿਆਸ ਕਰਦੇ ਹਨ ਜਿਸ ਨਾਲ ਉਹ ਮਰਨ ਦੇ ਡਰ ਤੋਂ ਮੁਕਤ ਰਹਿੰਦੇ ਹਨ ਕਿਉਂਕਿ ਉਨ੍ਹਾਂ ਨੇ ਇਸ ਜੀਵਨ ਤੇ ਅਗਲੇ ਸੰਸਾਰ ਵਿਚ ਪੁਲ ਬਣਾ ਲਿਆ ਹੈ ਜੋ ਦੂਸਰੇ ਨਹੀਂ ਕਰ ਸਕੇ। ਜਿਹੜੇ ਅਜੇ ਮੈਡੀਟੇਸ਼ਨ ਵਿਚ ਨਿਪੁੰਨ ਨਹੀਂ ਹੋਏ, ਅਜੇ ਬਹੁਤ ਅੱਗੇ ਨਹੀਂ ਪਹੁੰਚੇ। ਉਹ ਸਮਝ ਹੀ ਨਹੀਂ ਸਕਦੇ, ਜਾਣ ਹੀ ਨਹੀਂ ਸਕਦੇ। ਉਹ ਸੇਤੂ ਬਣਾਨ ਦੀ ਤਕਨੀਕ ਨੂੰ ਨਹੀਂ ਜਾਣਦੇ। ਇਸ ਨਾਲ ਉਹ ਉਨਤ ਤਕਨੀਕ ਤੋਂ ਵਾਂਝੇ ਰਹਿ ਜਾਂਦੇ ਹਨ, ਉਹ ਯੋਗ ਵਿਗਿਆਨ ਦੀ ਇਸ ਤਕਨੀਕ ਨੂੰ ਨਹੀਂ ਜਾਣਦੇ ਜੋ ਕਿ ਆਪਣੇ ਆਪ ਵਿਚ ਸੰਪੂਰਣ ਹੈ। ਇਸ ਸਲੋਕ ਨਾਲ ਜਾਗ੍ਰਤੀ ਆਉਂਦੀ ਹੈ, ਮਨ ਤੇ ਹਿਰਦੇ ਵਿਚ ਜਗਿਆਸੂ ਨੂੰ ਇਸ ਗੱਲ ਦਾ ਅਹਿਸਾਸ ਹੁੰਦਾ ਹੈ, ਸੋਝੀ ਆਉਂਦੀ ਹੈ ਕਿ ਉਹ ਬ੍ਰਹਮਾ ਦੇ ਅਧਿਆਤਮ ਮਾਰਗ ਤੇ ਚਲ ਰਹੇ ਹਨ, ਉਹ ਮਾਰਗ ਜਿਹੜਾ ਆਤਮ-ਸਿੱਧੀ ਦਾ ਮਾਰਗ ਹੈ।

## ਸਲੋਕ ਪੰਜਵਾਂ

ਮਨ, ਪਰਾਣ ਤੇ ਹੋਰ ਤੱਤ, ਕਾਲ, ਧਰਤੀ ਪੁਲਾੜ ਸਭ ਉਸ ਨੇ ਹੀ ਥਮੇ ਹੋਏ ਹਨ। ਓਸੇ ਨੂੰ ਹੀ ਜਾਣੋ, ਹੋਰ ਕਿਸੇ ਨੂੰ ਜਾਨਣ ਦੀ ਲੋੜ ਨਹੀਂ, ਕੇਵਲ ਉਸ ਨੂੰ ਹੀ ਜਾਣੋ, ਉਸੇ ਦੀ ਹੀ ਗੱਲ ਕਰੋ, ਇਹ ਗਿਆਨ ਹੀ ਅਮਰ ਹੋਣ ਦਾ ਰਾਹ ਹੈ।

ਜਦੋਂ ਜਗਿਆਸੂ ਦਾ ਮਨ ਧਿਆਨ ਲਗਾ ਕੇ ਮੈਡੀਟੇਸ਼ਨ ਕਰਕੇ ਸ਼ੁਧ ਹੋ ਜਾਂਦਾ ਹੈ ਉਸ ਨੂੰ ਸੰਸਾਰਕ ਚੀਜ਼ਾਂ ਨਹੀਂ ਖਿੱਚਦੀਆਂ, ਉਸ ਦਾ ਧਿਆਨ ਇਨ੍ਹਾਂ ਵਲ ਨਹੀਂ ਜਾਂਦੇ। ਉਹ ਸੰਸਾਰਕ ਮੋਹ ਤੋਂ ਮੁਕਤ ਹੋ ਜਾਵਾਂ। ਜਦੋਂ ਸਿਖਿਆ ਦੇਣ ਵਾਲਾ ਆਪ ਬ੍ਰਹਮ ਚੇਤਨ ਤਕ ਪਹੁੰਚ ਜਾਂਦਾ ਹੈ, ਉਹ ਆਪਣੇ ਸ਼ਿਸ਼ ਨੂੰ ਉਹ ਸਭ ਕੁਝ ਦਾ ਤਿਆਗ ਕਰਨ ਲਈ ਤਿਆਰ ਕਰ ਲੈਂਦਾ ਹੈ ਜੋ ਬੇਅਰਥ ਹੈ, ਜੋ ਕੇਵਲ ਸੰਸਾਰਕ ਹੈ। ਉਹ ਆਪਣੇ ਸ਼ਿਸ਼ ਨੂੰ ਜਗਿਆਸੂ ਨੂੰ ਕੇਵਲ ਮੈਡੀਟੇਸ਼ਨ ਕਰਨ ਲਈ ਹੀ ਕਹਿੰਦਾ ਹੈ, ਧਿਆਨ ਲਗਾਣ ਲਈ ਹੀ ਕਹਿੰਦਾ ਹੈ ਕੇਵਲ ਬ੍ਰਹਮ ਤੇ ਧਿਆਨ ਲਗਾਣ ਲਈ।

ਕੇਵਲ ਬ੍ਰਹਮਾ ਵਿਚ ਹੀ ਸਵਰਗ, ਧਰਤੀ, ਪੁਲਾੜ ਦੀਆਂ ਵੱਖ-ਵੱਖ ਪਰਤਾਂ ਹਨ। ਮਨ, ਮਨ ਦੀਆਂ ਸ਼ੁਧੀਆਂ, ਸੰਵੇਗ, ਇੰਦ੍ਰੀਆਂ, ਸਭ ਮਨ ਵਿਚ ਹੀ ਤਾਂ ਹੈ। ਜਗਿਆਸੂ ਛੇਤੀ ਹੀ ਸਮਝ ਜਾਂਦਾ ਹੈ ਕਿ ਸ਼ੁਧ ਆਤਮਾ ਨੂੰ ਜਾਨਣਾ, ਜਾਣ ਲੈਣਾ ਕਿੰਨਾ ਜ਼ਰੂਰੀ ਹੈ। ਉਸ ਜਾਨਣ ਤੋਂ ਬਾਅਦ, ਬਾਕੀ ਕਿਸੇ ਛਿਨਭੰਗਰ ਨੂੰ ਜਾਨਣ ਦੀ ਲੋੜ ਹੀ ਨਹੀਂ ਰਹਿੰਦੀ।

ਜਗਿਆਸੂ ਨੂੰ ਇਹ ਚੰਗੀ ਤਰ੍ਹਾਂ ਸਮਝਾ ਦਿਤਾ ਜਾਂਦਾ ਹੈ ਕਿ ਬਾਣੀ ਤੇ ਪੂਰਾ-ਪੂਰਾ ਕਾਬੂ ਰੱਖੇ, ਬਾਣੀ ਦੀ ਵਰਤੋਂ ਘੱਟ ਤੋਂ ਘੱਟ ਤੇ ਠੀਕ ਤੇ ਚੰਗੇ ਤਰੀਕੇ ਨਾਲ ਹੀ ਕੀਤੀ ਜਾਵੇ। ਬਾਕੀ ਸਭ ਕੁਝ ਬੋਲਣਾ ਛੱਡਣ ਤੋਂ ਭਾਵ ਹੈ ਕਿ ਕੇਵਲ ਬ੍ਰਹਮਾ ਨਾਲ ਹੀ ਗੱਲਬਾਤ ਹੈ। ਜਗਿਆਸੂ ਸਤਿਸੰਗ ਕਰੇ, ਮਹਾਂਪੁਰਖ ਸਾਧੂਆਂ ਦੀ ਸਾਥ ਕਰੇ ਉਨ੍ਹਾਂ ਨਾਲ ਬਚਨ ਬਿਲਾਸ ਕਰੇ। ਇਸ ਤਰ੍ਹਾਂ ਕਰਨ ਨਾਲ ਬ੍ਰਹਮ ਚੇਤਨਤਾ ਵਿਚ ਵਾਧਾ ਹੁੰਦਾ ਹੈ। ਅਧਿਆਪਕ ਨਾਲ ਵੀ ਜਿਹੜਾ ਗੱਲਬਾਤ ਹੋਵੇ ਉਹ ਵੀ ਕੇਵਲ ਬ੍ਰਹਮਾ ਬਾਰੇ ਹੀ ਹੋਵੇ, ਸੰਸਾਰਕ ਗੱਲਬਾਤ ਕੋਈ ਵੀ ਨਹੀਂ ਹੁੰਦੀ।

ਕਿਸੇ ਵੀ ਜਗਿਆਸੂ ਲਈ ਬਹੁਤਾ ਬੋਲਣਾ ਠੀਕ ਨਹੀਂ, ਦੇਖਿਆ ਜਾਵੇ ਬਹੁਤਾ ਬੋਲਣਾ ਜੀਵਨ ਦੇ ਕਿਸੇ ਵੀ ਪੱਖ ਤੋਂ ਠੀਕ ਨਹੀਂ। ਜਿਹੜੇ ਬਹੁਤਾ ਬੋਲਦੇ ਹਨ ਉਹ ਫਾਲਤੂ ਹੀ ਬੋਲਦੇ ਹਨ, ਜਿਸ ਦਾ ਕੋਈ ਮਤਲਬ ਹੀ ਨਹੀਂ ਹੁੰਦਾ। ਜਗਿਆਸੂ ਨੂੰ ਇਹ ਹੀ ਕਿਹਾ ਜਾਂਦਾ ਹੈ ਕਿ ਉਹ ਬੋਲ ਕੇ ਆਪਣੀ ਸ਼ਕਤੀ ਨਾ ਗੁਆਵੇ, ਸਾਰੇ ਵਾਧੂ ਕਰਮ ਛੱਡੇ ਜਿਵੇਂ ਕਿ ਚੌਥੇ ਸਲੋਕ ਵਿਚ ਦਸਿਆ ਗਿਆ ਹੈ। ਮਨ ਵਿਚ ਕੋਈ ਚੰਗੀ ਗੱਲ ਰਹਿਣੀ ਚਾਹੀਦੀ ਹੈ। ਚੰਗੇ ਸੁਹਿਰਦ ਨਿਸ਼ਕਪਟ ਜਗਿਆਸੂ ਲਈ ਬ੍ਰਹਮਾ ਦੇ ਨਾਮ ਤੋਂ ਬਿਨਾਂ ਹੋਰ ਕਿਹੜੀ ਚੰਗੀ ਗੱਲ ਹੋ ਸਕਦੀ ਹੈ।

ਆਤਮਾ ਸਾਰੇ ਜੀਵਾਂ ਦੇ ਅੰਦਰ ਵਸਦੀ ਹੈ, ਮੈਡੀਟੇਸ਼ਨ ਦਾ ਕੇਂਦਰ ਬਿੰਦੂ ਕੇਵਲ ਆਤਮਾ ਹੀ ਹੈ, ਹੋਰ ਕੋਈ ਨਹੀਂ। ਕੋਈ ਰੰਗ, ਕੋਈ ਲਾਈਟ ਨਹੀਂ।

ਬਹੁਤ ਵਾਰੀ ਜਦੋਂ ਮੈਡੀਟੇਸ਼ਨ ਵਿਚ ਇਕ ਕੋਈ ਬਿੰਦੂ ਵਧੇਰੇ ਅੱਗੇ ਆ ਜਾਂਦਾ ਉਸ ਦਾ ਪ੍ਰਭਾਵ ਮਨ ਤੇ ਪੈਣ ਲਗ ਜਾਂਦਾ ਹੈ ਤੇ ਉਹ ਵੱਖ-ਵੱਖ ਲਾਈਟ ਜਾਂ ਰੰਗ ਵਿਚ ਅੱਗੇ ਆਉਂਦਾ ਹੈ। ਇਹੋ ਜਿਹੇ ਅਨੁਭਵਾਂ ਨੂੰ ਛੱਡ ਦੇਣਾ ਚਾਹੀਦਾ ਹੈ। ਇਨ੍ਹਾਂ ਦਾ ਕੋਈ ਅਰਥ ਨਹੀਂ। ਇਹ ਐਵੇਂ ਹੀ ਹਨ ਇਨ੍ਹਾਂ ਦਾ ਆਤਮ ਮਾਰਗ ਨਾਲ ਕੋਈ ਸਬੰਧ ਨਹੀਂ, ਕੋਈ ਅਨੁਭਵ ਜਿਹੜਾ ਮਨੋਨਿਸ਼ਚਾਵਾਦ ਦੇ ਹਨ ਉਨ੍ਹਾਂ ਦਾ ਕੋਈ ਅਰਥ ਨਹੀਂ, ਆਤਮ ਮਾਰਗ ਦੇ ਅਨੁਭਵ ਹੀ ਸੱਚੇ ਅਨੁਭਵ ਹਨ। ਜਿਹੜੇ ਆਤਮਾ ਤੱਕ ਪਹੁੰਚਣ ਦੀ ਸੱਚੀ ਚੇਸ਼ਟਾ, ਸੱਚਾ ਯਤਨ ਕਰਦੇ ਹਨ ਉਹ ਅਗਿਆਨ ਤੋਂ ਪਰ੍ਹੇ ਹੋ ਜਾਂਦੇ ਹਨ, ਅਵਿਦਿਆ ਤੋਂ ਹਟ ਜਾਂਦੇ ਹਨ। ਇਹ ਅਨੁਭਵ ਤੇ ਗਿਆਨ ਜਗਿਆਸੂ ਲਈ ਦੁਖਦਾਈ ਹੋ ਸਕਦਾ ਹੈ। ਕੋਈ ਵੀ ਅੰਦਾਜ਼ਾ ਜਾਂ ਅੰਤਰ ਗਿਆਨ ਇਥੋਂ ਹੀ ਹੁੰਦੇ ਹਨ ਤੇ ਆਮ ਤੌਰ ਤੇ ਜਗਿਆਸੂ ਨੂੰ ਨਵੇਂ ਅਨੁਭਵ ਦਿੰਦੇ ਹਨ। ਇਹੋ ਜਿਹੇ ਅਨੁਭਵ ਜੋ ਅਗਿਆਨ ਤੋਂ ਆਉਂਦੇ ਹੋਣ ਜਾਂ ਮਨੋਨਿਸ਼ਚੇਵਾਦ ਤੋਂ ਆਉਂਦੇ ਹੋਣ ਜਾਂ ਹੋਰ ਕਿਸੇ ਜੀਵਨ ਪੱਧਰ ਤੋਂ ਆਉਂਦੇ ਹੋਣ ਉਨ੍ਹਾਂ ਨੂੰ ਛੱਡ ਦੇਣਾ ਚਾਹੀਦਾ ਹੈ। ਜਗਿਆਸੂ ਲਈ ਇਹ ਹਾਨੀਕਾਰਕ ਹੋ ਸਕਦੇ ਹਨ।

ਕੇਵਲ ਆਤਮ ਗਿਆਨ ਹੀ ਮਨੁੱਖ ਨੂੰ ਠੀਕ ਸ਼ਕਤੀ ਦੇ ਸਕਦਾ ਹੈ, ਇਹ ਗਿਆਨ ਹੀ ਇਹ ਸ਼ਕਤੀ ਹੀ ਮਨੁੱਖ ਨੂੰ ਅਵਿਦਿਆ ਤੋਂ, ਅਗਿਆਨ ਤੋਂ ਛੁਟਕਾਰਾ ਦੁਆ ਸਕਦਾ ਹੈ। ਆਤਮਾ ਨੂੰ ਜਾਣ ਕੇ ਹੀ ਚੌਰਾਸੀ ਦੇ ਗੇੜ ਤੋਂ ਛੁਟਕਾਰਾ ਮਿਲ ਸਕਦਾ ਹੈ। ਸਰੀਰ ਦਾ ਸੁਭਾਅ ਹੈ ਮਰਨਾ, ਮਨ ਦਾ ਸੁਭਾਅ ਹੈ ਇੱਛਾ ਰੱਖਣੀ, ਇੱਛਾ ਹੀ ਦੁਬਾਰਾ ਜਨਮ ਦਾ ਕਾਰਣ ਹੈ, ਇਨ੍ਹਾਂ ਦੋਨੋਂ ਆਦਤਾਂ ਤੋਂ ਛੁਟਕਾਰਾ ਪਾਉਣ ਲਈ ਆਤਮਾ ਤਕ ਪਹੁੰਚਣਾ ਜ਼ਰੂਰੀ ਹੈ।

ਜਦੋਂ ਜਗਿਆਸੂ ਸੱਚੇ ਦਿਲ ਨਾਲ ਯਤਨ ਕਰ ਲੈਂਦਾ ਹੈ ਤੇ ਗੁਰੂ ਕ੍ਰਿਪਾ ਹੋ ਜਾਂਦੀ ਹੈ, ਗੁਰੂ ਪ੍ਰਸਾਦਿ ਮਿਲ ਜਾਂਦਾ ਹੈ। ਗੁਰੂ ਕ੍ਰਿਪਾ ਤੇ ਗੁਰ ਪ੍ਰਸਾਦਿ ਦੋ ਇਹੋ ਜਿਹੀਆਂ ਬਖਸ਼ਿਸ਼ਾਂ ਹਨ ਜਿਨ੍ਹਾਂ ਨੂੰ ਬਹੁਤ ਹੀ ਘੱਟ ਲੋਕੀ ਸਮਝਦੇ ਹਨ। ਲੋਕੀ ਕ੍ਰਿਪਾ ਨੂੰ ਕੇਵਲ ਆਮ ਅਸ਼ੀਰਵਾਦ ਹੀ ਸਮਝਦੇ ਹਨ ਤੇ ਕਹਿ ਦਿੰਦੇ ਹਨ ਮੇਰਾ ਅਸ਼ੀਰਵਾਦ ਤੇਰੇ ਨਾਲ ਹੈ, ਜਾ ਕਹਿ ਦਿੰਦੇ ਹਨ ਪ੍ਰਮਾਤਮਾ ਮਿਹਰ ਕਰੇ। ਇਨ੍ਹਾਂ ਸ਼ਬਦਾਂ ਦਾ ਉਦੋਂ ਤਕ ਕੋਈ ਅਰਥ ਨਹੀਂ, ਜਦੋਂ ਤਕ ਤੁਸੀਂ ਆਪਣੀ ਡੀਊਟੀ ਮਿਹਨਤ ਨਾਲ ਵਫਾਦਾਰੀ ਨਾਲ ਨਾ ਕੀਤੀ ਹੋਵੇ। ਇਹੋ ਜਿਹਾ ਜਗਿਆਸੂ ਮਹਾਂਪੁਰਖ ਜਿਹੜਾ ਆਪਣੇ ਸ਼ਿਸ਼ਾਂ ਤੇ ਮਿਹਰ ਕਰ ਸਕਦਾ ਹੈ ਉਸ ਉਤੇ ਸੰਤਾਂ ਦੀ, ਮਹਾਂਪੁਰਖਾਂ ਦੀਆਂ ਅਸੀਸਾਂ ਦੀਆਂ ਮਿਹਰਾਂ ਹੁੰਦੀਆਂ ਹਨ ਉਹ ਉਨ੍ਹਾਂ ਦਾ ਅਧਿਕਾਰੀ ਬਣ ਜਾਂਦਾ ਹੈ। ਵਾਹਿਗੁਰੂ ਇਹੋ ਜਿਹੇ ਜਗਿਆਸੂਆਂ ਤੇ ਕ੍ਰਿਪਾ ਕਰਦਾ ਹੈ, ਮਿਹਰ ਕਰਦਾ ਹੈ।

ਦੋ ਸ਼ਕਤੀਆਂ ਦਾ ਅਨੁਭਵ ਹੁੰਦਾ ਹੈ ਜਦੋਂ ਤੁਸੀਂ ਸਤਿ ਦੇ ਰਾਹ ਤੇ ਚਲਦੇ ਹੋ। ਇਕ ਉਹ ਸ਼ਕਤੀ ਜਿਹੜੀ ਤੁਹਾਨੂੰ ਉਪਰ ਉਚਾਈ ਤੇ ਲੈ ਜਾਂਦੀ ਹੈ, ਦੂਸਰੀ ਤੁਹਾਨੂੰ ਹੇਠਾਂ ਖਿਚਦੀ ਹੈ। ਚੜ੍ਹਦੀ ਕਲਾ ਲਈ ਜਗਿਆਸੂ ਨੂੰ ਚਾਹੀਦਾ ਹੈ ਕਿ ਹੋਰ ਲਗਨ ਤੇ ਮਿਹਨਤ ਕਰੇ, ਇਸ ਤੋਂ ਭਾਵ ਹੈ ਕਿ ਗੁਰੂ ਕ੍ਰਿਪਾ ਬੇਅੰਤ ਹੋ ਰਹੀ ਹੈ, ਪਰ ਇਹ ਉਨ੍ਹਾਂ ਉਤੇ ਹੀ ਹੁੰਦੀ ਹੈ ਜਿਹੜੇ ਸੱਚੇ ਤਰੀਕੇ ਨਾਲ ਸੁਹਿਰਦਤਾ ਨਾਲ ਨਿਸ਼ਠਾ ਨਾਲ ਲੱਗੇ ਰਹਿੰਦੇ ਹਨ। ਮਨ, ਬਚਨ, ਕਰਮਾਂ ਤੇ ਪੂਰਾ ਪਹਿਰਾ ਦਿੰਦੇ ਹਨ।

ਵਾਸਤਵ ਵਿਚ ਸਾਡੇ ਤੇ ਕ੍ਰਿਪਾ ਹਰ ਪਾਸਿਓ ਹੁੰਦੀ ਹੈ ਪ੍ਰਮਾਤਮਾ ਦੀ ਕ੍ਰਿਪਾ, ਗੁਰੂ ਕ੍ਰਿਪਾ ਤੇ ਗ੍ਰੰਥ ਦੀ ਕ੍ਰਿਪਾ ਜਿਹੜਾ ਵੀ ਗ੍ਰੰਥ ਤੁਸੀਂ ਪੜ੍ਹਦੇ ਹੋ ਜਿਸ ਉਤੇ ਨਿਸ਼ਠਾ ਰਖਦੇ ਹੋ। ਚੌਥੀ ਕ੍ਰਿਪਾ ਹੈ ਤੁਹਾਡੀ ਆਪਣੀ ਕ੍ਰਿਪਾ। ਇਸ ਤੋਂ ਭਾਵ ਹੈ ਜਦੋਂ ਤੁਹਾਡਾ ਅੰਤਰ ਤੁਹਾਡੇ ਕੀਤੇ ਨੂੰ ਮੰਨੇ, ਠੀਕ ਕਥਨ, ਤੁਹਾਡੀ ਬਾਣੀ ਠੀਕ ਹੋਵੇ ਤੁਹਾਡੇ ਵਿਚਾਰ, ਤੁਹਾਡੇ ਅਧਿਆਤਮ ਅਭਿਆਸ ਠੀਕ ਹੋਣ, ਫੇਰ ਤੁਹਾਡੇ ਅੰਦਰੋਂ ਹੀ ਅਨੰਦ ਉਠਦਾ ਹੈ, ਉਹ ਅਨੰਦ ਹੀ ਤੁਹਾਡੇ ਉਤੇ ਤੁਹਾਡੀ ਆਪਣੀ ਕ੍ਰਿਪਾ ਹੈ ।

## ਸਲੋਕ ਛੇਵਾਂ

ਜਿਵੇਂ ਰਥ ਦੇ ਪਹੀਏ ਦੇ ਸਪੋਕ ਨੂੰ ਰੱਬ ਨੇ ਪਕੜਿਆ ਹੋਇਆ ਹੈ ਇਸੇ ਤਰ੍ਹਾਂ ਸਾਰੀਆਂ ਸਰੀਰ ਦੀਆਂ ਨਾੜੀਆਂ ਨੂੰ ਹਿਰਦੇ ਨੇ ਪਕੜਿਆ ਹੋਇਆ ਹੈ, ਹਿਰਦੇ ਤੋਂ ਫੇਰ ਵੱਖ-ਵੱਖ ਜਗ੍ਹਾ ਜਾਂਦੀਆਂ ਹਨ ਇਸ ਤਰ੍ਹਾਂ ਓਮ ਤੇ ਮੈਡੀਟੇਸ਼ਨ ਕਰਕੇ, ਭਾਵ ਆਪਣੇ ਤੇ ਮੈਡੀਟੇਸ਼ਨ ਕਰਕੇ ਤੁਸੀਂ ਦੂਸਰੇ ਕੰਢੇ ਤੇ ਪਹੁੰਚ ਜਾਂਦੇ ਹੋ, ਓਮ ਤੇ ਮੈਡੀਟੇਸ਼ਨ ਕਰੋ।

ਇਹ ਸਲੋਕ ਬਹੁਤ ਰੌਚਕ ਹੈ ਤੇ ਬੜਾ ਡੂੰਘਾ ਹੈ 'ਓਮ' ਦਾ ਅਰਥ ਸਮਝਣ ਤੋਂ ਬਾਅਦ ਉਸ ਦੀ ਡੂੰਘਾਈ ਤਕ ਜਾਣ ਤੋਂ ਬਾਅਦ, ਮੈਡੀਟੇਸ਼ਨ ਕਰਕੇ ਧਿਆਨ ਲਗਾ ਕੇ, ਆਤਮਾ ਬਹੁਭਾਂਤੀ ਹੋ ਜਾਂਦੀ ਹੈ। ਬਹੁਗੁਣੀ ਹੋ ਜਾਂਦੀ ਹੈ। ਇਸ ਤਰ੍ਹਾਂ ਹੀ ਗ੍ਰੰਥਾਂ ਵਿਚ ਲਿਖਿਆ ਹੈ, ਆਤਮਾ ਦਾ ਵਾਸਾ ਹਿਰਦੇ ਦੇ ਅੰਦਰ ਹੈ। ਜੇ ਕਿਤੇ ਤੁਸੀਂ ਸ਼ਿਵਾਲੇ ਜਾਓ, ਤੁਸੀਂ ਦੇਖੋਗੇ ਕਿ ਮੰਦਰ ਇਕ ਪ੍ਰਤੀਕ ਹੈ ਹਿਰਦੇ ਦਾ ਪ੍ਰਤੀਕ। ਮੰਦਰ ਦੇ ਅੰਦਰ ਲਿੰਗ ਦੀ ਸਥਾਪਨਾ ਹੈ ਜਿਸ ਦੇ ਉਪਰ ਸਦਾ ਪਾਣੀ ਰਖਿਆ ਰਹਿੰਦਾ ਹੈ। ਉਹ ਬੂੰਦ-ਬੂੰਦ ਕਰਕੇ ਲਿੰਗ ਤੇ ਡਿਗਦਾ ਰਹਿੰਦਾ ਹੈ ਤੇ ਉਸ ਵਿਚ ਟੱਪ-ਟੱਪ ਦੀ ਆਵਾਜ਼ ਆਉਂਦੀ ਰਹਿੰਦੀ, ਬਿਲਕੁਲ ਇਹ ਹੀ ਆਵਾਜ਼ ਹਿਰਦੇ ਦੀ ਧੜਕਨ ਦੀ ਹੈ।

ਮਨੁੱਖ ਦੇ ਸਰੀਰ ਵਿਚ ਜੇ ਇਹ ਆਵਾਜ਼ ਘਟ ਜਾਏ ਤਾਂ ਉਸ ਤੋਂ ਇਹ ਪਤਾ ਲਗਦਾ ਹੈ ਕਿ ਸਰੀਰ ਢਿੱਲਾ ਹੈ, ਕੋਈ ਗੜਬੜ ਹੈ। ਮਨੁੱਖ ਦੀ ਮੌਤ ਹਿਰਦੇ ਦੀ ਗਤੀ ਬੰਦ ਹੋਣ ਨਾਲ ਹੀ ਹੁੰਦੀ ਹੈ। ਸਾਰੀਆਂ ਨਾੜੀਆਂ ਸਾਫ ਖ਼ੂਨ ਵਾਲੀਆਂ ਵੀ, ਗੰਦੇ ਖ਼ੂਨ ਵਾਲੀਆਂ ਵੀ ਸਾਰੀਆਂ ਹਿਰਦੇ ਵਿਚ ਹੀ ਜਾ ਕੇ ਮਿਲਦੀਆਂ ਹਨ। ਉਹ ਆਪਣਾ-ਆਪਣਾ ਕਾਰਜ ਕਰਦੀਆਂ ਹਨ, ਗੰਦੇ ਖ਼ੂਨ ਵਾਲੀਆਂ, ਗੰਦਾ ਖ਼ੂਨ ਹਿਰਦੇ ਵਿਚ ਲੈ ਕੇ ਜਾਂਦੀਆਂ ਹਨ, ਸਾਫ ਖ਼ੂਨ ਵਾਲੀਆਂ, ਸਾਫ ਕੀਤੇ ਖ਼ੂਨ ਨੂੰ ਵਾਪਸ ਸਰੀਰ ਵਿਚ ਲੈ ਕੇ ਜਾਂਦੀਆਂ ਹਨ। ਇਨ੍ਹਾਂ ਦਾ ਕੰਮ ਹੈ ਹਿਰਦੇ ਨੂੰ ਸ਼ੁੱਧ ਕਰਨਾ ਤੇ ਉਸ ਨੂੰ ਪ੍ਰਫੁਲਿਤ ਕਰਨਾ। ਓਮ ਤੇ ਮੈਡੀਟੇਸ਼ਨ ਕਰਕੇ ਜਗਿਆਸੂ ਬਿਲਕੁਲ ਇਕ ਵਖਰੇ ਅਨੁਭਵ ਤੇ ਪਹੁੰਚ ਜਾਂਦਾ ਹੈ। ਅਗਿਆਨ ਅਵਸਥਾ ਨੂੰ ਪਾਰ ਕਰ ਲੈਂਦਾ ਹੈ।

ਯੋਗ ਵਿਗਿਆਨ ਵਿਚ ਇਸ ਨੂੰ ਹੋਰ ਚੰਗੀ ਤਰ੍ਹਾਂ ਨਾਲ ਸਮਝਾਇਆ ਗਿਆ ਹੈ, ਇਸ ਦੀ ਵਿਆਖਿਆ ਕੀਤੀ ਗਈ ਹੈ। ਅਨਾਹਤ ਚੱਕਰ ਜਿਹੜਾ ਹਿਰਦੇ ਦੇ ਕੋਲ ਹੈ ਉਪਰ ਤੇ ਹੇਠਾਂ ਦੇ ਸਰੀਰ ਦੇ ਬਿਲਕੁਲ ਅੱਧ ਵਿਚ ਹੈ। ਬਾਕੀ ਤਿੰਨ ਚੱਕਰ ਉਪਰ ਹਨ, ਤਿੰਨ ਚੱਕਰ ਥੱਲੇ ਹਨ। ਅਨਾਹਦ ਚੱਕਰ ਤੇ ਧਿਆਨ ਲਗਾਉਣ ਲਈ ਖਾਸ ਕਰਕੇ ਉਨ੍ਹਾਂ ਨੂੰ ਕਿਹਾ ਗਿਆ ਹੈ ਜਿਹੜੇ ਵਧੇਰੇ ਭਾਵੁਕ ਹੋਣ, ਜਿਸ ਤੋਂ ਭਾਵ ਹੈ ਉਹ ਆਪਣੇ ਸੰਵੇਗਾਂ ਤੇ ਭਾਵਾਂ ਤੇ ਵਧੇਰੇ ਕਾਬੂ ਪਾ ਸਕਣ ਤੇ ਨਾਲ ਹੀ ਆਪਣੀ ਸੁਸਤੀ ਤੇ ਕਾਬੂ ਪਾ ਸਕਣ। ਆਪਣੀ ਨੀਂਦ ਤੇ ਕਾਬੂ ਪਾ ਸਕਣ। ਜਿਹੜੇ ਅਜੇ ਮੈਡੀਟੇਸ਼ਨ ਸ਼ੁਰੂ ਕਰਦੇ ਹਨ ਉਹ ਛੇਤੀ ਸੌਂ ਜਾਂਦੇ ਹਨ, ਉਨ੍ਹਾਂ ਨੂੰ ਥੋੜ੍ਹੀ ਦੇਰ ਵਿਚ ਹੀ ਨੀਂਦ ਆ ਜਾਂਦੀ ਹੈ।

ਛੇਵੇਂ ਸਲੋਕ ਵਿਚ ਗੁਰੂ ਮੈਡੀਟੇਸ਼ਨ ਕਰਨ ਲਈ ਉਤਸ਼ਾਹ ਦਿੰਦਾ ਹੈ ਕਿਉਂਕਿ ਉਹ ਇਕ ਗੋਲ ਤੇ ਪਹੁੰਚ ਚੁੱਕਾ ਹੈ। ਉਸ ਨੇ ਉਹ ਸਟੇਜ ਪਾਰ ਕਰ ਲਈ ਹੈ ਉਸ ਨੂੰ ਇਸ ਸਭ ਕੁਝ ਦਾ ਗਿਆਨ ਹੈ ਤੇ ਜਗਿਆਸੂ ਉਸ ਗਿਆਨ ਤੋਂ ਲਾਭ ਲੈ ਕੇ ਗਿਆਨ ਪ੍ਰਾਪਤ ਕਰ ਸਕਦਾ ਹੈ।

## ਸਲੋਕ ਸੱਤਵਾਂ

ਉਹ ਸਰਬ ਗਿਆਨ ਹੈ, ਉਹ ਹੀ ਸਾਰੇ ਵਿਗਿਆਨ ਦਾ ਸਰੋਤ ਹੈ, ਉਸ ਦਾ ਹੀ ਸਾਰਾ ਹੁਕਮ ਵਰਤਦਾ ਹੈ, ਸਾਰੇ ਉਸ ਦੇ ਹੁਕਮ ਦੇ ਹੀ ਬੱਧੇ ਹੋਏ ਹਨ, ਚਾਹੇ ਉਹ ਬ੍ਰਹਮਾ ਦਾ, ਬ੍ਰਹਮ ਲੋਕ ਹੈ ਚਾਹੇ ਹਿਰਦੇ ਦੇ ਅੰਦਰ ਆਤਮਾ ਦਾ ਵਾਸਾ ਹੈ, ਜੋ ਵੀ ਹੈ ਹੁਕਮ ਉਸ ਦਾ ਹੀ ਹੈ। ਉਸ ਹੁਕਮ ਦਾ ਪ੍ਰਗਟਾਵਾ ਮਨ ਰਾਹੀਂ ਹੈ, ਪ੍ਰਾਣਾਂ ਰਾਹੀਂ ਹੈ, ਉਹ ਹੀ ਸਰੀਰ ਦੇ ਸਾਰੇ ਕਾਰਜ ਨੂੰ ਚਲਾਉਂਦਾ ਹੈ। ਉਸ ਦਾ ਵਾਸਾ ਭਾਵੇਂ ਹਿਰਦੇ ਵਿਚ ਹੈ ਪਰ ਉਹ ਸਾਰੇ ਸਰੀਰ ਵਿਚ ਉਸ ਦਾ ਪਸਾਰਾ ਹੈ। ਉਸ ਇਕ ਦਾ ਗਿਆਨ ਪ੍ਰਾਪਤ ਕਰਕੇ ਉਸ ਪ੍ਰਮਾਤਮਾ ਨੂੰ ਜਾਣ ਕੇ ਜਗਿਆਸੂ ਪਰਮ ਸਤਿ ਤਕ ਪਹੁੰਚ ਜਾਂਦਾ ਹੈ।

ਇਸ ਸਲੋਕ ਵਿਚ ਅਨਾਹਦ ਚੱਕਰ ਤੇ ਮੈਡੀਟੇਸ਼ਨ ਕਰਨ ਦੀ ਡੂੰਘੀ ਮਹੱਤਤਾ ਦੱਸੀ ਗਈ ਹੈ। ਅੰਤਰ ਆਤਮਾ ਅੰਦਰ ਵਸਦੀ ਆਤਮਾ, ਜੋ ਸਭ ਕੁਝ ਜਾਣਦੀ ਹੈ ਉਹ ਇਕ ਬਹੁਤ ਪ੍ਰਭਾਵਸ਼ਾਲੀ ਮਹਿਮਾ ਭਰਪੂਰ ਹੈ, ਉਸ ਦੀ ਸਾਨ ਸਾਰੇ ਜਗਤ ਵਿਚ ਪਸਰੀ ਹੈ। ਬ੍ਰਹਮਾ ਸਭ ਗਿਆਨ ਹੈ, ਸਰਬੱਗ ਹੈ। ਬ੍ਰਹਮਾ ਹੀ ਸਭ ਕੁਝ ਦਾ ਸਰੋਤ ਹੈ ਮਨ, ਆਕਾਰ, ਸਭ ਕੁਝ ਬ੍ਰਹਮਾ ਹੀ ਸਰੀਰ ਦੇ ਅੰਦਰ ਹੈ ਸਰੀਰ ਦਾ ਸੰਚਾਲਕ ਹੈ, ਇੰਦ੍ਰੀਆਂ ਦਾ ਸੰਚਾਲਕ ਹੈ।

ਬ੍ਰਹਮਾ ਦਾ ਵਾਸਾ ਤੁਹਾਡੇ ਹਿਰਦੇ ਵਿਚ ਹੈ, ਇਥੇ ਹੀ ਅਜਰ, ਅਟੱਲ, ਅਮਰ ਆਤਮਾ ਦਾ ਨਿਵਾਸ ਹੈ, ਉਹ ਹੀ ਇਕ ਤੁਹਾਡਾ ਲਿਸ਼ਕਦਾ, ਚਮਕਦਾ ਆਪਾ ਹੈ, ਆਤਮਾ ਹੈ। ਅਨਾਹਦ ਚੱਕਰ ਨੂੰ ਬ੍ਰਹਮਪੁਰੀ ਵੀ ਕਹਿੰਦੇ ਹਨ। ਜਦੋਂ ਅਸੀਂ ਹਿਰਦੇ ਬਾਰੇ ਇਹ ਸਭ ਕੁਝ ਕਹਿ ਰਹੇ ਹਾਂ ਇਸ ਦਾ ਭਾਵ ਸਰੀਰਕ ਹਿਰਦੇ ਤੋਂ ਨਹੀਂ ਹੈ, ਸਰੀਰਕ ਹਿਰਦੇ ਵੀ ਇਕ ਸੂਖਮ ਸ਼ਕਤੀ ਨਾਲ ਹੀ ਚੱਲ ਰਿਹਾ ਹੈ, ਇਹ ਸ਼ਕਤੀ ਅਨਾਹਦ ਚੱਕਰ ਵਿਚ ਵਸਦੀ ਹੈ ਤੇ ਅਨਾਹਦ ਚੱਕਰ ਸਾਡੀ ਛਾਤੀ ਦੇ ਮੱਧ ਵਿਚ ਹੈ।

ਗੁਰੂ ਆਪਣੇ ਸ਼ਿਸ਼ ਨੂੰ ਮੱਧ ਦੇ ਕਮਲ ਫੁੱਲ ਤੇ ਮੈਡੀਟੇਟ ਕਰਨ ਲਈ ਕਹਿੰਦਾ ਹੈ ਇਥੇ ਹੀ ਚਮਕ ਦਾ ਰਤਨ ਹੈ, ਹੀਰਾ ਹੈ ਜੋ ਅਤਿ ਸੁੰਦਰ ਤੇ ਚਮਕੀਲਾ ਹੈ। ਉਸ ਰਤਨ ਦੀ ਰੋਸ਼ਨੀ ਬਹੁਤ ਹੀ ਚਮਕਦਾਰ ਹੈ ਉਹ ਬਿਲਕੁਲ ਵੀ ਧੁੰਦਲਾ ਨਹੀਂ ਹੈ, ਸਾਡਾ ਧੁੰਦਲਾ ਮਨ ਉਸ ਰੋਸ਼ਨੀ ਨੂੰ ਦੇਖ ਨਹੀਂ ਸਕਦਾ।

ਉਪਨਿਸ਼ਦ ਬਹੁਤ ਹੀ ਸੰਖੇਪ, ਕਾਵਿ ਤੇ ਬੜੇ ਪ੍ਰਤੀਕਾਤਮਕ ਭਾਸ਼ਾ ਵਿਚ ਲਿਖੇ ਗਏ ਹਨ। ਅਧਿਆਪਕ ਦੀ ਇਹ ਡੀਊਟੀ ਬਣ ਜਾਂਦੀ ਹੈ ਕਿ ਉਸ ਨੂੰ ਮੈਡੀਟੇਸ਼ਨ ਕਰਨ ਦਾ ਪੂਰਾ-ਪੂਰਾ ਪ੍ਰੈਕਟੀਕਲ ਗਿਆਨ ਹੋਵੇ ਤੇ ਫੇਰ ਅਧਿਆਪਕ ਉਹ ਗਿਆਨ ਸ਼ਿਸ਼ ਨੂੰ ਦੇਵੇ, ਵਿਸ਼ੇਸ਼ ਤੌਰ ਤੇ ਉਹ ਗਿਆਨ ਜਿਹੜਾ ਇਨ੍ਹਾਂ ਸਲੋਕਾਂ ਵਿਚ ਦਿਤਾ ਗਿਆ ਹੈ।

ਜਦੋਂ ਜਗਿਆਸੂ ਦਾ ਮਨ ਸ਼ੁਧ ਹੋ ਜਾਂਦਾ ਹੈ ਹਰ ਗੱਲ ਬੜੀ ਚੰਗੀ ਤਰ੍ਹਾਂ ਨਾਲ ਸਪਸ਼ਟ ਹੋ ਜਾਂਦੀ ਹੈ, ਫੇਰ ਇਹੋ ਜਿਹਾ ਸ਼ੁੱਧ ਮਨ ਆਪ ਹੀ ਬ੍ਰਹਮ ਦੇ ਦਰਸ਼ਨ ਕਰ ਲੈਂਦਾ ਹੈ, ਉਹ ਬ੍ਰਹਮਾ ਜਿਹੜਾ ਤੁਹਾਡੇ ਅੰਦਰ ਵਸਦਾ ਹੈ। ਬ੍ਰਹਮਪੁਰੀ ਜਾਂ ਕਹਿ ਲਓ ਬ੍ਰਹਮਾ ਦਾ ਜੋ ਦੇਸ਼ ਹੈ ਉਹ ਇਕ ਕਿਲੇ ਦੀ ਤਰ੍ਹਾਂ ਹੈ, ਵਾਸਤਵ ਵਿਚ ਇਹ ਜੀਵਨ ਹੀ ਬ੍ਰਹਮਾ ਦਾ ਦੇਸ਼ ਹੈ। ਪੰਜ ਤੱਤ ਇਸ ਕਿਲੇ ਦੀ ਦੀਵਾਰ ਹਨ, ਇਹ ਪੰਜ ਤੱਤ ਹਨ, ਧਰਤੀ, ਪਾਣੀ, ਅਗਨੀ, ਹਵਾ ਤੇ ਪੁਲਾੜ।

ਅੰਦਰ ਦੀ ਦੀਵਾਰ ਸਾਡੀਆਂ ਇੰਦ੍ਰੀਆਂ ਹਨ ਉਸ ਤੋਂ ਵੀ ਅੰਦਰ ਦੀ ਦੀਵਾਰ ਹਨ ਸਾਡੇ ਵਿਚਾਰ, ਇਛਾਵਾਂ ਤੇ ਸੰਵੇਗ ਭਾਵਨਾਵਾਂ। ਜੀਵਨ ਰੂਪੀ ਕਿਲੇ ਦੇ ਬੂਹੇ ਦੇ ਦੋ ਦੁਆਰਪਾਲ ਹਨ ਉਹ ਹਨ ਸ੍ਵਾਸਾਂ ਦਾ ਅੰਦਰ ਜਾਣਾ ਤੇ ਬਾਹਰ ਆਉਣਾ। ਇਹ ਸਾਡੇ ਜੀਵਨ ਦੇ ਰਖਿਅਕ ਹਨ ਇਹ ਜੀਵਨ ਦੀ ਹਰ ਤਰ੍ਹਾਂ ਨਾਲ ਰੱਖਿਆ ਕਰਦੇ ਹਨ। ਸਭ ਤੋਂ ਅੰਦਰ ਦੀ ਦੀਵਾਰ ਹਨ ਸੰਸਕਾਰ, ਜਿਹੜੇ ਸਾਡਾ ਮੋਹ ਤੇ ਖੁਸ਼ੀ ਨਾਲ ਸਾਨੂੰ ਜੋੜਦੇ ਹਨ। ਜਦੋਂ ਮਨ ਸ਼ੁੱਧ ਹੋ ਜਾਂਦਾ ਹੈ, ਹਰ ਤਰ੍ਹਾਂ ਦੀ ਨਿਰਮਲਤਾ, ਸਪਸ਼ਟਤਾ ਉਦੋਂ ਆ ਜਾਂਦੀ ਹੈ, ਇਸ ਮਨ ਦੇ ਅੰਦਰ ਫੇਰ ਬ੍ਰਹਮਵਾਸ ਹੋ ਜਾਂਦਾ ਹੈ, ਬ੍ਰਹਮਾ ਦੇ ਦਰਸ਼ਨ ਹੋ ਜਾਂਦੇ ਹਨ ਉਥੇ ਫੇਰ ਕੋਈ ਧੁੰਦਲਾਪਨ ਕੋਈ ਹਨ੍ਹੇਰਾ ਨਹੀਂ ਰਹਿੰਦਾ, ਕੋਈ ਮੌਤ ਵੀ ਉਥੇ ਨਹੀਂ ਰਹਿੰਦੀ। ਇਹ ਹੀ ਅਮਰ ਹੋਣ ਦੀ ਥਾਂ ਹੈ। ਮੈਡੀਟੇਸ਼ਨ ਕਰਨ ਦਾ ਇਹ ਤਰੀਕਾ ਕੋਈ ਕਾਬਲ ਗੁਰੂ ਹੀ ਕਰ ਸਕਦਾ ਹੈ, ਉਹ ਗੁਰੂ ਤੁਹਾਨੂੰ ਪੌੜੀ ਦਰ ਪੌੜੀ ਲੈ ਜਾਂਦਾ ਹੈ। ਜਦੋਂ ਜਗਿਆਸੂ ਇਹ ਜਾਣ ਲੈਂਦਾ ਹੈ ਕਿ ਕਾਨੂੰਨ, ਸੋਹਣਾਪਨ, ਸ਼ਕਤੀ, ਤਾਕਤ ਇਹ ਸਭ ਕੁਜ ਦੇਣ ਵਾਲਾ ਕੇਵਲ ਬ੍ਰਹਮਾ ਹੀ ਹੈ ਉਦੋਂ ਜਗਿਆਸੂ ਨੂੰ ਗਿਆਨ ਹੋ ਜਾਂਦਾ ਹੈ।

## ਸਲੋਕ ਅੱਠ

ਇਕ ਵਾਰੀ ਜਦੋਂ ਜੀਵਨ ਦੇ ਦੋਨੋਂ ਕਿਨਾਰਿਆਂ ਦਾ ਪਤਾ ਲਗ ਜਾਵੇ ਭਾਵ ਇਸ ਜੀਵਨ ਦਾ ਤੇ ਇਸ ਜੀਵਨ ਤੋਂ ਬਾਅਦ ਕੀ ਹੈ, ਹਿਰਦੇ ਦੀਆਂ ਗੰਢਾਂ ਖੁਲ੍ਹ ਜਾਂਦੀਆਂ ਹਨ, ਸਾਰੇ ਭਰਮ ਖਤਮ ਹੋ ਜਾਂਦੇ ਹਨ ਤੇ ਕਰਮਾਂ ਦੇ ਬੰਧਨ ਖਤਮ ਹੋ ਜਾਂਦੇ ਹਨ।

ਜਦੋਂ ਜਗਿਆਸੂ ਨੂੰ ਨਿਸਚਲ ਬ੍ਰਹਮਾ ਦਾ ਗਿਆਨ ਹੋ ਜਾਂਦਾ ਹੈ, ਹਰ ਰੂਪ ਬ੍ਰਹਮਾ ਦਾ ਜਦੋਂ ਉਹ ਜਾਣ ਜਾਂਦਾ ਹੈ ਤਾਂ ਫੇਰ ਅਗਿਆਨ ਦੀਆਂ ਗੰਢਾਂ ਖੁਲ੍ਹ ਜਾਂਦੀਆਂ ਹਨ। ਸਾਰੇ ਭਰਮ ਦੂਰ ਹੋ ਜਾਂਦੇ ਹਨ ਉਹ ਕਰਮਾਂ ਦੇ ਬੰਧਨ ਤੋਂ ਛੁਟ ਜਾਂਦਾ ਹੈ। ਇਸ ਸਲੋਕ ਵਿਚ ਦੱਸਿਆ ਹੈ ਕਿ ਆਤਮ ਸਿੱਧੀ ਦੀ ਪ੍ਰਾਪਤੀ ਇਸੇ ਜੀਵਨ ਵਿਚ ਹੋ ਸਕਦੀ ਹੈ ਇਸ ਸਰੀਰ ਤੋਂ ਹੀ ਹੋ ਸਕਦੀ ਹੈ। ਏਸੇ ਕਰਕੇ ਜਦੋਂ ਇਹ ਮਨੁੱਖ ਦਾ ਸਰੀਰ ਮਿਲਦਾ ਹੈ ਉਸ ਵਿਚ ਸ੍ਵਾਸ ਮਿਲਦੇ ਹਨ, ਮਨ, ਆਤਮਾ ਦੀ ਬਖਸ਼ਿਸ਼ ਹੁੰਦੀ ਹੈ ਤਾਂ ਹੀ ਮਨੁੱਖ ਕਹਿਲਾਉਂਦਾ ਹੈ। ਇਸ ਮਨੁੱਖਾ ਦੇਹੀ ਨੂੰ ਅਮੁੱਲ ਜਾਣੋ ਇਸ ਨੂੰ ਬੇਅਰਥ ਅਜਾਈਂ ਨਾ ਗੁਆਓ, ਇਸ ਨੂੰ ਆਤਮ ਸਿੱਧੀ ਦੀ ਪਰਾਪਤੀ ਲਈ ਵਰਤੋ। 'ਹਿਰਦੇ ਗ੍ਰੰਥੀ' ਤੋਂ ਭਾਵ ਹੈ ਅਗਿਆਨ ਦੀ ਗੰਢ। ਜਦੋਂ ਅਗਿਆਨ ਦੀ ਗੰਢ ਖੁਲ੍ਹ ਜਾਂਦੀ ਹੈ ਸਾਰੇ ਭਰਮ ਆਪੇ ਹੀ ਖਤਮ ਹੋ ਜਾਂਦੇ ਹਨ।

ਅਗਿਆਨ ਦੇ ਕਾਰਣ ਆਮ ਮਨੁੱਖ ਦਾ ਮਨ ਧੁੰਦਲਾ ਰਹਿੰਦਾ ਹੈ ਤੇ ਉਹ ਸਤਿ ਨੂੰ ਨਹੀਂ ਜਾਣ ਸਕਦਾ। ਜਦੋਂ ਅਗਿਆਨ ਹਟ ਜਾਂਦਾ ਹੈ, ਗਿਆਨ ਪ੍ਰਕਾਸ਼ ਹੋ ਜਾਂਦਾ ਹੈ। ਅਗਿਆਨ ਦੀ ਗੰਢ ਤੇ ਕਰਮਾਂ ਦੀ ਗੰਢ ਮਿਲ ਕੇ ਹੀ

ਅਗਿਆਨ ਅਵਿਦਿਆ ਦਾ ਕਾਰਣ ਬਣਦੇ ਹਨ ਇਸ ਕਾਰਣ ਕਰਕੇ ਹੀ ਨਿਰੋਲ ਆਤਮਾ ਜੀਵ ਆਤਮਾ ਬਣ ਗਈ ਹੈ, ਵਾਸਤਵ ਵਿਚ ਹੈ ਤਾਂ ਉਹ ਨਿਰੋਲ ਆਤਮਾ ਹੀ।

ਸ਼ਿਸ਼ ਨੂੰ ਕਰਮ ਦੇ ਤਿੰਨ ਪੱਖ ਸਮਝ ਲੈਣੇ ਚਾਹੀਦੇ ਹਨ ਜਾਂ ਕਹਿ ਲਓ ਕਰਮਾਂ ਦੇ ਤਿੰਨ ਪ੍ਰਭਾਵ ਸਮਝ ਲੈਣੇ ਚਾਹੀਦੇ ਹਨ, ਪ੍ਰਾਰਬਧ, ਸੰਚਿਤ ਤੇ ਅਗਾਮੀ। ਪਰਾਰਬਧ ਪਿਛਲੇ ਕਰਮ ਹਨ ਜੋ ਤੁਸੀਂ ਕਰ ਚੁੱਕੇ ਹੋ, ਇਹ ਕਰਮ ਇਕੱਠੇ ਹੁੰਦੇ ਰਹਿੰਦੇ ਹਨ ਤੇ ਫਲ ਦੇਣ ਲਗ ਪੈਂਦੇ ਹਨ ਉਨ੍ਹਾਂ ਦਾ ਫਲ ਤੁਸੀਂ ਇਸ ਜੀਵਨ ਵਿਚ ਭੁਗਤਦੇ ਹੋ। ਸੰਚਿਤ ਕਰਮ ਉਹ ਕਰਮ ਹਨ ਜਿਹੜੇ ਤੁਸੀਂ ਅੱਗੇ ਲਈ ਕਰ ਰਹੇ ਹੋ, ਜਿਹੜੇ ਕਰਮ ਅੱਗੇ ਚੱਲ ਕੇ ਫਲ ਦੇਣਗੇ ਉਨ੍ਹਾਂ ਨੂੰ ਅਗਾਮੀ ਕਿਹਾ ਜਾਂਦਾ ਹੈ। ਚੰਗੀ ਤਰ੍ਹਾਂ ਸਮਝਣ ਲਈ ਅਸੀਂ ਉਦਾਹਰਣ ਲੈਂਦੇ ਹਾਂ।

ਇਕ ਡਾਟ ਹੈ ਉਸ ਦਾ ਕਮਾਨ ਬਣਿਆ ਤੇ ਉਸ ਵਿਚ ਇਕ ਤੀਰ ਲੱਗਾ ਹੋਇਆ ਹੈ। ਤੀਰ ਜਿਹੜਾ ਚਲ ਚੁੱਕਾ ਹੈ ਉਹ ਪਰਾਰਬਧ ਕਰਮ ਹਨ। ਜਿਹੜਾ ਤੀਰ ਹੱਥ ਵਿਚ ਫੜਿਆ ਹੋਇਆ ਹੈ ਅਜੇ ਚਲਾਣਾ ਹੈ, ਉਹ ਸੰਚਿਤ ਕਰਮ ਹਨ। ਜੋ ਤੀਰ ਤਰਕਿਸ਼ ਵਿਚ ਪਏ ਹਨ ਅਜੇ ਅੱਗੇ ਚੱਲ ਕੇ ਚਲਾਉਣੇ ਹਨ ਉਨ੍ਹਾਂ ਨੂੰ ਅਗਾਮੀ ਕਿਹਾ ਗਿਆ ਹੈ।

ਵਾਸਤਵ ਵਿਚ ਜਦੋਂ ਤਕ ਜਗਿਆਸੂ ਆਤਮਸਿੱਧੀ ਨਹੀਂ ਕਰ ਲੈਂਦਾ, ਕਰਮਾਂ ਦਾ ਚੱਕਰ ਵਾਵਰੋਲਾ ਜਾਂ ਕਹਿ ਲਓ ਇਕ ਗਧੀ ਗੇੜ ਬਣਿਆ ਹੀ ਰਹਿੰਦਾ ਹੈ। ਆਤਮ ਸਿੱਧੀ ਪ੍ਰਾਪਤ ਕਰਨ ਤੋਂ ਬਾਅਦ ਵਰਤਮਾਨ, ਭਵਿੱਖ ਦੇ ਕਰਮਾਂ ਦੇ ਪ੍ਰਭਾਵ ਤੋਂ ਛੁਟਕਾਰਾ ਮਿਲ ਜਾਂਦਾ ਹੈ ਪਰ ਪਿਛਲੇ ਕੀਤੇ ਕਰਮ ਜਦੋਂ ਤਕ ਤੁਸੀਂ ਭੋਗ ਨਹੀਂ ਲੈ3ਦੇ, ਭੁਗਤ ਨਹੀਂ ਲੈਂਦੇ ਉਹ ਤਾਂ ਪ੍ਰਭਾਵ ਪਾਉਣਗੇ ਹੀ, ਉਹ ਤਾਂ ਭੋਗਣੇ ਹੀ ਪੈਣੇ ਹਨ ਭਾਵੇਂ ਸੰਤ ਮਹਾਤਮਾ ਕਿਉਂ ਨਾ ਹੋਣ। ਜਦੋਂ ਤਕ ਪਿਛਲੇ ਕਰਮ ਭੋਗ ਕੇ ਖਤਮ ਨਹੀਂ ਕੀਤੇ ਜਾਂਦੇ ਉਦੋਂ ਤਕ ਮੁਕਤੀ ਪ੍ਰਾਪਤ ਹੋ ਹੀ ਨਹੀਂ ਸਕਦੀ।

ਤਿਆਗੀ ਦਸਦੇ ਹਨ ਕਿ ਪਿਛਲੇ ਕਰਮਾਂ ਦੇ ਪ੍ਰਭਾਵ ਨੂੰ ਵੀ ਗਿਆਨ ਦੀ ਅਗਨੀ ਨਾਲ ਜਲਾ ਕੇ ਖਤਮ ਕੀਤਾ ਜਾ ਸਕਦਾ ਹੈ। ਬਹੁਤ ਲੋਕੀ ਹਾਲੇ ਇਸ ਵਿਸ਼ੇ ਤੇ ਬਹਿਸ ਕਰ ਰਹੇ ਹਨ ਪਰ ਕਰਮਾਂ ਦੀ ਗਤਿ ਕਰਮਾਂ ਦਾ ਨਿਯਮ ਤਾਂ ਟਲਣ ਵਾਲਾ ਨਹੀਂ ਹੈ। ਹਾਂ ਉਹ ਗੱਲ ਵਖਰੀ ਹੈ ਕਿ ਮਹਾਂਪੁਰਖ ਬ੍ਰਹਮਗਿਆਨੀ ਏਹੋ ਜਿਹੀ ਅਵਸਥਾ ਤੇ ਹੁੰਦੇ ਹਨ ਜਿਥੇ ਉਹ ਇਨ੍ਹਾਂ ਤੋਂ ਪ੍ਰਭਾਵਿਤ ਨਹੀਂ ਹੁੰਦੇ ਇਨ੍ਹਾਂ ਦੇ ਹੇਠਾਂ ਦੱਬੇ ਨਹੀਂ ਜਾਂਦੇ ਉਹ ਤਾਂ ਕਮਲ ਦੇ ਫੁੱਲ ਦੀ ਤਰ੍ਹਾਂ ਉਪਰ ਦੀ ਸਤਾ ਤੇ ਹੀ ਰਹਿੰਦੇ ਹਨ।

## ਸਲੋਕ ਨੌਂਵਾਂ

ਅੰਤਰ, ਹੋਰ ਅੰਤਰ ਸੁਨਿਹਰੀ ਕੋਸ਼ ਦੇ ਅੰਦਰ ਹੀ ਪੂਰਣ ਬ੍ਰਹਮਾ ਦਾ ਵਾਸਾ ਹੈ। ਆਤਮ ਗਿਆਨੀ ਇਸ ਨੂੰ ਪ੍ਰਾਪਤ ਕਰਕੇ ਹੀ ਇਸ ਦੀ ਚਮਕ ਦੀ ਰੋਸ਼ਨੀ ਦੇਖ ਸਕਦਾ ਹੈ, ਮਹਿਸੂਸ ਕਰ ਸਕਦਾ ਹੈ।

ਇਸ ਸਲੋਕ ਵਿਚ ਦਸਿਆ ਗਿਆ ਹੈ, ਸਵੈ ਚਮਕੀਲਾ ਪ੍ਰਕਾਸ਼ਕ, ਬ੍ਰਹਮਾ ਸਭ ਤੋਂ ਵੱਡਾ ਸੁਨਿਹਰੀ ਕੋਸ਼ ਹੈ, ਇਹ ਸ਼ੁੱਧ ਹੈ ਸਭ ਤੋਂ ਵੱਧ ਚਮਕੀਲਾ ਚਮਕ ਦਮਕ ਵਾਲਾ। ਇਸ ਸਲੋਕ ਵਿਚ ਯੋਗ ਅਨੁਸਾਰ ਵਿਆਖਿਆ ਦਿਤੀ ਗਈ ਹੈ। ਪੰਜ ਕੋਸ਼ਾਂ ਦੇ ਅੰਦਰ ਆਤਮਾ ਲੁਕੀ ਪਈ ਹੈ ਕਹਿ ਲਵੋ ਦਬੀ ਪਈ ਹੈ। ਇਨ੍ਹਾਂ ਨੂੰ ਕੋਸ਼ ਕਹਿੰਦੇ ਹਨ ਪੰਜ ਕੋਸ਼ ਹਨ, ਅੰਨਮਈ ਕੋਸ਼, ਪ੍ਰਾਣਮਈ ਕੋਸ਼, ਮਨੋਮਈ ਕੋਸ਼ ਤੇ ਵਿਗਿਆਨ ਮਈ ਕੋਸ਼ ਤੇ ਪੰਜਵਾਂ ਹੈ, ਅਨੰਦਮਈ ਕੋਸ਼, ਅਨੰਦਪੂਰਣ ਅਨੰਦ। ਅਨੰਦਮਈ ਕੋਸ਼ ਦੇ ਅੰਦਰੋਂ ਝਾਤੀ ਪਾਉਂਦਾ ਹੈ ਉਹ ਸਿਆਨਾ ਨਾ ਦਿਸਣ ਵਾਲਾ ਬ੍ਰਹਮਾ ਜੋ ਕਿ ਨਿਰੋਲ ਹੈ, ਅਗਿਆਨ ਰਹਿਤ ਹੈ, ਬੇਦਾਗ ਹੈ। ਬਿਲਕੁਲ ਉਸ ਤਰ੍ਹਾਂ ਜਿਵੇਂ ਤਲਵਾਰ ਨੂੰ ਮਿਆਨ ਵਿਚ ਰੱਖਿਆ ਹੋਵੇ ਆਤਮਾ ਇਸ ਤਰ੍ਹਾਂ ਹੀ ਹੈ ਅਜਰ, ਅਮਰ, ਹੀਰਾ ਹੈ, ਰਤਨ ਹੈ, ਚਮਕਦੇ ਸੋਹਣੇ ਕੋਸ਼ ਵਿਚ ਇਸ ਦਾ ਵਾਸਾ ਹੈ, ਬ੍ਰਹਮਗਿਆਨੀ ਜਾਣਦੇ ਹਨ ਕਿ ਇਹ ਹੀ ਸਤਿ ਹੈ, ਇਹ ਹੀ ਸਵੈ ਹੈ, ਆਤਮਾ ਹੈ, ਆਪਾ ਹੈ।

ਇਕ ਲੈਂਪ ਲਵੋ ਜਿਸ ਦੇ ਪੰਜ ਰੰਗਾਂ ਦਾ ਭਾ ਪੈਦਾ ਹੋਵੇ ਤੇ ਜਿਹੜਾ ਚਾਨਣਾ ਹੈ, ਰੋਸ਼ਨੀ ਹੈ ਉਹ ਇਨ੍ਹਾਂ ਦੇ ਥੱਲੇ ਦਬੀ ਪਈ ਹੈ ਪਰ ਜਦੋਂ ਅਸੀਂ ਇਕ-ਇਕ ਕਰਕੇ ਇਹ ਰੰਗ ਇਹ ਕਪੜੇ ਉਤਾਰਨ ਲਗਦੇ ਹਾਂ ਫੇਰ ਸਾਨੂੰ ਉਹ ਰੋਸ਼ਨੀ ਉਹ ਚਾਨਣਾ ਠੀਕ ਤਰ੍ਹਾਂ ਨਾਲ ਸਾਫ ਦਿਸਣ ਲਗ ਪੈਂਦਾ ਹੈ। ਬਿਲਕੁਲ ਇਸ ਤਰ੍ਹਾਂ ਹੀ ਹੈ ਆਤਮਾ ਇਸ ਤਰ੍ਹਾਂ ਹੀ ਹੈ, ਆਤਮਾ ਦਾ ਚਾਨਣਾ, ਆਤਮਾ ਦੀ ਲਾਈਟ, ਬਿਲਕੁਲ ਲਿਸ਼ਕਦੀ ਇਹ ਹੀ ਬੁੱਧੀ ਨੂੰ ਕੰਮ ਕਰਨ ਵਿਚ ਸਹਾਈ ਹੁੰਦੀ ਹੈ। ਇਹ ਹੀ ਕਾਰਣ ਹੈ ਕਿ ਬੁੱਧੀ ਵਿਵੇਕਮਈ ਹੈ, ਨਿਰਣਾ ਕਰਦੀ ਹੈ ਤੇ ਜਾਂਚਦੀ ਹੈ। ਆਤਮਾ ਮਨ ਦੀ ਸਹਾਇਤਾ ਵੀ ਕਰਦੀ ਹੈ ਇਹੋ ਹੀ ਕਾਰਣ ਹੈ ਕਿ ਮਨ ਅੰਤਰਮੁਖੀ ਵੀ ਹੈ ਤੇ ਬਾਹਰਮੁਖੀ ਵੀ। ਦੋਨੋਂ ਸ੍ਵਾਸ ਭਾਵ ਅੰਦਰ ਲੈਣਾ ਤੇ ਬਾਹਰ ਕੱਢਣਾ, ਐਨੇ ਸ਼ਕਤੀਸ਼ਾਲੀ ਹਨ ਕਿ ਇਹ ਇਕ ਦੁਆਰਪਾਲ ਦਾ ਕੰਮ ਕਰਦੇ ਹਨ, ਸਰੀਰ ਜਿਵੇਂ ਇਕ ਨਗਰ ਹੋਵੇ ਇਹ ਦੋਨੋਂ ਇਸ ਨਗਰ ਦੇ ਦੁਆਰਪਾਲ ਹੋਣ। ਆਤਮਾ ਦੇ ਬੱਧੇ ਪੰਜ ਤੱਤ ਧਰਤੀ, ਅਗਨੀ, ਪਾਣੀ, ਹਵਾ ਤੇ ਪੁਲਾੜ ਸਰੀਰ ਦਾ ਰੂਪ ਲੈਂਦੇ ਹਨ।

ਗਿਆਨੀ ਆਤਮਾ ਨੂੰ ਮਨ ਦੀਆਂ ਵੱਖ-ਵੱਖ ਅਵਸਥਾ ਮੰਨਦੇ ਹਨ, ਅੰਤਰ ਗਿਆਨ ਨਾਲ, ਆਤਮਾ ਦੇ ਗਿਆਨ ਨਾਲ ਹੀ ਜਗਿਆਸੂ ਮੋਖ ਪ੍ਰਾਪਤ ਕਰਦਾ ਹੈ।

ਇਹ ਦਸਣਾ ਅਵਸ਼ਕ ਹੈ ਕਿ ਮੋਖ ਪ੍ਰਾਪਤੀ ਸੰਸਾਰਕ ਗੱਲਾਂ, ਸੰਸਾਰਕ ਵਿਸ਼ੇ ਪੜ੍ਹ ਕੇ, ਜਾਣ ਕੇ ਜਾਂ ਉਨ੍ਹਾਂ ਬਾਰੇ ਵਿਚਾਰ ਕਰਕੇ ਨਹੀਂ ਮਿਲ ਸਕਦੇ।

## ਸਲੋਕ ਦਸਵਾਂ

ਬ੍ਰਹਮ ਲੋਕ ਵਿਚ ਨਾ ਸੂਰਜ ਚਮਕਦਾ ਹੈ, ਨਾ ਤਾਰੇ, ਨਾ ਚੰਦਰਮਾ, ਨਾ ਹੀ ਉਥੇ ਕਿਸੇ ਕਿਸਮ ਦੀ ਰੋਸ਼ਨੀ ਹੈ, ਸੰਸਾਰਕ ਰੋਸ਼ਨੀ ਦੀ ਤਾਂ ਗੱਲ ਹੀ ਛੱਡੋ। ਇਹ ਤਾਂ ਜਦੋਂ ਬ੍ਰਹਮਾ ਆਪ ਚਮਕਦੇ ਹਨ ਉਦੋਂ ਹੀ ਇਹ ਸਾਰੀਆਂ ਚੀਜ਼ਾਂ ਚਮਕਦੀਆਂ ਹਨ। ਬ੍ਰਹਮਾ ਦੇ ਚਾਨਣ ਨਾਲ ਹੀ ਸਾਰੇ ਵਿਸ਼ਵ ਵਿਚ ਚਾਨਣਾ ਹੈ, ਸਾਰਾ ਸੰਸਾਰ ਜਗਮਗਾਉਂਦਾ ਹੈ।

ਅਸੀਂ ਪਹਿਲਾਂ ਵੀ ਦੱਸ ਆਏ ਹਾਂ ਕਿ ਬੇਅੰਤ ਅਕਾਸ਼ ਗੰਗਾ ਹਨ, ਹਰ ਇਕ ਆਕਾਸ਼ ਗੰਗਾ ਦੀ ਆਪਣੀ ਸੂਰਜ ਪ੍ਰਣਾਲੀ ਹੈ। ਸਾਡੀ ਸੂਰਜ ਪ੍ਰਣਾਲੀ ਦਾ ਸੂਰਜ ਜਦੋਂ ਚਮਕਦਾ ਹੈ ਸਾਰੇ ਵਿਸ਼ਵਾਸ ਨੂੰ ਚਾਨਣਾ ਦਿੰਦਾ ਹੈ, ਰੋਸ਼ਨ ਕਰਦਾ ਹੈ, ਇਹ ਬ੍ਰਹਮਾ ਦੀ ਹੀ ਸ਼ਕਤੀ ਹੈ। 'ਤਿਸ ਦੇ ਚਾਨਣ ਸਭਿ ਮਹਿ ਚਾਨਣ ਹੋਇ।' ਸੂਰਜ ਦੀ ਚਮਕਣ ਦੀ ਆਪਣੀ ਕੋਈ ਸ਼ਕਤੀ ਨਹੀਂ ਹੈ।

ਅੰਤਰ ਆਤਮਾ ਹਰ ਇਕ ਦੇ ਅੰਦਰ ਚਮਕਦੀ ਹੈ, ਉਸੇ ਦੀ ਮੁਸਕਰਾਹਟ ਉਸੇ ਦਾ ਹੀ ਖੇੜਾ ਸਭ ਦੇ ਚਿਹਰਿਆਂ ਉਤੇ ਹੈ। ਇਥੇ ਜਿਹੜਾ ਸੂਰਜ ਚਮਕਦਾ ਹੈ ਉਹ ਪ੍ਰਤੀਕ ਹੈ, ਸੰਸਾਰਕ ਸੂਰਜ ਹਨ੍ਹੇਰੇ ਨੂੰ ਖਤਮ ਕਰਕੇ ਚਾਨਣ ਦਿੰਦਾ ਹੈ ਪਰ ਸੂਰਜ ਜਗਿਆਸੂ ਲਈ ਗਿਆਨ ਦਾ ਪ੍ਰਤੀਕ ਹੈ ਤੇ ਉਹ ਸੰਸਾਰ ਤੋਂ ਪਰ੍ਹੇ ਹੈ।

ਇਕ ਸ਼ਿਸ਼ ਨੂੰ ਸੂਰਜ ਤੋਂ ਸਿੱਖਿਆ ਲੈਣੀ ਚਾਹੀਦੀ ਹੈ। ਸਲੋਕ ਵਿਚ ਦਸਿਆ ਗਿਆ ਹੈ ਕਿ ਸੂਰਜ ਦੀ ਰੋਸ਼ਨੀ ਤੇ ਸੂਰਜ ਕੇਵਲ ਇਕ ਚਿੰਨ ਹਨ। ਸੂਰਜ ਆਪਣਾ ਤੇਜ, ਆਪਣੀ ਰੋਸ਼ਨੀ ਬ੍ਰਹਮਾ ਤੋਂ ਲੈਂਦਾ ਹੈ। ਇਸ ਤਰ੍ਹਾਂ ਹੀ ਇਹ ਸਭ ਕੁਝ ਸਾਡੇ ਸਰੀਰ ਬਾਰੇ ਵੀ ਸੱਚ ਹੈ, ਸਾਡੀ ਬੁੱਧੀ, ਪ੍ਰਾਣ ਤੇ ਸਾਰੀਆਂ ਇੰਦ੍ਰੀਆਂ ਸੰਵੇਗ ਸਭ ਕੁਝ ਆਤਮਾ ਦੀ ਚਮਕ ਨਾਲ ਹੀ ਚਲ ਰਹੇ ਹਨ, ਆਤਮਾ ਦੀ ਚਮਕ, ਲਿਸ਼ਕਾਰਾ ਹੀ ਸਭ ਕਾਸੀ ਤੇ ਪੈ ਰਿਹਾ ਹੈ।

ਆਤਮਾ ਹੀ ਵਾਸਤਵ ਵਿਚ ਬ੍ਰਹਮਾ ਹੈ, ਆਤਮਾ ਹੀ ਸਤਿ ਹੈ, ਕੇਵਲ ਆਤਮਾ ਦੀ ਹੀ ਹੋਂਦ ਹੈ। ਸੰਸਾਰਕ ਸਭ ਕੁਝ ਜਿਸ ਕਿਸੇ ਚੀਜ਼ ਦਾ ਵੀ ਨਾਮ ਹੈ, ਆਕਾਰ ਹੈ, ਵਾਸਤਵ ਵਿਚ ਉਹ ਸਭ ਸਥਾਈ ਹਨ, ਸਤਿ ਹਨ ਤੇ ਆਪਣੇ ਆਪ ਵਿਚ ਇਕ ਪੂਰਨ ਸਤਿ ਹਨ।

## ਸਲੋਕ ਗਿਆਰ੍ਹਾਂ

ਇਹ ਸਭ ਕੁਝ ਅਟੱਲ ਬ੍ਰਹਮ ਹੀ ਹੈ, ਬ੍ਰਹਮਾ ਹੀ ਪਹਿਲਾਂ ਸੀ, ਬ੍ਰਹਮਾ ਹੀ ਹੈ, ਅੱਗੇ ਪਿਛੇ ਸੱਜੇ ਖੱਬੇ ਉਪਰ ਥੱਲੇ ਸਭ ਬ੍ਰਹਮਾ ਹੀ ਹੈ। ਇਹ ਸਾਰਾ ਸੰਸਾਰ ਹੀ ਬ੍ਰਹਮਾ ਦਾ ਵਿਸਤਾਰ ਬ੍ਰਹਮਾ ਦਾ ਪਸਾਰਾ ਹੈ।

ਸਾਰੇ ਨਾ ਸਾਰੇ ਆਕਾਰ ਸਭ ਬ੍ਰਹਮਾ ਦੇ ਹੀ ਰੂਪ ਹਨ, ਤਜਵੀਜ਼ਾਂ ਹਨ ਉਸ ਇਕ ਸਤਿ ਦਾ ਹੀ ਪਸਾਰਾ ਹੈ, ਦੂਸਰਾ ਕੋਈ ਹੈ ਹੀ ਨਹੀਂ। ਸਾਰਾ ਪ੍ਰਗਟਾਵਾ ਹੀ ਬ੍ਰਹਮਾ ਦਾ ਹੈ, ਸਭ ਕੁਝ ਹੈ ਹੀ ਇਸੇ ਲਈ ਕਿਉਂਕਿ ਬ੍ਰਹਮਾ ਹੈ। ਅਗਿਆਨੀ ਹੀ ਵੱਖ-ਵੱਖ ਨਾਮ ਦੇ ਵੱਖ-ਵੱਖ ਆਕਾਰ ਦੇਖਦਾ ਹੈ, ਉਹ ਭੁੱਲ ਰਿਹਾ ਹੈ ਕਿ ਸਿਵਾ ਬ੍ਰਹਮਾ ਦੇ ਹੋਰ ਕੁਝ ਹੈ ਹੀ ਨਹੀਂ। ਇਹ ਮਾਇਆ ਦਾ ਪਸਾਰਾ ਮਨ ਤੇ ਸਰੀਰ ਦੀ ਹੀ ਕਾਢ ਹੈ। ਗਿਆਨ ਅਗਿਆਨ ਜਨਮ ਮਰਣ ਜਿੰਨੇ ਵੀ ਵਿਪਰੀਤ ਹਨ, ਦੁਖ, ਸੁਖ, ਸੁਖੀ, ਗਮੀ ਇਹ ਸਭ ਅਗਿਆਨ ਦੇ ਹੀ ਕਾਰਣ ਹਨ।

ਗਿਆਨੀ ਨੂੰ ਤਾਂ ਕੇਵਲ ਆਤਮਾ ਹੀ ਦਿਸਦੀ ਹੈ, ਬ੍ਰਹਮਾ ਹੀ ਦਿਸਦਾ ਹੈ। ਸਭ ਤੋਂ ਵੱਡਾ ਚਮਤਕਾਰ ਹੈ ਕਿ ਅਵਿਨਾਸ਼ੀ ਆਤਮਾਵਾਂ ਵਿਸ਼ਵਾਸ਼ੀ ਭਾਂਡਿਆਂ ਵਿਚ ਹੋ ਕੇ ਇਸ ਸੰਸਾਰ ਵਿਚ ਵਿਚਰਦੀਆਂ ਹਨ, ਛਿਨਭੰਗਰ ਸੰਸਾਰ ਵਿਚ। ਉਸ ਇਕ ਪ੍ਰਭੂ ਦੀ ਸਾਰੀ ਸ਼ਾਨ ਹੈ ਉਸ ਇਕ ਦਾ ਹੀ ਪ੍ਰਤਾਪ ਹੈ ਉਸੇ ਦੀ ਹੀ ਠਾਠ ਬਾਠ ਹੈ। ਜਦੋਂ ਜਗਿਆਸੂ ਨੂੰ ਸਤਿ ਪਤਾ ਲਗ ਜਾਂਦਾ ਹੈ ਉਸ ਨੂੰ ਆਤਮ ਸਿੱਧੀ ਹੋ ਜਾਂਦੀ ਹੈ, ਜਗਿਆਸੂ ਸਾਰੇ ਬੰਧਨਾਂ ਤੋਂ ਛੁਟ ਜਾਂਦਾ ਹੈ ਤੇ ਉਹ ਮੋਖ ਪ੍ਰਾਪਤ ਕਰ ਲੈਂਦਾ ਹੈ।

***'ਚਲਦਾ'***


## ਜ਼ਰੂਰੀ ਸੂਚਨਾ

**'ਆਤਮ ਮਾਰਗ ਇਕ ਧਾਰਮਿਕ ਮੈਗਜ਼ੀਨ ਹੈ' ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਛਪੀ ਹੁੰਦੀ ਹੈ। ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਜੇਕਰ ਆਪ ਆਪਣੇ ਪੁਰਾਣੇ ਮੈਗਜ਼ੀਨ ਨਹੀਂ ਰੱਖਣਾ ਚਾਹੁੰਦੇ ਤਾਂ, ਤੁਸੀਂ ਆਪਣੇ ਆਤਮ ਮਾਰਗ ਦੇ ਸੇਵਾਦਾਰ ਨੂੰ ਵਾਪਿਸ ਕਰ ਸਕਦੇ ਹੋ ਜਾਂ ਆਤਮ ਮਾਰਗ ਦੇ ਦਫਤਰ ਰਤਵਾੜਾ ਸਾਹਿਬ ਨਾਲ ਇਸ ਫੋਨ ਨੰਬਰ ਤੇ ਸੰਪਰਕ ਕਰੋ ਜੀ।**

**ਮੋਬਾਇਲ 9417214391,79**

# ਚੜ੍ਹਦੀ ਕਲਾ

*ਭਾਈ ਸਾਹਿਬ ਰਘਬੀਰ ਸਿੰਘ 'ਬੀਰ'*

## ਬਦੀ ਦੀ ਅਸਲੀਅਤ (Reality of Evil)

ਸੰਸਾਰ ਵਿਚ ਜਦ ਬਦੀ (evil) ਨੂੰ ਹਰ ਪਾਸੇ ਫੈਲਿਆ ਦੇਖੀਏ ਤਾਂ ਕੁਦਰਤੀ ਤੌਰ ਤੇ ਖਿਆਲ ਆਉਂਦਾ ਹੈ ਕਿ ਵਾਹਿਗੁਰੂ ਦੀ ਰਚਨਾ ਵਿਚ ਬਦੀ ਕਿਥੋਂ ਪੈਦਾ ਹੋ ਗਈ? ਬਦੀ ਤੋਂ ਸਾਡੀ ਮੁਰਾਦ ਪਾਪ, ਦੁਖ, ਬੀਮਾਰੀ ਅਤੇ ਮੌਤ ਹੈ। ਦੁਨੀਆਂ ਦੀਆਂ ਸਭ ਮਾੜੀਆਂ ਚੀਜ਼ਾਂ ਪਾਪ, ਦੁਖ, ਬੀਮਾਰੀ ਅਤੇ ਮੌਤ ਦੇ ਦਾਇਰੇ ਵਿਚ ਆ ਜਾਂਦੀਆਂ ਹਨ। ਪਾਪ ਤੋਂ ਸਾਡੀ ਮੁਰਾਦ ਇਨਸਾਨ ਦੇ ਸਭ ਉਹ ਕੰਮ ਜਿਹੜੇ ਕਿ ਉਹ ਖੁਦਗਰਜ਼ੀ ਵਿਚ ਇਨਸਾਨ ਤੇ ਸਚਾਈ ਦਾ ਤਿਆਗ ਕਰਕੇ ਕਰਦਾ ਹੈ ਅਤੇ ਦੁਖਾਂ ਤੋਂ ਸਾਡੀ ਮੁਰਾਦ ਉਹ ਸਜ਼ਾਵਾਂ ਹਨ ਜੋ ਇਸਨਾਨ ਨੂੰ ਖੁਦਗਰਜ਼ੀ ਵਿਚ ਇਨਸਾਫ ਤੇ ਸਚਾਈ ਦਾ ਤਿਆਗ ਕਰਕੇ ਕੀਤੇ ਸਭ ਕਰਮਾਂ ਦੇ ਫਲ ਦੀ ਸ਼ਕਲ ਵਿਚ ਭੁਗਤਣੀਆਂ ਪੈਂਦੀਆਂ ਹਨ। ਬਿਮਾਰੀ ਤੋਂ ਸਾਡੀ ਮੁਰਾਦ ਤਨ ਤੇ ਮਨ ਦੇ ਸਭ ਰੋਗ ਹਨ। ਦੁਨੀਆਂ ਵਿਚ ਬਦੀ ਅਤੇ ਇਸ ਤੋਂ ਪੈਦਾ ਹੋਣ ਵਾਲੇ ਸਭ ਤਲਖ ਨਤੀਜੇ ਕਿਥੋਂ ਪੈਦਾ ਹੋਏ? ਇਹ ਹੈ ਸਵਾਲ ਜੋ ਕਿ ਇਨਸਾਨ ਦੇ ਮਨ ਅੰਦਰ, ਦੁਨੀਆਂ ਵਿਚ ਬਦੀ ਦਾ ਜ਼ੋਰ ਵੇਖ ਕੇ ਕਈ ਵਾਰ ਪੈਦਾ ਹੁੰਦਾ ਹੈ। ਆਓ, ਜ਼ਰਾ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਖਸ਼ਾ ਦੀ ਰੌਸ਼ਨੀ ਵਿਚ ਇਸ ਸਵਾਲ ਦਾ ਜਵਾਬ ਲੱਭਣ ਦੀ ਕੋਸ਼ਿਸ਼ ਕਰੀਏ।

ਗੁਰੂ ਗ੍ਰੰਥ ਜੀ ਵਿਚ ਲਿਖਿਆ ਹੈ ਕਿ ਸਾਰੀ ਸੰਸਾਰ ਰਚਨਾ ਵਿਚ ਸਿਵਾਏ ਵਾਹਿਗੁਰੂ ਦੇ ਹੋਰ ਕੋਈ ਹੈ ਹੀ ਨਹੀਂ।

***ਗੁਣੁ ਏਹੋ ਹੋਰੁ ਨਾਹੀ ਕੋਇ॥***
***ਨਾ ਕੋ ਹੋਆ ਨਾ ਕੋ ਹੋਇ॥ ਅੰਗ - 9***

ਵਾਹਿਗੁਰੂ ਦਾ ਗੁਣ ਇਹੋ ਹੈ ਕਿ ਉਸ ਤੋਂ ਸਿਵਾ ਜਗਤ ਵਿਚ ਹੋਰ ਕੋਈ ਹੈ ਨਹੀਂ। ਉਸ ਤੋਂ ਸਿਵਾ ਪਿਛੇ ਕਦੀ ਕੋਈ ਹੋਇਆ ਨਹੀਂ ਅਤੇ ਅੱਗੇ ਨੂੰ ਕਦੀ ਕੋਈ ਹੋ ਸਕਦਾ ਨਹੀਂ।

***ਤੁਝ ਬਿਨੁ ਦੂਜਾ ਕੋਈ ਨਾਹਿ॥ ਅੰਗ - 11***

ਤੇਰੇ ਤੋਂ ਬਗ਼ੈਰ ਦੂਜਾ ਹੈ ਹੀ ਨਹੀਂ।

***ਤਿਸ ਤੇ ਪਰੈ ਨਾਹੀ ਕਿਛੁ ਕੋਇ॥***
***ਸਰਬ ਨਿਰੰਤਰਿ ਏਕੋ ਸੋਇ॥ ਅੰਗ - 283***

ਵਾਹਿਗੁਰੂ ਤੋਂ ਪਰ੍ਹੇ ਹੋਰ ਕੁਛ ਹੈ ਹੀ ਨਹੀਂ। ਜਗਤ ਰਚਨਾ ਅੰਦਰ ਕੇਵਲ ਇਕ ਵਾਹਿਗੁਰੂ ਹੀ ਰਵਿਆ ਹੋਇਆ ਹੈ-

***ਸੋ ਅੰਤਰਿ ਸੋ ਬਾਹਰਿ ਅਨੰਤ॥***
***ਘਟਿ ਘਟਿ ਬਿਆਪਿ ਰਹਿਆ ਭਗਵੰਤ॥***
***ਅੰਗ - 293***

ਵਾਹਿਗੁਰੂ ਹਰ ਥਾਂ ਮੌਜੂਦ ਹੈ, ਸਭ ਚੀਜ਼ਾਂ ਦੇ ਅੰਦਰ ਵੀ ਵਾਹਿਗੁਰੂ ਹੈ ਅਤੇ ਬਾਹਰ ਵੀ ਵਾਹਿਗੁਰੂ ਹੈ। ਹਰ ਸਖਸ਼ ਦੇ ਦਿਲ ਵਿਚ ਵਾਹਿਗੁਰੂ ਵਿਆਪ ਰਿਹਾ ਹੈ।

***ਖੰਡ ਬ੍ਰਹਮੰਡ ਪਾਤਾਲ ਦੀਪ ਰਵਿਆ ਸਭ ਲੋਈ॥***
***ਅੰਗ - 1036***

ਵਾਹਿਗੁਰੂ ਖੰਡਾਂ, ਬ੍ਰਹਿਮੰਡਾਂ; ਪਾਤਾਲ ਆਦਿ ਵਿਚ ਸਭ ਜਗ੍ਹਾ ਰਵਿਆ ਹੋਇਆ (ਮੌਜੂਦ) ਹੈ।

ਗੁਰੂ ਗ੍ਰੰਥ ਸਾਹਿਬ ਜੀ ਵਿਚ ਜਿਥੇ ਵਾਹਿਗੁਰੂ ਨੂੰ ਜਗਤ ਰਚਨਾ ਦੇ ਅੰਦਰ ਬਾਹਰ ਜ਼ੱਰੇ ਜ਼ੱਰੇ ਵਿਚ ਰਵਿਆ ਦੱਸਿਆ ਹੈ ਉਥੇ ਇਹ ਵੀ ਲਿਖਿਆ ਹੈ ਕਿ ਵਾਹਿਗੁਰੂ ਬੜਾ ਸੁੰਦਰ, ਬੜਾ ਚੰਗਾ, ਬੜਾ ਕ੍ਰਿਪਾਲੂ, ਕ੍ਰਿਪਾ ਦੀ ਖਾਨ, ਸੁਖਾਂ ਦਾ ਸਾਗਰ, ਅਨੰਦ ਰੂਪ, ਅਮਰ, ਅਕਾਲ, ਨਿਰਭਉ, ਨਿਰਵੈਰ; ਸਰਬ ਸ਼ਕਤੀਮਾਨ, ਸਭ ਕਾਰਨਾਂ ਦਾ ਕਰਤਾ, ਬੇਮੁਥਾਜ, ਦੁਨੀਆਂ ਨੂੰ ਪਿਆਰ ਕਰਨਾ ਵਾਲਾ, ਪਾਲਨਾ ਕਰਨ ਵਾਲਾ, ਰਾਖਾ, ਸ਼ੁਭ ਗੁਣਾਂ ਦਾ ਖਜ਼ਾਨਾ, ਬਦਲਾ ਨਾ ਲੈਣ ਵਾਲਾ, ਔਗੁਣਾਂ ਨੂੰ ਚੇਤੇ ਨਾ ਰੱਖਣ ਵਾਲਾ, ਮਿੱਠਬੋਲੜਾ ਭਗਤ ਵਛਲ ਹੈ। ਗੁਰੂ ਗ੍ਰੰਥ ਜੀ ਵਿਚ ਇਹ ਵੀ ਲਿਖਿਆ ਹੈ ਕਿ ਵਾਹਿਗੁਰੂ ਆਪ ਬੜਾ ਚੰਗਾ ਹੈ ਅਤੇ ਉਹ ਕੰਮ ਵੀ ਅਤਿ ਚੰਗੇ ਕਰਦਾ ਹੈ, ਉਸ ਤੋਂ ਕਿਸੇ ਦਾ ਬੁਰਾ ਨਹੀਂ ਹੋ ਸਕਦਾ।

***ਪਾਰਬ੍ਰਹਮ ਪਰਮੇਸੁਰ ਗੋਬਿੰਦ॥***
***ਕ੍ਰਿਪਾ ਨਿਧਾਨ ਦਇਆਲ ਬਖਸੰਦ॥***
***ਅੰਗ - 284***

***ਅਨਦ ਰੂਪ ਮੰਗਲ ਸਦ ਜਾ ਕੈ॥***
***ਅੰਗ - 284***

***ਹਰਿ ਸਤਿ ਨਿਰੰਜਨ ਅਮਰੁ ਹੈ***
***ਨਿਰਭਉ ਨਿਰਵੈਰੁ ਨਿਰੰਕਾਰੁ॥ ਅੰਗ - 302***

***ਸਮਰਥ ਸਰਣਾ ਜੋਗੁ ਸੁਆਮੀ॥***
***ਕ੍ਰਿਪਾ ਨਿਧਿ ਸੁਖਦਾਤਾ॥ ਅੰਗ - 578***

***ਪ੍ਰਭ ਸਾਚੇ ਕੀ ਸਾਚੀ ਕਾਰ॥ ਅੰਗ - 665***

***ਆਪਿ ਭਲਾ ਕਰਤੂਤਿ ਅਤਿ ਨੀਕੀ॥***
***ਅੰਗ - 294***

***ਤੂ ਕਰਣ ਕਾਰਣ ਸਮਰਥੁ ਹੈ***
***ਤੂ ਕਰਹਿ ਸੁ ਥੀਆ॥ ਅੰਗ - 585***

***ਸੁੰਦਰ ਸਾਂਤਿ ਦਇਆਲ ਪ੍ਰਭ***
***ਸਰਬ ਸੁਖਾ ਨਿਧਿ ਪੀਉ॥***
***ਸੁਖ ਸਾਗਰ ਪ੍ਰਭ ਭੇਟੀਐ***
***ਨਾਨਕ ਸੁਖੀ ਹੋਤ ਇਹੁ ਜੀਉ॥***
***ਅੰਗ - 847***

***ਪੂਰਨ ਪੁਰਖੁ ਨਵਤਨੁ ਨਿਤ ਬਾਲਾ॥***
***ਹਰਿ ਅੰਤਰਿ ਬਾਹਰਿ ਸੰਗਿ ਰਖਵਾਲਾ॥***
***ਅੰਗ - 240***

***ਜੀਅ ਜੰਤ ਪ੍ਰਤਿਪਾਲਦਾ ਭਾਈ***
***ਨਿਤ ਨਿਤ ਕਰਦਾ ਸਾਰ॥ ਅੰਗ - 639***
***ਓਹੁ ਨਿਰਗੁਣੀਆਰੇ ਪਾਲਦਾ ਭਾਈ***
***ਦੇਇ ਨਿਥਾਵੇ ਥਾਉ॥ ਅੰਗ - 640***

*ਹਰਿ ਦਾਸਨ ਸਿਉ ਪ੍ਰੀਤਿ ਹੈ*
*ਹਰਿ ਦਾਸਨ ਕੋ ਮਿਤੁ॥ ਅੰਗ - 652*
*ਪ੍ਰਭ ਸਾਚੇ ਕੀ ਸਾਚੀ ਕਾਰ॥ ਅੰਗ - 665*
*ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ॥*
*ਹਉ ਸੰਮਲਿ ਥਕੀ ਜੀ*
*ਓਹੁ ਕਦੇ ਨ ਬੋਲੈ ਕਉਰਾ॥*
*ਕਉੜਾ ਬੋਲਿ ਨ ਜਾਨੈ ਪੂਰਨ ਭਗਵਾਨੈ॥*
*ਅਉਗਣੁ ਕੋ ਨ ਚਿਤਾਰੇ॥ ਅੰਗ - 784*

ਗੁਰੂ ਗ੍ਰੰਥ ਸਾਹਿਬ ਜੀ ਵਿਚ ਵਾਹਿਗੁਰੂ ਨੂੰ ਕੇਵਲ ਚੰਗਾ ਤੇ ਗੁਣਾਂ ਦੀ ਕਾਨ ਹੀ ਨਹੀਂ ਦੱਸਿਆ ਸਗੋਂ ਇਹ ਵੀ ਦੱਸਿਆ ਹੈ ਕਿ ਵਾਹਿਗੁਰੂ ਵਿਚ ਬਦੀ ਜਾਂ ਬੁਰਿਆਈ ਦਾ ਨਾਮ ਨਿਸ਼ਾਨ ਨਹੀਂ। ਗੁਰੂ ਗ੍ਰੰਥ ਜੀ ਅਨੁਸਾਰ ਵਾਹਿਗੁਰੂ ਵਿਚ ਮੌਤ ਨਹੀਂ, ਦੁਖ ਦਰਦ ਨਹੀਂ, ਪਾਪ ਸੰਤਾਪ ਨਹੀਂ। ਗੁਰੂ ਗ੍ਰੰਥ ਜੀ ਦਾ ਤਾਂ ਇਹ ਫੈਸਲਾ ਹੈ ਕਿ ਵਾਹਿਗੁਰੂ ਵਿਚ ਬਦੀ ਦਾ ਅਨਸਰ ਤਾਂ ਕੀ ਹੋਣਾ ਹੈ, ਵਾਹਿਗੁਰੂ ਦਾ ਨਾਮ ਲੈਣ ਵਾਲੇ ਵਿਚ ਵੀ ਬਦੀ ਦਾ ਤੁਖਮ ਨਹੀਂ ਰਹਿੰਦਾ।

*ਪ੍ਰਭ ਦੂਖ ਦਰਦ ਭ੍ਰਮ ਹਰਤਾ ਰਾਮ॥*
*ਅੰਗ - 578*

*ਤਿਸ ਕੀ ਸਰਨੀ ਪਰੁ ਮਨਾ*
*ਜਿਸੁ ਜੇਵਡੁ ਅਵਰੁ ਨ ਕੋਇ॥*
*ਜਿਸੁ ਸਿਮਰਤ ਸੁਖੁ ਹੋਇ ਘਣਾ॥*
*ਦੁਖੁ ਦਰਦੁ ਨ ਮੂਲੇ ਹੋਇ॥ ਅੰਗ - 44*

*ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ॥*
*ਅੰਗ - 819*

*ਜਾ ਕੈ ਹਰਿ ਵਸਿਆ ਮਨ ਮਾਹੀ॥*
*ਤਾ ਕਉ ਦੁਖੁ ਸੁਪਨੈ ਭੀ ਨਾਹੀ॥*
*ਅੰਗ - 193*

ਜੇਕਰ ਗੁਰੂ ਗ੍ਰੰਥ ਜੀ ਦੀ ਸਿਖਸ਼ਾ ਅਨੁਸਾਰ ਵਾਹਿਗੁਰੂ ਹੀ ਵਾਹਿਗੁਰੂ ਸਭ ਪਾਸੇ ਵਿਆਪਕ ਹੈ ਅਤੇ ਵਾਹਿਗੁਰੂ ਸਭ ਚੰਗਿਆਈਆਂ ਦੇ ਗੁਣਾਂ ਦੀ ਕਾਨ ਜਾਂ ਸਾਗਰ ਹੈ ਅਤੇ ਵਾਹਿਗੁਰੂ ਵਿਚ ਪਾਪ, ਦੁਖ, ਬਿਮਾਰੀ ਤੇ ਮੌਤ ਦਾ ਨਾਮ ਨਿਸ਼ਾਨ ਨਹੀਂ ਅਤੇ ਵਾਹਿਗੁਰੂ ਪਾਸੋਂ ਸਿਵਾਏ ਲੋਕ ਦੇ ਚੰਗੇ ਕੰਮ ਹੋਣ ਦੇ ਹੋਰ ਕੋਈ ਆਸ ਨਹੀਂ ਕੀਤੀ ਜਾ ਸਕਦੀ, ਤਾਂ ਫੇਰ ਬਦੀ ਜਾਂ ਪਾਪ, ਦੁਖ, ਬਿਮਾਰੀ, ਮੌਤ ਕਿਥੋਂ ਆਏ ਅਤੇ ਕੀ ਹਨ? ਆਓ, ਗੁਰੂ ਗ੍ਰੰਥ ਜੀ ਪਾਸੋਂ ਹੀ ਇਸ ਸਵਾਲ ਦਾ ਜਵਾਬ ਪੁਛੀਏ।

ਸ੍ਰੀ ਗੁਰੂ ਗ੍ਰੰਥ ਜੀ ਵਿਚ ਲਿਖਿਆ ਹੈ -

*ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥*
*ਅੰਗ - 135*

*ਤਿਨ ਜਮਕਾਲੁ ਨ ਵਿਆਪਈ*
*ਜਿਨ ਸਚੁ ਅੰਮ੍ਰਿਤੁ ਪੀਵੇ॥ ਅੰਗ - 83*
*ਸੋਈ ਮਲੀਨੁ ਦੀਨੁ ਹੀਨੁ॥*
*ਜਿਸੁ ਪ੍ਰਭੂ ਬਿਸਰਾਨਾ॥ ਅੰਗ - 813*
*ਦੂਖੁ ਤਦੇ ਜਦਿ ਵੀਸਰੈ*
*ਸੁਖੁ ਪ੍ਰਭ ਚਿਤਿ ਆਏ॥ ਅੰਗ - 813*

ਗੁਰੂ ਗ੍ਰੰਥ ਜੀ ਦੇ ਉਕਤ ਮਹਾਂਵਾਕਾਂ ਵਿਚ ਇਹ ਦੱਸਿਆ ਹੈ ਕਿ ਵਾਹਿਗੁਰੂ ਨੂੰ ਭੁੱਲਣ ਵਾਲੇ ਮਨ ਵਿਚ ਰੋਗ, ਦੁਖ, ਜਮ, ਮੌਤ ਆਦਿ ਚੀਜ਼ਾਂ ਵਿਆਪਦੀਆਂ ਹਨ। ਉਕਤ ਮਹਾਂਵਾਕਾਂ ਨੂੰ ਚੰਗੀ ਤਰ੍ਹਾਂ ਸਮਝਣ ਵਾਸਤੇ ਬੜਾ ਜ਼ਰੂਰੀ ਹੈ ਕਿ ਅਖਰ 'ਵਿਆਪਨ' ਦੇ ਅਰਥ ਸਮਝੇ ਜਾਣ। 'ਵਿਆਪਨ' ਦੇ ਅਰਥ ਹਨ ਲਗਣਾ, 'ਪ੍ਰਤੀਤ ਹੋਣਾ'। ਇਸ ਤੋਂ ਇਲਾਵਾ ਅਖਰ ਮਾਇਆ ਦੇ ਜਾਨਣੇ ਵੀ ਜ਼ਰੂਰੀ ਹਨ। 'ਮਾਇਆ' ਦੇ ਅਰਥ ਹਨ 'ਛਲ', 'ਧੋਖਾ', 'ਫਰੇਬ' ਭੁਲੇਵਾ। ਉਹ ਭੁਲਾਵਾ ਜੋ ਜਗਤ ਦੀ ਅਣਹੋਂਦ ਵਿਚ ਹੋਂਦ ਵਿਖਾ ਰਿਹਾ ਹੈ।

ਕਿਉਂਕਿ ਬਦੀ (evil) ਮਾਇਆ ਦੀ ਅੰਸ ਹੈ ਅਤੇ 'ਮਾਇਆ' ਖੁਦ ਹੈ ਨਹੀਂ, ਕੇਵਲ ਛਲ ਕਰਕੇ, ਧੋਖੇ ਵਿਚ ਪ੍ਰਤੀਤ ਹੁੰਦੀ ਹੈ, ਇਸ ਕਰਕੇ ਬਦੀ ਜਾਂ ਪਾਪ, ਦੁਖ, ਬਿਮਾਰੀ ਅਤੇ ਮੌਤ, ਵਾਸਤਵ ਵਿਚ ਕੋਈ ਸੱਤ ਚੀਜ਼ਾਂ ਨਹੀਂ। ਇਹ ਅਸਤਿ ਹੁੰਦੀਆਂ ਹੋਈਆਂ ਅਗਿਆਨੀ ਮਨ ਨੂੰ ਸਤਿ ਭਾਸਦੀਆਂ ਹਨ।

ਬਦੀ ਦੀ ਅਸਲੀਅਤ ਨੂੰ ਸਮਝਣ ਵਾਸਤੇ ਇਸ ਮਿਸਾਲ ਨੂੰ ਸਮਝਣਾ ਜ਼ਰੂਰੀ ਹੈ। ਬੱਚੇ ਨੂੰ ਅੰਧੇਰੇ ਵਿਚ 'ਹਊਆ' ਨਜ਼ਰ ਆਉਂਦਾ ਹੈ। ਸਿਆਣੇ ਨੂੰ ਉਸੇ ਅੰਧੇਰੇ ਵਿਚ 'ਹਊਆ' ਨਜ਼ਰ ਨਹੀਂ ਆਉਂਦਾ। ਜਿੰਨਾ ਚਿਰ ਬੱਚੇ ਨੂੰ ਸਮਝ ਨਾ ਆਵੇ ਉਹ ਅੰਧੇਰੇ ਤੋਂ ਪੈਦਾ ਹੋਏ ਹਊਏ ਨੂੰ ਸੱਚ ਸਮਝਦਾ, ਉਸ ਤੋਂ ਡਰਦਾ, ਡਰ ਕੇ ਚੀਕਾਂ ਮਾਰਦਾ ਤੇ ਕੰਬਦਾ ਹੈ। ਜਦ ਉਸੇ ਬੱਚੇ ਨੂੰ ਸਮਝ ਆ ਜਾਵੇ, ਉਸ ਨੂੰ ਅੰਧੇਰੇ ਵਿਚੋਂ 'ਹਊਆ' ਨਜ਼ਰ ਨਹੀਂ ਆਉਂਦਾ। ਸਿਆਣਾ ਹੋ ਕੇ ਬੱਚੇ ਨੂੰ ਪਤਾ ਲਗਦਾ ਹੈ ਕਿ ਅੰਧੇਰੇ ਵਿਚ 'ਹਊਆ' ਕਦੀ ਵੀ ਨਹੀਂ ਸੀ। ਉਸ ਦੀ ਬੇ-ਸਮਝੀ ਕਰਕੇ ਅੰਧੇਰੇ ਵਿਚ 'ਹਊਏ' ਦੀ ਸ਼ਕਲ ਉਸ ਨੂੰ ਵਿਆਪਦੀ ਸੀ, ਪ੍ਰਤੀਤ ਹੁੰਦੀ ਸੀ। ਅਸਲ ਵਿਚ 'ਹਊਆ' ਹੈ ਨਹੀਂ ਸੀ।

ਜਿਵੇਂ ਅੰਧੇਰੇ ਵਿਚ ਬੱਚੇ ਨੂੰ ਹਊਆ ਪ੍ਰਤੀਤ ਹੁੰਦਾ ਹੈ, ਉਸੇ ਤਰ੍ਹਾਂ ਅਗਿਆਨਤਾ ਦੇ ਅੰਧੇਰੇ ਵਿਚ ਜੀਵ ਨੂੰ ਪਾਪ, ਦੁਖ, ਬਿਮਾਰੀ ਤੇ ਮੌਤ ਪ੍ਰਤੀਤ ਹੁੰਦੇ ਹਨ। ਜਿਵੇਂ ਅੰਧੇਰੇ ਵਿਚ ਲੈਂਪ ਜਗਣ ਨਾਲ ਅੰਧੇਰਾ ਵੀ ਨਹੀਂ ਰਹਿੰਦਾ ਅਤੇ ਅੰਧੇਰੇ ਤੋਂ ਪੈਦਾ ਹੋਇਆ 'ਹਊਆ' ਵੀ ਨਹੀਂ ਰਹਿੰਦਾ, ਉਸੇ ਤਰ੍ਹਾਂ ਅਗਿਆਨਤਾ ਦੇ ਅੰਧਰੇ ਵਿਚ ਗੁਰੂ ਗ੍ਰੰਥ ਜੀ ਦੀ ਸਿਖਸ਼ਾ ਦੇ ਚਾਨਣ ਹੋਇਆਂ ਅਗਿਆਨਤਾ ਦਾ ਅੰਧੇਰਾ ਵੀ ਨਹੀਂ ਰਹਿੰਦਾ ਅਤੇ ਉਸ ਅੰਧੇਰੇ ਤੋਂ ਪੈਦਾ ਹੋਏ ਪਾਪ, ਬਿਮਾਰੀ, ਦੁਖ ਤੇ ਮੌਤ ਵੀ ਨਹੀਂ ਰਹਿੰਦੇ। ਗੁਰੂ ਗ੍ਰੰਥ ਜੀ ਵਿਚ ਗੁਰੂਆਂ, ਮਹਾਤਮਾ, ਭਗਤਾਂ ਦੀ ਆਤਮਕ ਖੋਜ ਦਾ ਸਿੱਟਾ ਇਹ ਹੈ ਕਿ ਇਸ ਦੁਨੀਆਂ ਵਿਚ ਹਕੀਕਤ ਦੀ ਅੱਖ ਨਾਲ ਦੇਖਿਆਂ ਕੇਵਲ ਵਾਹਿਗੁਰੂ ਹੀ ਵਾਹਿਗੁਰੂ ਹੈ ਅਤੇ ਵਾਹਿਗੁਰੂ ਤੋਂ ਸਿਵਾ ਹੋਰ ਕੋਈ ਚੀਜ਼ ਨਹੀਂ। ਏਥੇ ਇਹ ਦਸਣਾ ਦਿਲਚਸਪੀ ਤੋਂ ਖਾਲੀ ਨਹੀਂ ਹੋਵੇਗਾ ਕਿ ਮੁਸਲਮਾਨਾਂ ਦੀ ਪਵਿੱਤਰ ਕੁਰਾਨ ਮਜੀਦ ਵਿਚ ਹਜ਼ਰਤ ਮੁਹੰਮਦ ਸਾਹਿਬ ਦਾ ਸਭ ਤੋਂ ਪਹਿਲਾ ਲਿਖਿਆ ਆਤਮਕ ਤਜਰਬਾ ਵੀ ਇਹੋ ਹੈ ਕਿ

ਜਗਤ ਰਚਨਾ ਵਿਚ ਸਿਵਾਏ ਅੱਲਾਹ ਤਾਲਾ ਦੇ ਹੋਰ ਕੋਈ ਚੀਜ਼ ਹੈ ਹੀ ਨਹੀਂ। ਮੁਸਲਮਾਨਾਂ ਦੇ ਗੁਰਮੰਤ੍ਰ ਜਾਂ ਕਲਮੇ ਦੇ ਸਭ ਤੋਂ ਪਹਿਲੇ ਅੱਖਰ ਇਹ ਹਨ –

*ਲਾ ਇਲਾਹ ਬਿਲ ਇੱਲਾ*

ਭਾਵ ਵਾਹਿਗੁਰੂ ਜਾਂ ਅੱਲਾਹ ਤੋਂ ਸਿਵਾ ਹੋਰ ਕੁਝ ਹੈ ਹੀ ਨਹੀਂ। ਏਸੇ ਤਰ੍ਹਾਂ ਹਿੰਦੂਆਂ ਤੇ ਰਿਸ਼ੀ ਮੁਨੀਆਂ ਦੀ ਖੋਜ ਦਾ ਸਿੱਟਾ ਵੀ ਇਹੋ ਹੈ ਕਿ 'ਏਕੋ ਬ੍ਰਹਮ ਦੁਤੀਯ ਨਾਸਤਿ'। ਸਿਵਾਏ ਬ੍ਰਹਮ ਦੇ ਹੋਰ ਕੋਈ ਦੂਸਰੀ ਚੀਜ਼ ਹੈ ਨਹੀਂ।

ਜੇਕਰ ਸਭ ਧਰਮਾਂ ਦੀ ਆਤਮਕ ਖੋਜ ਦਾ ਸਿੱਟਾ ਇਹੋ ਹੈ ਕਿ ਜਗਤ ਵਾਹਿਗੁਰੂ ਤੋਂ ਪੈਦਾ ਹੋਣ ਕਰਕੇ ਵਾਹਿਗੁਰੂ ਰੂਪ ਹੈ ਅਤੇ ਵਾਹਿਗੁਰੂ ਰੂਪ ਹੋਣ ਕਰਕੇ ਇਸ ਵਿਚ ਕਿਸੇ ਐਸੀ ਚੀਜ਼ ਦੇ ਹੋਣ ਦੀ ਗੁੰਜਾਇਸ਼ ਨਹੀਂ ਜੋ ਵਾਹਿਗੁਰੂ ਤੋਂ ਉਲਟ ਹੋਵੇ ਤਾਂ ਫੇਰ ਪਾਪ, ਬਿਮਾਰੀ, ਦੁਖ ਤੇ ਮੌਤ ਦੀ ਅਸਲੀਅਤ ਦੇ ਸਿਵਾਏ ਇਸ ਦੇ ਹੋਰ ਕੁਝ ਹੋ ਨਹੀਂ ਸਕਦੀ ਕਿ ਇਹ ਚੀਜ਼ਾਂ ਹੈਨ ਤਾਂ ਨਹੀਂ ਪਰ ਜਿਸ ਮਨ ਵਿਚ ਵਾਹਿਗੁਰੂ ਦੀ ਯਾਦ ਨਹੀਂ, ਜਾਂ ਜਿਹੜਾ ਮਨ ਵਾਹਿਗੁਰੂ ਦੀ ਗੈਰਹਾਜ਼ਰੀ ਮਹਿਸੂਸ ਕਰਦਾ ਹੈ, ਉਥੇ, ਪਾਪ, ਬਿਮਾਰੀ, ਦੁਖ ਤੇ ਮੌਤ ਉਤਨੇ ਚਿਰ ਲਈ ਪੈਦਾ ਹੋ ਕੇ ਸਤਿ ਭਾਸਦੀਆਂ ਤੇ ਤਕਲੀਫ ਦੇਂਦੀਆਂ ਹਨ ਜਦ ਤਕ ਕਿ ਉਸ ਮਨ ਨੂੰ ਆਪਣੇ ਨਾਲ ਬਿਰਾਜਣ ਵਾਲੇ ਵਾਹਿਗੁਰੂ ਦਾ ਗਿਆਨ ਤੇ ਵਿਸ਼ਵਾਸ਼ ਨਾ ਹੋ ਜਾਵੇ।

***ਜਹ ਜਹ ਮਨ ਤੂੰ ਧਾਵਦਾ***
***ਤਹ ਤਹ ਹਰਿ ਤੇਰੈ ਨਾਲੇ॥ ਅੰਗ - 440***

ਗੁਰੂ ਗ੍ਰੰਥ ਜੀ ਦੀ ਸਿਖਸ਼ਾ ਨੂੰ ਗੁਰੂ ਮੰਨਣ ਵਾਲਾ ਸਿੱਖ ਇਸ ਸਿਖਸ਼ਾ ਨੂੰ ਸਤਿ ਮੰਨਦਾ ਹੋਇਆ ਪਾਪ, ਦੁਖ, ਬਿਮਾਰੀ, ਮੌਤ ਦੀ ਅਸਲੀਅਤ ਨੂੰ ਧੂੰਏਂ ਦੇ ਪਹਾੜ ਦੀ ਤਰ੍ਹਾਂ ਥੋਥਾ ਤੇ ਨਿਰਬਲ ਸਮਝਦਾ ਹੈ ਅਤੇ ਇਨ੍ਹਾਂ ਤੋਂ ਡਰਨ ਦੀ ਬਜਾਏ ਆਪਣੇ ਮਨ ਅੰਦਰ ਵਾਹਿਗੁਰੂ 'ਨਾਮ' ਦਾ ਨਿਵਾਸ ਕਰਕੇ ਇਨ੍ਹਾਂ ਲਈ ਆਪਣੇ ਉਤੇ ਹਮਲੇ ਕਰਨ ਦਾ ਮੌਕਾ ਹੀ ਨਹੀਂ ਛੱਡਦਾ। ਪਾਪ, ਦੁਖ, ਬਿਮਾਰੀ, ਮੌਤ ਨਾਮ ਵਿਹੂਣੇ ਜਾਂ ਨਾਮ ਤੋਂ ਸੱਖਣੇ ਮਨ ਉਤੇ ਆਪਣੇ ਹਮਲੇ ਕਰ ਸਕਦੇ ਹਨ ਪਰ ਜਿਸ ਮਨ ਵਿਚ 'ਨਾਮ' ਵਸ ਜਾਵੇ ਉਥੇ ਇਨ੍ਹਾਂ ਚੀਜ਼ਾਂ ਦੇ ਖਿਆਲ ਤਕ ਆਉਣ ਦੀ ਗੁੰਜਾਇਸ਼ ਨਹੀਂ ਰਹਿੰਦੀ। ਜਿਸ ਮਨ ਵਿਚ ਪਾਪ, ਬਿਮਾਰੀ, ਦੁਖ ਤੇ ਮੌਤ ਦਾ ਖਿਆਲ ਤਕ ਨਾ ਆਵੇ, ਉਸ ਮਨ ਵਿਚ ਇਨ੍ਹਾਂ ਨੂੰ ਆਪਣੇ ਬੀਜ ਬੀਜਣ ਦਾ ਹੀ ਮੌਕਾ ਨਹੀਂ ਮਿਲਦਾ। ਗੁਰੂ ਗ੍ਰੰਥ ਜੀ ਦੀ ਸਿਖਸ਼ਾ ਦਾ ਤਾਂ ਇਹ ਦਾਅਵਾ ਹੈ ਕਿ ਜਿਸ ਮਨ ਵਿਚ ਪਾਪ, ਬਿਮਾਰੀ, ਦੁਖ ਤੇ ਮੌਤ ਨੇ ਆਪਣਾ ਡੇਰਾ ਜਮਾਇਆ ਹੋਇਆ ਹੋਵੇ ਅਤੇ ਜਿਸ ਮਨ ਨੂੰ ਇਨ੍ਹਾਂ ਤੋਂ ਛੁਟਕਾਰਾ ਪਾਉਣ ਦੀ ਕੋਈ ਆਸ ਉਮੀਦ ਨਾ ਹੋਵੇ, ਉਸ ਮਨ ਵਿਚ ਜੇ ਵਾਹਿਗੁਰੂ ਦੇ ਨਾਮ ਦਾ ਨਿਵਾਸ ਹੋ ਜਾਵੇ ਤਾਂ ਇਹ ਸਭ ਦੁਸ਼ਟ ਉਸ ਮਨ ਨੂੰ ਹਮੇਸ਼ਾ ਲਈ ਛੱਡ ਜਾਂਦੇ ਹਨ।

*ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ॥*
*ਲਾਗੂ ਹੋਇ ਦੁਸਮਨਾ ਸਾਕ ਭਿ ਭਜਿ ਖਲੇ॥*
*ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ॥*
*ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ॥*

*ਅੰਗ - 70*


ਬੇਨਤੀ ਹੈ ਕਿ ਜੇ ਆਪ ਜੀ ਹੁਣ ਤੱਕ ਆਤਮ ਮਾਰਗ ਪਤ੍ਰਿਕਾ ਦੇ ਮੈਂਬਰ ਨਹੀਂ ਬਣੇ ਤਾਂ ਇਸ ਫਾਰਮ ਨੂੰ ਭਰ ਕੇ ਮੈਂਬਰਸ਼ਿਪ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰੋ ਜੀ। ਜੇ ਤੁਸੀਂ ਪਹਿਲਾਂ ਮੈਂਬਰ ਹੋ ਅਤੇ ਰਿਨਿਊਵਲ ਦਾ ਸਮਾਂ ਆ ਗਿਆ ਹੈ ਤਾਂ ਤੁਸੀਂ ਇਸ ਫਾਰਮ ਨੂੰ ਭਰ ਕੇ ਚੈਕ ਦੇ ਨਾਲ ਭੇਜੋ ਜੀ।

**ਆਤਮ ਮਾਰਗ**
Monthly Magazine **ਮਾਸਿਕ ਪਤ੍ਰਿਕਾ**

**SUBSCRIPTION (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 240/- | 2040/- | |

**SUBSCRIPTION ਵਿਦੇਸ਼**

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |

**MEMBERSHIP FORM** ☐ ਨਵੀਂ ਮੈਂਬਰਸ਼ਿਪ ☐ ਰਿਨੀਊਵਲ ☐ ਲਾਈਫ ਮੈਂਬਰਸ਼ਿਪ

Order from for back Issus

ਜਨਵਰੀ ☐
ਫਰਵਰੀ ☐
ਮਾਰਚ ☐
ਅਪ੍ਰੈਲ ☐
ਮਈ ☐
ਜੂਨ ☐
ਜੁਲਾਈ ☐
ਅਗਸਤ ☐
ਸਤੰਬਰ ☐
ਅਕਤੂਬਰ ☐
ਨਵੰਬਰ ☐
ਦਸੰਬਰ ☐

ਨਾਮ/Name ................................................

ਪਤਾ/Address ................................................

................................................

................................................

................................Pin Code.................................

Phone........................ E-mail :...................................

ਮੈਂ......................ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ........................ਮਿਤੀ........................ਰਾਹੀਂ ਭੇਜ ਰਿਹਾ ਹਾਂ।

ਦਸਖਤ..............................

**ATAM MARG MONTHLY MAGAZINE**
Gurdwara Ratwara Sahib, P.o. Mullanpur Garibdas, Distt. Ropar (Pb.) Pin - 140901
Phone : 0160-2255002,0160-2255009, Email : atammarg1@yahoo.co.in, www.ratwarasahib.org

## ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ** – 02, 09,16, 23, 30 ਅਪ੍ਰੈਲ।

**ਸੰਗਰਾਂਦ** – 14 ਅਪ੍ਰੈਲ, ਦਿਨ ਸ਼ੁਕਰਵਾਰ।

**ਪੂਰਨਮਾਸ਼ੀ** – 13 ਅਪ੍ਰੈਲ, ਦਿਨ ਵੀਰਵਾਰ।

(ਸਮਾਂ ਦੁਪਹਿਰ 12 ਵਜੇ ਤੋਂ ਸ਼ਾਮ 3.30 ਵਜੇ ਤੱਕ)

**ਅੰਮ੍ਰਿਤ ਸੰਚਾਰ** – ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 12.00 ਵਜੇ ਹੁੰਦਾ ਹੈ।

**ਨਿਰਮਲ ਡੇਰਾ ਹਿਰਦਾਪੁਰ ਖੇੜੀ** – ਮਹੀਨੇ ਦੇ ਆਖਰੀ ਸ਼ਨਿੱਚਰਵਾਰ 29 ਅਪ੍ਰੈਲ 2006, ਸਮਾਂ ਦਿਨ ਦੇ – 11.00 ਵਜੇ ਤੋਂ 1.00 ਵਜੇ ਤੱਕ ਦੀਵਾਨ ਸਜਦਾ ਹੈ।

## ਸੂਚਨਾ

ਸੰਤ ਮਹਾਰਾਜ 'ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ' ਮੈਮੋਰੀਅਲ ਹਸਪਤਾਲ ਰਤਵਾੜਾ ਸਾਹਿਬ ਦੀ ਕਾਰ ਸੇਵਾ ਚਲ ਰਹੀ ਹੈ। ਜਿਨ੍ਹਾਂ ਵੀ ਪ੍ਰੇਮੀਆਂ ਨੇ ਹਸਪਤਾਲ ਵਾਸਤੇ ਮਾਇਆ ਭੇਜਣੀ ਹੋਵੇ ਉਹ ਹਸਪਤਾਲ ਅਕਾਊਂਟ ਨੰਬਰ SB-18177 A/C ਵਿਚ ਚੈਕ, ਮਨੀਆਰਡਰ, ਡਰਾਫਟ ਆਦਿ ਰਾਹੀਂ ਮਾਇਆ ਭੇਜਣ ਦੀ ਕ੍ਰਿਪਾਲਤਾ ਕਰਨ –

**Postal Address**

**Vishav Gurmat Roohani Mission Charitable Trust, (Hospital A/c)**

**Gurdwara Ishar Parkash**

Ratwara Sahib
P.O. Mullanpur Garibdass
Teh. Kharar, Via : Chandigarh.
Distt. Ropar (Pb)-140901 (India)

## ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

ਦੇ ਬਾਨੀ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ

ਇਹ ਪੁਸਤਕਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੂੜ੍ਹ ਸਿਧਾਂਤਾਂ ਨੂੰ ਭਲੀਭਾਂਤ ਨਿਖਾਰ ਕੇ ਪੇਸ਼ ਕਰਦੀਆਂ ਹਨ। ਇਨ੍ਹਾਂ ਵਿਚ ਨਾਮ, ਸੇਵਾ ਤੇ ਸਿਮਰਨ ਦੀਆਂ ਜੁਗਤੀਆਂ ਨੂੰ ਜਨ ਸਾਧਾਰਣ ਦੀ ਬੋਲੀ ਵਿਚ ਅੰਕਿਤ ਕੀਤਾ ਗਿਆ ਹੈ ਜੋ ਹਰ ਗੁਰਸਿੱਖ ਜਗਿਆਸੂ ਲਈ ਅਮੋਲਕ ਖਜ਼ਾਨਾ ਹੈ। ਆਤਮਿਕ ਸੁੱਖ-ਸ਼ਾਂਤੀ ਲਈ ਇਨ੍ਹਾਂ ਨੂੰ ਪ੍ਰਾਪਤ ਕਰਕੇ ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ। ਜੋ ਕਿ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਉਪਲਬਧ ਹਨ।

| | | ਪੰਜਾਬੀ | ਹਿੰਦੀ |
|---|---|---|---|
| 1. | ਸੁਰਤਿ ਸਬਦਿ ਮਾਰਗ | 50/ | 70/- |
| 2. | ਕਿਵ ਕੂੜੈ ਤੁਟੈ ਪਾਲਿ | 40/- | 35/- |
| 3. | ਬਾਤ ਅਗੰਮ ਕੀ - ਸੱਤ ਭਾਗਾਂ ਵਿਚ | 155/- | 235/- |
| 4. | ਕਿਵ ਸਚਿਆਰਾ ਹੋਈਐ - ਭਾਗ ਪਹਿਲਾ | 30/- | 35/- |
| 5. | ਕਿਵ ਸਚਿਆਰਾ ਹੋਈਐ - ਭਾਗ ਦੂਜਾ | 60/- | 65/- |
| 6. | ਕਿਵ ਸਚਿਆਰਾ ਹੋਈਐ - ਭਾਗ ਤੀਜਾ | 100/- | 100/- |
| 7. | ਹੋਵੈ ਅਨੰਦੁ ਘਣਾ | 25/- | 30/- |
| 8. | ਚਉਥੈ ਪਹਰਿ ਸਬਾਹ ਕੈ | 55/- | 60/- |
| 9. | ਸੁਰਤਿਆਂ ਉਪਜੈ ਚਾਉ | 40/- | 40/- |
| 10. | ਬਾਬਾਣੀਆਂ ਕਹਾਣੀਆਂ | 50/- | 50/- |
| 11. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- |
| 12. | ਅੰਮ੍ਰਿਤ ਫੁਹਾਰ | 10/- | 10/- |
| 13. | ਅਗੰਮ ਅਗੋਚਰ ਦਾ ਮਾਰਗ | 60/- | 70/- |
| 14. | ਪੁਰਾਤਨ ਟੀਕਾ - ਜਪੁਜੀ ਸਾਹਿਬ | 10/- | 15/- |
| 15. | ਅਮਰ ਜੋਤਾਂ | 15/- | 15/- |
| 16. | ਗੁਰਮਤਿ ਪ੍ਰਚਾਰ ਦਾ ਸਰੋਤ-ਰਤਵਾੜਾ ਸਾਹਿਬ | 5/- | 5/- |
| 17. | ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ | | 70/- |
| 18. | ਅਮਰ ਗਾਥਾ | 100/- | 100/- |
| 19. | ਧਰਮ ਯੁਧ ਕੇ ਚਾਇ | 50/- | |
| 20. | ਪਵਿਤਰ ਪੈਂਡਾ | 25/- | |
| 21. | ਭਗਤ ਪ੍ਰਹਿਲਾਦ | 10/- | 10/- |
| 22. | ਵੈਸਾਖੀ | 10/- | |
| 23. | ਰਾਜ ਯੋਗ | 40/- | |
| 24. | ਸਾਜਨ ਚਲੇ ਪਿਆਰਿਆ | 10/- | 10/- |
| 25. | ਅਬਿਨਾਸੀ ਜੋਤ ਭਾਗ-1 | 90/- | |
| 26. | ਅਬਿਨਾਸੀ ਜੋਤ ਭਾਗ-2 | 90/- | |
| 27. | ਰੂਹਾਨੀ ਗੁਲਦਸਤਾ -1 | 60/- | |
| 28. | ਰੂਹਾਨੀ ਗੁਲਦਸਤਾ - 2 | 60/- | |
| 29. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |
| 30. | ਅੰਮ੍ਰਿਤ ਬਚਨ ਸਾਧ ਕੀ ਬਾਣੀ | 80/- | |
| 31. | ਗੁਰੂ ਅਮਰਦਾਸ ਪਰਸਿਐ | 50/- | |
| 32. | ਭਗਵਤ ਗੀਤਾ...............। | 100/- | |

| | English Version | Price |
|---|---|---|
| 1. | Baisakhi | Rs. 5/- |
| 2. | How Rend The Veil of Untruth | Rs. 70/- |
| C. | Discourses on the Beyond-1 | Rs 50/- |
| 4. | Discourses on the Beyond -2 | Rs. 50/- |
| 5. | Discourses on the Beyond -3 | Rs. 50/- |
| 6. | Discourses on the Beyond -4 | Rs. 60/- |
| 7. | Discourses on the Beyond -5 | Rs. 60/- |
| 8. | The way to the imperceptible | Rs. 80/- |
| 9. | The Lights Immortal | Rs. 20/- |
| 10. | Transcendental Bliss | Rs. 70/- |
| 11. | How to Know Thy Real Self-(Vol-1) | Rs. 80/- |
| 12. | How to Know Thy Real Self-(Vol-2) | Rs. 80/- |
| 13. | How to Know Thy Real Self-(Vol-3) | Rs. 110/- |
| 14. | The Dawn of Khalsa Ideals | Rs. 10/- |
| 15. | A Glimpse of His Holiness - Baba ji | Rs. 5/- |

RNI No.- 61816/95

CHD/0081/2006-08
Licenced topost without prepayment PP/CHD/0003/06-08

ਧੰਨ ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ 400 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਅਤੇ
ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਰਤਵਾੜਾ ਸਾਹਿਬ ਵਾਲਿਆਂ ਦੀ ਯਾਦ ਵਿਚ



# ਸ਼ਰਧਾਂਜਲੀ ਸੰਤ ਸੰਮੇਲਨ

**ਸਥਾਨ - ਅਨਾਜ ਮੰਡੀ ਬਹਿਰਾਮ ਵਿਖੇ ਮਿਤੀ - 1,2,3 ਅਪ੍ਰੈਲ 2006**

**ਸਮਾਂ - ਸ਼ਾਮ 7.00 ਤੋਂ ਰਾਤ 11.00 ਵਜੇ ਤੱਕ**

ਇਸ ਸਮਾਗਮ ਅੰਦਰ ਜਗਤ ਸੁ-ਪ੍ਰਸਿਧੀ ਵਾਲੇ ਸਬੁੱਧੀ ਜੀਵੀ ਸਾਧੂ, ਸੰਤ, ਜੋਗੀ ਜਨ ਮਹਾਨ ਪੁਰਸ਼ ਨਿਰਮ[illegible] ਉਦਾਸੀਨ ਸੰਪ੍ਰਦਾਇ ਮੰਡਲੀਆਂ ਸੰਗਤਾਂ ਨੂੰ ਦਰਸ਼ਨ ਦੇ ਕੇ ਅਤੇ ਆਪਣੇ ਕੀਰਤਨ ਪ੍ਰਵਚਨਾਂ ਦੁਆ[illegible]



ਨਿਹਾਲ ਕਰਨ ਆ ਰਹੇ ਹਨ। ਇਲਾਕਾ ਨਿਵਾਸੀ ਸਾਧ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਇਸ ਸਮਾਗਮ ਅੰਦਰ ਵੱਧ ਤੋਂ ਵੱਧ ਹਾਜਰੀਆਂ ਭਰ ਕੇ ਆਪਣੇ ਸਮੇਂ ਅਤੇ ਸਵਾਸਾਂ ਨੂੰ ਸਫਲੇ ਬਣਾਓ ਜੀ।



ਪ੍ਰਬੰਧਕ - [illegible]